# ਮਾਤਾ ਗੁਜਰੀ ਦਾ ਲਾਲ



ਧਾਰਮਿਕ ਕਵਿਤਾਵਾਂ ਤੇ
ਗੀਤਾਂ ਦਾ ਸੰਗ੍ਰਹਿ

ਚਰਨ ਸਿੰਘ 'ਸਫਰੀ'

© ਪ੍ਰਕਾਸ਼ਕ.

ISBN : 81-7601-634-9
ਪਹਿਲੀ ਐਡੀਸ਼ਨ : ਅਪ੍ਰੈਲ 2005
ਮੁੱਲ : 100-00

ਪ੍ਰਕਾਸ਼ਕ:-
**ਭਾ. ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ-ਫੈਕਸ : (0183) 2542346, 2547974, 2557973
E.Mail : csjs@.vsnl.com, csjsexports@vsnl.com
Web site: www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਦੋ ਸ਼ਬਦ

ਜਿਵੇਂ ਕੋਈ ਸੁਚੱਜਾ ਤੇ ਸਿਆਣਾ ਮਾਲੀ ਬਾਗ ਨੂੰ ਸੁੰਦਰ ਬਣਾਉਣ ਲਈ ਸੋਹਣੇ ਸੋਹਣੇ ਬੂਟੇ ਲਗਾਉਂਦਾ ਹੈ, ਤਾਂਕਿ ਬਾਗ ਦੀ ਸ਼ੋਭਾ ਵੱਧੇ। ਫੁੱਲਾਂ ਦੀ ਮਹਿਕ ਦੂਰ-ਦੂਰ ਤੱਕ ਜਾਵੇ, ਜੋ ਹਰਇਕ ਦੇ ਮਨ ਨੂੰ ਮੋਹਵੇ।

ਜੋ ਸੰਸਾਰ ਵਿਚ ਸਿੱਖੀ ਬਗੀਚਾ ਖਿੜਿਆ ਹੈ-ਕਾਵਿ-ਕਲਾ ਨਾਲ ਹੋਰ ਸ਼ਿੰਗਾਰਨ ਲਈ ਸ੍ਰ: ਚਰਨ ਸਿੰਘ "ਸਫਰੀ" ਨੇ "ਮਾਤਾ ਗੁਜਰੀ ਦਾ ਲਾਲ" ਗੀਤਾਂ ਦੀ ਕਿਤਾਬ ਲਿਖੀ ਹੈ। ਗੀਤਾਂ ਨੂੰ ਅਲੰਕਾਰਾਂ ਨਾਲ, ਅਨੁਪ੍ਰਾਸਾਂ ਨਾਲ, ਤਸ਼ਬੀਹਾਂ ਨਾਲ ਨਿਖਾਰਿਆ ਸਵਾਰਿਆ ਹੈ। ਤੋਲ ਤੁਕਾਂਤ, ਰਦੀਫ ਕਾਫੀਏ ਬੜੇ ਚੰਗੇ ਢੰਗ ਨਾਲ ਵਰਤੇ ਹਨ।

ਸਫਰੀ ਜੀ ਦੇ ਅੰਦਰ ਸਿੱਖੀ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਹੈ। ਸਿੱਖ ਇਤਿਹਾਸ ਇਹਨਾਂ ਦੇ ਹਿਰਦੇ ਵਿਚ ਵੱਸਦਾ ਹੈ। ਜਿੰਨੇ ਵੀ ਅੱਜ ਤੱਕ ਧਾਰਮਿਕ ਗੀਤ ਲਿਖੇ ਹਨ, ਉਹ ਆਪਣੀ ਮਿਸਾਲ ਆਪ ਹਨ। ਅੱਜ ਤੱਕ ਕਿਸੇ ਕਵੀ ਨੇ ਏਨੇ ਧਾਰਮਿਕ ਗੀਤ ਨਹੀਂ ਲਿਖੇ। ਮੈਂ ਗੀਤ ਪੜ੍ਹਕੇ ਇਹ ਅਨੁਭਵ ਕੀਤਾ ਹੈ, ਕਿ ਮੈਂ ਕਿਸ ਗੀਤ ਦੀ ਤਾਰੀਫ ਕਰਾਂ, ਕਿਉਂਕਿ ਹਰ ਇਕ ਗੀਤ ਵੱਧ ਤੋਂ ਵੱਧ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਲਗੀਧਰ ਪਾਤਸ਼ਾਹ ਨੇ ਆਪਣੇ ਕੋਲ 52 ਕਵੀ ਰਖੇ ਸਨ। ਕਲਗੀਧਰ ਪਾਤਸ਼ਾਹ ਆਪ ਜਿਥੇ ਤੇਗ ਦੇ ਧਨੀ ਸਨ, ਉਥੇ ਕਲਮ ਦੇ ਵੀ ਧਨੀ ਸਨ। ਬੜਾ ਕਵੀਆਂ ਨੂੰ ਸਿੱਖ-ਪੰਥ ਮਾਨ ਬਖਸ਼ ਰਿਹਾ ਹੈ। ਸਾਧ-ਸੰਗਤ ਮਾਨ ਬਖਸ਼ ਰਹੀ ਹੈ। ਕਲਗੀਧਰ ਦਾ ਸਜਾਇਆ ਹੋਇਆ ਖਾਲਸਾ ਪੰਥ ਮਾਣ ਬਖਸ਼ ਰਿਹਾ ਹੈ।

ਸਫਰੀ ਜੀ ਨੇ ਦੇਸ਼ਾਂ-ਪ੍ਰਦੇਸ਼ਾਂ ਵਿਚ ਨਾਨਕ ਨਾਮ ਦੇ ਝੰਡੇ ਝੁਲਾਏ ਨੇ। ਸੰਗਤਾਂ ਨੇ ਸਫਰੀ ਜੀ ਨੂੰ ਬੜਾ ਮਾਨ ਦਿੱਤਾ ਹੈ। ਹਰ ਸਟੇਜ ਦਾ ਸ਼ਿੰਗਾਰ ਬਣੇ ਹਨ। ਉਸਤਾਦਾਂ ਵਿਚ ਇਹਨਾਂ ਦਾ ਨਾਂ ਆਉਂਦਾ ਹੈ। ਸਫਰੀ ਜੀ ਦੇ ਸ਼ਗਿਰਦ ਸਟੇਜਾਂ ਤੇ ਬੋਲਕੇ ਨਾਮਣਾ ਖੱਟ ਰਹੇ ਹਨ।

ਕਵਿਤਾ ਨੌਂ ਰਸਾਂ ਵਿਚ ਲਿਖੀ ਜਾਂਦੀ ਹੈ, ਪਰ ਇਨ੍ਹਾਂ ਨੇ ਗੀਤਾਂ ਵਿਚ ਕਈ ਰਸ ਵਰਤੇ ਨੇ, ਜੋ ਗੀਤਾਂ ਦਾ ਸ਼ਿੰਗਾਰ ਬਣੇ ਨੇ।

"ਸਫਰੀ ਜੀ" ਜਾਣ ਪਹਿਚਾਣ ਦੇ ਮੁਥਾਜ ਨਹੀਂ। ਕਈ ਨਾਮਵਰ ਗੀਤਕਾਰਾਂ ਨੇ ਇਹਨਾਂ ਦੇ ਗੀਤ ਗਾ ਕੇ ਮਾਨ ਪ੍ਰਾਪਤ ਕੀਤਾ ਹੈ। ਕਈ ਗੀਤਕਾਰ ਮਾਨ ਪ੍ਰਾਪਤ ਕਰ ਰਹੇ ਹਨ। ਸਫਰੀ ਜੀ ਦਾ ਨਾਮ ਚਮਕਾ ਰਹੇ ਹਨ।

ਮੈਂ ਆਸ ਕਰਦਾ ਹੈ, ਕਿ "ਸਫਰੀ" ਜੀ ਆਪਣੇ ਜੀਵਨ ਦਾ ਸਫਰ ਮੁਕਾਉਂਦੇ ਹੋਏ ਹੋਰ ਵੀ ਗੀਤਾਂ ਦੀਆਂ ਤੇ ਕਵਿਤਾਵਾਂ ਦੀਆਂ ਕਿਤਾਬਾਂ ਲਿਖਕੇ-ਪੰਜਾਬੀ ਮਾਂ ਬੋਲੀ ਦਾ ਮਾਨ ਵਧਾਉਣਗੇ ਅਤੇ ਸਾਹਿਤ ਦਾ ਖਜ਼ਾਨਾ ਭਰਨਗੇ। ਦਸ਼ਮੇਸ਼ ਪਿਤਾ ਜੀ ਦੀ ਇਹਨਾਂ ਤੇ ਬੜੀ ਬਖਸ਼ਿਸ਼ ਹੈ।

ਪਾਠਕ ਜਨ "ਮਾਤਾ ਗੁਜਰੀ ਦਾ ਲਾਲ" ਗੀਤਾਂ ਦੀ ਕਿਤਾਬ ਪੜ੍ਹਕੇ ਅਨੰਦ ਮਾਨਣਗੇ। ਕਈ ਗੀਤ ਇਹਨਾਂ ਦੇ ਰੀਕਾਰਡ ਹੋਏ ਨੇ ਜੋ ਸਰੋਤੇ ਸੁਣਕੇ ਅੱਸ਼-ਅੱਸ਼ ਕਰ ਉਠਦੇ ਨੇ।

ਸਤਿਗੁਰ ਇਹਨਾਂ ਨੂੰ ਸਮਾਂ ਬਖਸ਼ੇ, ਸਿੱਖ-ਪੰਥ ਦੀ ਚੜ੍ਹਦੀ ਕਲਾ ਵਾਲੇ ਹੋਰ ਵੀ ਗੀਤ ਅਤੇ ਕਵਿਤਾਵਾਂ ਲਿਖਣ।

ਆਪ ਦਾ

ਬਲਵੰਤ ਸਿੰਘ 'ਤੇਗ'

# ਤਤਕਰਾ


| | |
|---|---|
| ਮਾਤਾ ਗੁਜਰੀ ਦਾ ਲਾਲ | 9 |
| ਪੰਜਾਂ ਗੁਰਾਂ ਨੇ ਪਹਾੜ ਵਿੱਚ ਲਾਇਆ | 11 |
| ਗੁਰੂ ਨਾਨਕ | 12 |
| ਰੱਬੀ ਰਬਾਬ ! | 14 |
| ਗੁਰੂ ਨਾਨਕ ਦੇ ਨਨਕਾਣੇ ਦਾ | 16 |
| ਨਾਨਕ ਦੀਆਂ ਗੁਝੀਆਂ ਰਮਜ਼ਾ ਨੂੰ | 18 |
| ਰਾਹੇ ਰਾਹੇ ਜਾਣ ਵਾਲਿਆ | 19 |
| ਤੇਰਾਂ ਤੇਰਾਂ ਬੋਲਦਾ | 21 |
| ਸਾਡੇ ਨੈਣਾਂ ਵਿਚ ਵੱਸੇ ਨਨਕਾਣਾ | 23 |
| ਪਿਤਾ ਨੇ ਚਪੇੜਾਂ ਮਰੀਆਂ | 25 |
| ਲੋਹ ਤੱਪਦੀ | 26 |
| ਪੰਚਮ ਪਿਤਾ | 27 |
| ਗੁਰੂ ਤੇਗ ਬਹਾਦਰ | 29 |
| ਮਤੀ ਦਾਸ | 31 |
| ਸਾਡੀ ਕੌਮ ਦਾ ਨਸੀਬ ਵਾਜਾਂ ਮਾਰਦਾ | 32 |
| ਮਾਤਾ ਗੁਜਰੀ ਨੂੰ ਮਿਲਣ ਵਧਾਈਆਂ | 34 |
| ਮੁਕਤੀ ਦੀ ਖੈਰ ਮੰਗਣੀ | 35 |
| ਕਲਗੀਧਰ ਦਾ ਲਿਸ਼ਕਾਰਾ | 36 |
| ਚੰਨ ਮਾਤਾ ਗੁਜਰੀ ਦੀ | 38 |
| ਤੇਰੇ ਅੰਮ੍ਰਿਤ ਦੀ ਇਕ ਬੂੰਦ ਕੋਈ | 40 |
| ਸਿੱਖੀ ਦਾ ਨਜ਼ਾਰਾ | 42 |
| ਮੋਈ ਹੋਈ ਹਿੰਦ 'ਚ ਦੋਬਾਰਾ ਜਾਨ.. | 44 |
| ਸ਼ਹੀਦ ਦਲੀਪ ਸਿੰਘ | 46 |
| ਕੇਸਰੀ ਨਿਸ਼ਾਨ | 48 |
| ਸਰਸਾ ਨਦੀ ਦੇ ਖੂਨੀ ਪਾਣੀਆ | 49 |
| ਦੋ ਬੜੀਆਂ ਕੀਮਤੀ ਜਿੰਦਾਂ | 51 |
| ਸੱਥਰਾਂ ਤੇ ਸੌਣ ਵਾਲਿਆ | 53 |
| ਸਾਹਿਬਜ਼ਾਦਿਆਂ ਦਾ ਉੱਤਰ | 54 |
| ਪੰਥ ਦੇ ਸ਼ਹੀਦਾਂ | 56 |
| ਸਰ ਪਰ ਪੁਜਣਾ ਪੰਥ ਨੇ ਆਖਿਰ ਨਨਕਾਣੇ | 58 |

| | |
|---|---|
| ਓ ਬਾਜਾਂ ਵਾਲਿਆ | 59 |
| ਪੰਥ ਪਿਆਰੇ ਦਾ | 61 |
| ਖੂਨੀ ਦੀਵਾਰ | 62 |
| ਨੀਲਾ ਪੌਣ ਦਾ ਸਵਾਰ | 64 |
| ਦਾਦੀ ਮਾਂ | 66 |
| ਜ਼ਾਲਮਾਂ ਨੂੰ ਪਈਆਂ ਦੰਦਲਾਂ | 68 |
| ਅਜੀਤ ਤੇ ਜੁਝਾਰ | 69 |
| ਅਜੀਤ ਵਾਜਾਂ ਮਾਰਦਾ | 71 |
| ਧੰਨ ਧੰਨ ਗੁਰੂ ਗੋਬਿੰਦ ਸਿੰਘ | 72 |
| ਸਾਕਾ ਸਰਹੰਦ | 74 |
| ਸੂਬੇ ਦਾ ਗੁੱਸਾ ਸਾਹਿਬਜ਼ਾਦਿਆਂ ਦੀ ਦਲੇਰੀ | 76 |
| ਸਾਹਿਬਜ਼ਾਦੇ ਕਚਹਿਰੀਓਂ ਵਾਪਸ ਪਰਤੇ... | 78 |
| ਸ਼ਹੀਦੀ | 79 |
| ਮੈਂ ਸੂਬਾ ਸਰਹੰਦ, ਤੁਸੀਂ ਨਿਕੜੇ ਬਾਲ | 81 |
| ਨੌਵੇਂ ਗੁਰੂ ਜਦ ਕਤਲਗਾਹ 'ਚ ਆਏ | 83 |
| ਗੁਜਰੀ ਨੂੰ ਆਖਦਾ | 84 |
| ਸੀਸ ਦੇ ਕੇ ਗੁਰਾਂ | 86 |
| 'ਦੇਸ਼ ਨਾਲ ਦਾਤਿਆ ਪਿਆਰ ਤੇਰਾ.. | 88 |
| ਕਤਲਗਾਹ 'ਚ ਮੈਂ ਸਿਰ ਕਦੋਂ ਦਾ.. | 89 |
| ਨਾਮ ਖੁਮਾਰੀ ਨਾਨਕਾ | 90 |
| ਸਾਕਾ ਚਮਕੌਰ | 92 |
| ਧੰਨ ਧੰਨ ਸਤਿਗੁਰ ਤੇਗ ਬਹਾਦਰ | 105 |
| ਪੁੰਨਿਆਂ ਦਾ ਚੰਨ ਚੜ੍ਹਿਆ | 107 |
| ਸਤਿਗੁਰ ਨਾਨਕ ਦਾ ਅਵਤਾਰ | 109 |
| ਦੀਦਾਰ ਸ੍ਰੀ ਗੁਰੂ ਨਾਨਕ ਦਾ | 111 |
| ਜੇ ਇਕ ਪਲ ਹੇ ਗੁਰੂ ਨਾਨਕ ਤੇਰਾ ਦੀਦਾਰ ਹੋ ਜਾਏ | 113 |
| ਤਾਰਿਆਂ ਤੋਂ ਪੁੱਛਦੀ ਫਿਰਾਂ | 115 |
| ਹੇ ਗੁਰੂ ਨਾਨਕ ਪਿਆਰੇ ਆ ਵੀ ਜਾਹ | 116 |
| ਸਾਡਾ ਰੱਬ ਤਲਵੰਡੀ ਵਿਚ ਆਇਆ | 117 |
| ਹੇ ਨਾਨਕ ਕਿਧਰੇ ਹੋ ਜਾਵੇ ਦੀਦਾਰ ਤੇਰੇ ਨਨਕਾਣੇ ਦਾ | 119 |
| ਬੋਲ ਸਤਿਨਾਮ ਬੋਲ ਵਾਹਿਗੁਰੂ | 121 |
| ਬੜਾ ਹੀ ਅਨੋਖਾ ਤੇਰਾ ਤੋਲ ਓ ਵਪਾਰੀਆ | 123 |
| ਲਹੂ ਦੀਆਂ ਬਾਤਾਂ | 124 |
| ਵਾਹ ਧੰਨ ਧੰਨ ਗੁਰੂ ਹਰਿਗੋਬਿੰਦ | 125 |

| | |
|---|---|
| ਪਟਨੇ ਸ਼ਹਿਰ ਚੋਂ ਉਠੀ ਰੋਸ਼ਨੀ | 126 |
| ਡਿੱਠਾ ਬਾਜ਼ਾਂ ਵਾਲਿਆ! ਇਸ਼ਾਰਾ ਤੇਰੀ.. | 128 |
| ਕਲਗੀਧਰ ਦਾ ਸਾਨੀ ਕੋਈ | 129 |
| ਉਪਕਾਰ ਗੁਰੂ ਗੋਬਿੰਦ ਸਿੰਘ ਦੇ | 130 |
| ਦੀਨ ਦੁਖੀ ਦੀ ਖਾਤਿਰ ਪੰਥ ਚਲਾਇਆ ਕਲਗੀਆਂ ਵਾਲੇ | 131 |
| ਸਰਸਾ ਨਦੀ | 132 |
| ਹਾਏ! ਮਾਸ ਬੰਦੇ ਦਾ ਜਮੂਰਾਂ ਨਾਲ.. | 133 |
| ਸੂਬਾ ਸਰਹੰਦ ਤੇ ਸਾਹਿਬਜ਼ਾਦਿਆਂ ਦੇ.. | 134 |
| ਹੇ ਕਾਲ ਕਲੋਟੀ ਰਾਤੜੀਏ | 136 |
| ਸਾਨੂੰ ਨੀਂਹਾਂ ਵਿਚ ਸੂਬਿਆਂ ਚਿਣਾ ਦੇ | 138 |
| ਮਾਤਾ ਸੁੰਦਰੀ ਨੇ ਸੀਸ ਅੱਗੇ ਗੁਰਾਂ ਦੇ ਨਿਵਾਇਆ | 139 |
| ਦਿਉ ਗੁਰਾਂ ਨੂੰ ਵਧਾਈ | 140 |
| ਜਦੋਂ ਲਹੂ ਦੀਆਂ ਬਾਤਾਂ ਬੀਰ ਖਾਲਸੇ ਨੇ ਪਾਈਆਂ | 141 |
| ਪੀ ਓ ਖਾਲਸਾ ਪੀ | 142 |
| ਗੁਰੂ ਘਰ ਦਾ ਪ੍ਰੇਮੀ ਜਿਹੜਾ ਗੁਰੂ ਘਰ.. | 143 |
| ਸਤਿ ਕਰਤਾਰ ਬੋਲੋ ਸਤਿ ਕਰਤਾਰ | 144 |
| ਰੰਘਰੇਟੇ ਗੁਰੂ ਕੇ ਬੇਟੇ | 145 |
| ਸਿੰਘ ਸਿਰ ਕਟਵਾਉਣੋਂ ਨਹੀਂ ਮੁੜਦੇ | 146 |
| ਨਾਮ ਜਪੋ | 147 |
| ਤੇਰੀ ਨੀਂਦ ਨੇ ਪੁਆੜਾ ਸਾਰਾ ਪਾਇਆ | 148 |
| ਸਾਕਾ ਨਨਕਾਣਾ ਸਾਹਿਬ | 149 |
| ਧੰਨ ਧੰਨ ਗੁਰੂ ਗੋਬਿੰਦ ਸਿੰਘ | 155 |
| ਤੇਗ ਦੀ ਧਾਰ ਉਤੇ ਨੱਚ ਓ ਖਾਲਸਾ! | 157 |
| ਲਾਲਾਂ ਨੂੰ ਦੀਵਾਰ ਪੁੱਛਦੀ | 158 |
| ਤੇਗ ਦਸਮੇਸ਼ ਦੀ ਦੁਹਾਈ ਓ ਦੁਹਾਈ!! | 160 |
| ਸਿੱਖੀ ਦਾ ਰਾਹ ਆਸਾਨ ਨਹੀਂ | 161 |
| ਦਾਦੀ ਸਾਹਿਬਜ਼ਾਦਿਆਂ ਨੂੰ ਤਾਕੀਦਾਂ ਕਰਦੀ | 163 |
| ਬੜਾ ਹੀ ਸੁਨੱਖਾ ਸਈਉ! | 164 |
| ਲਾਲੋ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ | 165 |
| ਸੁਣੋ ਨੰਨ੍ਹਿਓ ਮਾਸੂਮੋਂ | 167 |
| ਉੱਠ ਸੁਤਿਆ ਸ਼ੇਰਾ ਜਾਗ! | 169 |
| ਰੰਗ ਸੂਹਾ ਸੂਹਾ ਹੋਇਆ ਏ | 171 |
| ਮਰਦਾਨੇ ਦੀ ਪੁਕਾਰ | 173 |
| ਰਬਾਬ ਦੀਆਂ ਤਾਰਾਂ | 175 |

ਮਲਕ ਭਾਗੋ ਤੇ ਲਾਲੋ 177
ਹਜ਼ੂਰ ਸਾਹਿਬ 178
ਬੰਦਾ ਬਹਾਦਰ 179
ਇਕ ਨੂਰ ਖਿੰਡਾਇਆ ਨਾਨਕ ਨੇ 181
ਖਾਲਸਾ ਲੱਖ ਵਧਾਈ 183
ਲਾਲੋ ਤੇਰੇ ਆਂਗਣੇ 'ਚ ਪੈਰ ਕਿਹਨੇ ਪਾਏ 185
ਪਾਹੁਲ ਖੰਡੇਧਾਰ ਦੀ 186
ਮੈਂ ਮਤੀ ਦਾਸ ਹਾਂ 187
ਕੇਡੇ ਕੀਤੇ ਕੌਤਕ ਨਿਆਰੇ ਦਸਮੇਸ਼ ਨੇ 189
ਪਾਪੀ ਸੂਬੇ ਨੂੰ 190
ਸਦਕੇ ਜਾਂ 191
ਸ਼ਹੀਦੀ ਬਾਣਾ ਪਾ ਕੇ ਮਰੇ 193
ਅਸਾਂ ਦਾ ਕੌਡੀ ਮੁੱਲ ਨਾ ਪਿਆ 194
ਸਿਰਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ 196
ਐ ਦਸਵੇਂ ਗੁਰੂ 197
ਸੂਬਾ ਤੇ ਸਾਹਿਬਜ਼ਾਦੇ 198
ਭਾਗੋ ਤੇਰੇ ਹਲਵੇ ਵਿਚੋਂ 200
ਪ੍ਰਾਣਾਂ ਤੋਂ ਪਿਆਰਾ ਕਲਗੀਧਰ 202
ਓ ਮਹਾਂ ਸਿੰਘਾ ਤੇਰੇ ਸ਼ਾਬਾ! 204
ਅਸੀਂ ਪਿੰਜਰੇ 'ਚ ਹਾਥੀ ਤੇ ਸਵਾਰ ਹੋ ਕੇ 205
ਜਿੰਦ ਆਪਣੇ ਧਰਮ ਤੋਂ ਵਾਰੀ 206
ਗੁਰੂ ਤੇਗ ਬਹਾਦਰ ਸਿਰ ਦੇ ਕੇ 208
ਜ਼ਮਾਨਾ ਸਾਰਾ ਝੂਮਦਾ ਪਿਆ 210
ਰਬਾਬ ਦੀ ਤੂੰ ਤਾਰ ਨਾ ਸੁਣੀ 212
ਸੁੱਕਿਆਂ ਧਾਨਾਂ ਤੇ ਹਰਿਆਈ 214
ਗੁਰੂ ਨਾਨਕ ਦਾ ਭੇਤ ਸਾਥੋਂ ਪਾਇਆ ਨਾ 215
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ 216
ਤੇਰੇ ਦਰ ਤੇ ਆ ਕੇ ਬਹਿ ਗਏ ਹਾਂ 217
ਚਮਕੌਰ ਸ਼ਹਿਰ ਦੀਏ ਗੜ੍ਹੀਏ 219
ਵਗ ਰਹੀਆਂ ਨੇ ਗਰਮ ਹਵਾਵਾਂ 221
ਤਲੀ ਦੇ ਉਤੇ ਜਿੰਦ ਰੱਖ ਕੇ 223

# ਮਾਤਾ ਗੁਜਰੀ ਦਾ ਲਾਲ

ਮਾਤਾ ਗੁਜਰੀ ਦਾ ਲਾਲ
ਹੱਥ ਤੇਗ ਬੇ-ਮਿਸਾਲ।
ਆਇਆ ਹਿੰਦੂਆਂ ਦਾ ਹੇਤੂ,
ਆਇਆ ਜ਼ਾਲਮਾਂ ਦਾ ਕਾਲ।
ਜੋ ਬੋਲੇ ਸੋ ਨਿਹਾਲ!
ਬੋਲੋ ਸਤਿ ਸ੍ਰੀ ਅਕਾਲ!!

ਪਟਨੇ ਸ਼ਹਿਰ ਅਵਤਾਰ ਗੁਰਾਂ ਧਾਰਿਆ।
ਸਾਰੇ ਜੱਗ ਵਿਚ ਨੂਰ ਆਪਣਾ ਖਿਲਾਰਿਆ।
ਸੀਸ ਕਲਗੀ ਕਮਾਲ।
ਹੱਥ ਬਾਜ ਬੇ-ਮਿਸਾਲ।
ਸਾਰੇ ਚਾਲ-ਬਾਜ਼ ਮੋਏ,
ਨੀਲਾ ਚਲ ਗਿਆ ਚਾਲ।
ਜੋ ਬੋਲੇ ਸੋ ਨਿਹਾਲ........

ਖੰਡ ਖੰਡ ਕੀਤਾ ਜ਼ਾਲਮਾਂ ਦੀ ਸ਼ਮਸ਼ੀਰ ਨੂੰ।
ਰੱਤ ਪਾ ਕੇ ਜ਼ਾਲਮਾਂ ਦੀ ਸ਼ਮਸ਼ੀਰ ਨੂੰ।
ਜਿਹੜੇ ਬੜੇ ਸੀ ਬੇਹਾਲ।
ਲਾਏ ਕਾਲਜੇ ਦੇ ਨਾਲ।
ਗੁਰਾਂ ਤੇਗ ਨੂੰ ਬਣਾਇਆ,
ਉਹਨਾਂ ਦੁਖੀਆਂ ਦੀ ਢਾਲ।
ਜੋ ਬੋਲੇ ਸੋ ਨਿਹਾਲ........

ਦਿਲੀ ਚੌਂਕ ਚਾਨਣੀ 'ਚ ਲਹੂ ਕਿਹਦਾ ਚੋ ਗਿਆ।
ਤਿਲਕਾਂ ਦਾ ਰੰਗ ਵੇਖੋ ਕਿੰਨਾ ਸ਼ੋਖ ਹੋ ਗਿਆ।
ਪਹੁਲ ਖੰਡੇ ਦਾ ਪਿਆਲ।
ਦਿਤੇ ਮੁਰਦੇ ਜੁਆਲ।
ਇਕ ਇਕ ਨੂੰ ਲੜਾਇਆ,
ਉਹਨੇ ਲੱਖ ਲੱਖ ਨਾਲ।
ਜੋ ਬੋਲੇ ਸੋ ਨਿਹਾਲ........

ਪਿਤਾ ਦਸਮੇਸ਼ ਪੰਥ ਖਾਲਸੇ ਦੀ ਸ਼ਾਨ ਹੈ।
ਅੰਬਰਾਂ ਤੋਂ ਉੱਚਾ ਸਾਡਾ ਕੇਸਰੀ ਨਿਸ਼ਾਨ ਹੈ।
ਤੇਰੇ 'ਸਫਰੀ' ਖਿਆਲ।
ਗੁਰੂ ਸੰਗਤਾਂ ਦੇ ਨਾਲ।
ਗੁਰਾਂ ਧਰਮ ਦੇ ਉੱਤੋਂ,
ਚਾਰੇ ਵਾਰ ਦਿੱਤੇ ਲਾਲ।
ਜੋ ਬੋਲੇ ਸੋ ਨਿਹਾਲ........

ਰੀਕਾਰਡ– ਨਰਿੰਦਰ ਬੀਬਾ ਦੀ ਅਵਾਜ਼ ਐਚ.ਐਮ.ਵੀ.।

# ਪੰਜਾ ਗੁਰਾਂ ਨੇ ਪਹਾੜ ਵਿਚ ਲਾਇਆ

ਪੰਜਾਂ ਗੁਰਾਂ ਨੇ ਪਹਾੜ ਵਿਚ ਲਾਇਆ।
ਪੱਥਰਾਂ ਦਾ ਮੁੱਲ ਪੈ ਗਿਆ।
ਸਾਰੀ ਦੁਨੀਆਂ ਨੇ ਸੀਸ ਨਿਵਾਇਆ।
ਪੱਥਰਾਂ ਦਾ ਮੁੱਲ ਪੈ ਗਿਆ।
ਪਾਣੀ ਮਰਦਾਨੇ ਜਦੋਂ ਮੰਗਿਆ ਸੀ ਜਾ ਕੇ।
ਪਿਆ ਸੀ ਕੰਧਾਰੀ ਅੱਗੋਂ ਪੱਥਰ ਉਠਾ ਕੇ।
ਦਿਲ ਆਪਣੇ ਨੂੰ ਪੱਥਰ ਬਣਾਇਆ।
ਪੱਥਰਾਂ ਦਾ ਮੁੱਲ ਪੈ ਗਿਆ।
ਇਕ ਘੁੱਟ ਪਾਣੀ ਦਾ ਪਿਲਾਇਆ ਨਾ ਕੰਧਾਰੀ ਨੇ।
ਫਿੱਕੇ ਫਿੱਕੇ ਬੋਲ ਬੋਲੇ ਹੋਰ ਵੀ ਹੰਕਾਰੀ ਨੇ।
ਖਾਲੀ ਤੀਸਰੀ ਵਾਰੀ ਪਰਤਾਇਆ।
ਪੱਥਰਾਂ ਦਾ ਮੁੱਲ ਪੈ ਗਿਆ।
ਵਲੀ ਨੇ ਪਹਾੜ ਇਕ ਗੁੱਸੇ ਵਿਚ ਆ ਕੇ।
ਠੇਲਿਆ ਗੁਰਾਂ ਦੇ ਵੱਲ ਸਾਰਾ ਜ਼ੋਰ ਲਾ ਕੇ।
ਗੁਰਾਂ ਆਪਣੇ ਪੰਜੇ ਤੇ ਅਟਕਾਇਆ।
ਪੱਥਰਾਂ ਦਾ ਮੁੱਲ ਪੈ ਗਿਆ।
ਓਥੇ ਦਿਆਂ ਪੱਥਰਾਂ ਨੂੰ ਸਾਰਾ ਜੱਗ ਪੂਜਦਾ।
ਪੰਜਾ ਸਾਹਿਬ ਜਾਪਦਾ ਏ ਚੰਨ ਸਾਨੂੰ ਦੂਜ ਦਾ।
ਤਾਹੀਓਂ 'ਸਫਰੀ' ਨੇ ਸੀਸ ਨਵਾਇਆ।
ਪੱਥਰਾਂ ਦਾ ਮੁੱਲ ਪੈ ਗਿਆ।

ਰੀਕਾਰਡ- ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ ਵਿਚ।

# ਗੁਰੂ ਨਾਨਕ

ਗੁਰੂ ਨਾਨਕ ਦੇ ਨਾਲ ਤੇਰਾ,
ਹੈਗਾ ਜੇ ਪਿਆਰ।
ਬੋਲ ਸਤਿ ਕਰਤਾਰ,
ਬੋਲ ਸਤਿ ਕਰਤਾਰ।
ਦਿਲਾ ਛੱਡ ਦੇ ਤੂੰ ਹੋਰ,
ਝੂਠੇ ਜੱਗ ਦੇ ਟਿਕਾਣੇ।
ਤੈਨੂੰ ਆਸਰਾ ਮਿਲੇਗਾ,
ਜਾ ਕੇ ਸ਼ਹਿਰ ਨਨਕਾਣੇ।
ਤੇਰੇ ਨੈਣਾਂ ਵਿਚ ਰਹੇ,
ਸਤਿਨਾਮ ਦਾ ਖ਼ੁਮਾਰ।
ਬੋਲ ਸਤਿ ਕਰਤਾਰ....
ਉਹਦੇ ਪੰਜਾ ਸਾਹਿਬ ਜਾ ਕੇ,
ਪੰਜ ਬਾਣੀਆਂ ਉਚਾਰ।
ਪੰਜ ਪਹਿਣ ਲੈ ਕੱਕਾਰ,
ਪੰਜਾਂ ਦੂਤੀਆਂ ਨੂੰ ਮਾਰ।
ਤੇਰੇ ਪੰਜੇ ਵਿਚ ਆਊ,
ਬੀਬਾ ਸਾਰਾ ਸੰਸਾਰ।
ਬੋਲ ਸਤਿ ਕਰਤਾਰ....
ਲਾਲੋ ਸੱਚ ਦੇ ਵਪਾਰੀ,
ਭਾਗੋ ਖੁਦੀ ਵਿਚ ਮੋਏ।
ਲਹੂ ਪੂੜੀਆਂ 'ਚੋਂ ਵੱਗੇ,
ਦੁੱਧ ਕੋਧਰੇ 'ਚੋਂ ਚੋਏ।

ਗੁਰਾਂ ਸੱਚ ਝੂਠ ਦਿੱਤਾ,
ਅੱਖਾਂ ਸਾਹਮਣੇ ਨਤਾਰ।
ਬੋਲ ਸਤਿ ਕਰਤਾਰ....
ਉਹਦੇ ਦਰ ਉਤੇ,
ਹਿੰਦੂ ਸਿੱਖ ਮੋਮਨ ਈਸਾਈ।
ਸਾਰੇ ਰੱਬ ਦੇ ਨੇ ਜਾਏ,
ਆਪੋ ਵਿਚ ਭਾਈ ਭਾਈ।
ਉਹਦਾ ਸਾਰਿਆਂ ਦੇ ਨਾਲ,
ਇਕੋ ਜਿਹਾ ਪਿਆਰ।
ਬੋਲ ਸਤਿ ਕਰਤਾਰ....
ਉਹਦਾ 'ਸਫਰੀ' ਸੁਣੀਦਾ,
ਇਥੋਂ ਦੂਰ ਨਨਕਾਣਾ।
ਅਸਾਂ ਕੀਤਾ ਹੈ ਖਿਆਲ,
ਵੀ ਜ਼ਰੂਰ ਓਥੇ ਜਾਣਾ।
ਅਸੀਂ ਜਿੰਦੜੀ ਦਿਆਂਗੇ,
ਉਹਦੇ ਰਾਹਾਂ ਉਤੋਂ ਵਾਰ।
ਬੋਲ ਸਤਿ ਕਰਤਾਰ....

ਇਹ ਗੀਤ ਅਜੀਤ ਪ੍ਰਦੇਸੀ ਦੀ ਅਵਾਜ਼ ਵਿਚ ਰੀਕਾਰਡ ਹੈ

# ਰੱਬੀ ਰਬਾਬ !

ਕੀ ਕਹਿੰਦੀ ਏ ਰੱਬੀ ਰਬਾਬ !
ਕੀ ਕਹਿੰਦੀ ਏ ਰੱਬੀ ਰਬਾਬ !
ਰੱਬ ਤੋਂ ਮੁਨਕਰ ਹੋਇਓਂ ਬੰਦਿਆ !
ਦੇਣਾ ਪੈਂਦਾ ਕੁਲ ਹਿਸਾਬ।
ਕੀ ਕਹਿੰਦੀ ਏ .......

ਹਰੀ ਨਾਮ ਦਾ ਛੱਡ ਸੁਹਾਰਾ।
ਮਨ ਨੂੰ ਕੀਤਾ ਆਪ ਮੁਹਾਰਾ।
ਕੌਡੇ ਰਾਕਸ਼ ਵਾਂਗੂੰ ਬੰਦਿਆ !
ਨਾ ਕਰ ਆਪਣੀ ਜੂਨ ਖਰਾਬ।
ਕੀ ਕਹਿੰਦੀ ਏ .......

ਹੱਕ ਬੇਗਾਨਾ ਰੱਜ ਰੱਜ ਖਾਨੈਂ।
ਰਸਤਾ ਛੱਡ ਕੁਰਸੱਤੇ ਜਾਨੈਂ।
ਧਰਮ ਰਾਏ ਜਦ ਲੇਖਾ ਮੰਗਿਆ,
ਕੀ ਦਵੇਂਗਾ ਫੇਰ ਜਵਾਬ।
ਕੀ ਕਹਿੰਦੀ ਏ .......

ਬਦਲ ਦਿੱਤਾ ਪਾਪਾਂ ਨੇ ਪਾਸਾ।
ਸਤਲੁਜ ਸੜਿਆ ਨਾਲ ਬਿਆਸਾ।
ਜਿਹਲਮ ਰਾਵੀ ਛੱਮ ਛੱਮ ਰੂੰਨੇ,
ਲਹੂਆਂ ਦੇ ਘੁੱਟ ਬਣੀ ਚਨਾਬ।
ਕੀ ਕਹਿੰਦੀ ਏ .......

ਪੜ੍ਹੀ ਜਿਨ੍ਹਾਂ ਨੇ ਗੁਰੂ ਕੀ ਬਾਣੀ।
ਜਿੰਦ ਉਨ੍ਹਾਂ ਨੇ ਗੁਰੂ ਕੀ ਜਾਣੀ।
'ਸਫ਼ਰੀ' ਬਲਦੀਆਂ ਲਾਟਾਂ ਉਤੇ,
ਭੁੱਜ ਮੋਏ ਕਈ ਫੁੱਲ ਗੁਲਾਬ।
ਕੀ ਕਹਿੰਦੀ ਏ .......

ਰੀਕਾਰਡ– ਨਰਿੰਦਰ ਬੀਬਾ ਦੀ ਅਵਾਜ਼ 'ਚ

## ਗੁਰੂ ਨਾਨਕ ਦੇ ਨਨਕਾਣੇ ਦਾ

ਚਿਰ ਹੋਇਆ ਦਰਸ਼ਨ ਪਾਇਆਂ ਨੂੰ,
ਗੁਰੂ ਨਾਨਕ ਦੇ ਨਨਕਾਣੇ ਦਾ।
ਖੁਦਗਰਜ਼ਾ ਚੇਤਾ ਵਿਸਰ ਗਿਆ,
ਤੈਨੂੰ ਆਪਣੇ ਅਸਲ ਟਿਕਾਣੇ ਦਾ।

ਇਕ ਢੇਰੀ ਢੱਠੇ ਵਿਚ ਰਾਖ ਦੀ ਏ।
ਪਈ ਨਾਨਕ ਨਾਨਕ ਆਖਦੀ ਏ।
ਜਿਸ ਸਾਡੀ ਖਾਤਿਰ ਦੁੱਖ ਝੱਲਿਆ,
ਦੁੱਖ ਪੁੱਛੀਏ ਦਰਦ ਰੰਞਾਣੇ ਦਾ।
ਖੁਦਗਰਜ਼ਾ ਚੇਤਾ ਵਿਸਰ ਗਿਆ...

ਇਕ ਲਛਮਣ ਸਿੰਘ ਲਾਸਾਨੀ ਏ।
ਉਹਦੀ ਬਹੁਤ ਵੱਡੀ ਕੁਰਬਾਨੀ ਏ।
ਜਦ ਜੰਡ ਨਾਲ ਬੰਨ੍ਹ ਕੇ ਅੱਗ ਲਾਈ,
ਦਿਲ ਫੱਟ ਨਾ ਗਿਆ ਜਰਵਾਣੇ ਦਾ।
ਚਿਰ ਹੋਇਆ ਦਰਸ਼ਨ....

ਅਸੀਂ ਅਜੇ ਵੀ ਤੇਗਾਂ ਵਾਹੀਆਂ ਨੇ।
ਲਾਸ਼ਾਂ ਦੀਆਂ ਸਫਾਂ ਵਛਾਈਆਂ ਨੇ।
ਕੀ ਫੈਦਾ ਜੰਗਾਂ ਜਿੱਤੀਆਂ ਦਾ,
ਜਦ ਹੁਕਮ ਨਹੀਂ ਉਥੇ ਜਾਣੇ ਦਾ।
ਖੁਦਗਰਜ਼ਾ ਚੇਤਾ ਵਿਸਰ ਗਿਆ...

ਅਸੀਂ ਦਰਸ ਪੰਜੇ ਦਾ ਕਰਨਾ ਏਂ।
ਅਸੀਂ ਡੇਹਰਾ ਸਾਹਿਬ ਜਾ ਮਰਨਾ ਏਂ।
ਸਾਡੇ 'ਸੁਫਰੀ' ਆਗੂ ਨਹੀਂ ਮੰਨਦੇ,
ਕੀ ਫੈਦਾ ਜ਼ੋਰ ਲਗਾਣੇ ਦਾ।
ਚਿਰ ਹੋਇਆ ਦਰਸ਼ਨ......

## ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ

ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ,
ਬੇ-ਸਮਝ ਜ਼ਮਾਨਾ ਕੀ ਜਾਣੇ।
ਜਿਨ ਸਭ ਜੱਗ ਆਪਣਾ ਸਮਝ ਲਿਆ,
ਆਪਣੇ ਤੇ ਬਗਾਨਾ ਕੀ ਜਾਣੇ।
ਇਕ ਇਸ਼ਕ ਲੱਗਾ ਨਨਕਾਣੇ ਦਾ।
ਜਾਂ ਤੜਪ ਤੜਪ ਮਰ ਜਾਣੇ ਦਾ।
ਜਿਸ ਅੱਗ ਵਿਚ ਲਛਮਣ ਸਿੰਘ ਸੜਿਆ,
ਉਹ ਅੱਗ ਪਰਵਾਨਾ ਕੀ ਜਾਣੇ।
ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ....
ਕਿਉਂ ਰੱਤ ਹਲਵੇ 'ਚੋਂ ਵੱਗਦੀ ਸੀ।
ਕਿਉਂ ਮੱਕੀ ਸੁਆਦੀ ਲੱਗਦੀ ਸੀ।
ਜਿਸ ਸਿਦਕ 'ਚ ਲਾਲੋ ਤਰਦਾ ਏ,
ਦੌਲਤ ਦਾ ਦੀਵਾਨਾ ਕੀ ਜਾਣੇ।
ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ...
ਰਹਿਮਤ ਦਾ ਇਸ਼ਾਰਾ ਹੋਇਆ ਸੀ।
ਕੌੜਾ ਅੱਕ ਵੀ ਸ਼ਹਿਦ ਬਣ ਚੋਇਆ ਸੀ।
ਉਹਦੀ ਨਜ਼ਰ ਨਿਸ਼ਾਨੇ ਕਰ ਗਈ ਜੋ,
ਕੋਈ ਤੀਰ ਨਿਸ਼ਾਨਾ ਕੀ ਜਾਣੇ।
ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ...
'ਸਫਰੀ' ਸਭ ਝਗੜਾ ਅੰਦਰ ਦਾ।
ਨਾ ਮਸਜਦ ਦਾ ਨਾ ਮੰਦਰ ਦਾ।
ਜਿਨ ਭੇਦ ਇਲਾਹੀ ਸਮਝ ਲਿਆ,
ਕਾਅਬਾ ਬੁੱਤਖਾਨਾ ਕੀ ਜਾਣੇ।
ਨਾਨਕ ਦੀਆਂ ਗੁਝੀਆਂ ਰਮਜ਼ਾਂ ਨੂੰ...

# ਰਾਹੇ ਰਾਹੇ ਜਾਣ ਵਾਲਿਆ

ਰਾਹੇ ਰਾਹੇ ਜਾਣ ਵਲਿਆ,
ਵੀਰਾ ਤੂੰ ਦੱਸ ਜਾ ਕਿਦ੍ਹੇ ਵੱਲ ਜਾਣਾ।
ਜੱਗ ਦੇ ਹਨੇਰ ਵਿਚ ਹੈ,
ਉਹਦਾ ਚੰਨ ਵਰਗਾ ਨਨਕਾਣਾ।

ਭੁੱਖਿਆਂ ਦੀ ਸੇਵਾ ਤੋਂ ਬਿਨਾਂ,
ਸੌਦਾ ਲੱਭਾ ਨਾ ਬਥੇਰਾ ਜੱਗ ਘੁੰਮਿਆ।
ਜੋਗੀਆਂ ਨੂੰ ਵਿਸ ਚੜ੍ਹ ਗਈ,
ਜ਼ਹਿਰੀ ਸੱਪ ਨੇ ਮਾਹੀ ਨਾ ਮੁੱਖ ਚੁੰਮਿਆ।
ਧਾਨਾਂ ਵਿਚ ਧਨ ਸੁੱਟਦਾ,
ਉਹਦੇ ਲੰਘਿਆ ਮੱਝਾਂ ਦਾ ਢਾਣਾ।
ਰਾਹੇ ਰਾਹੇ ਜਾਣ ਵਲਿਆ...
ਲਾਲੋ ਦੀ ਕਮਾਈ ਹੱਕ ਦੀ,
ਰੋਟੀ ਕੋਧਰੇ ਦੀ ਰਜ ਰਜ ਖਾਧੀ।
ਪੂੜੀਆਂ ਚੋਂ ਲਹੂ ਸਿੰਮਿਆ,
ਭਾਗੋ ਮਲਕ ਬੜਾ ਅਪਰਾਧੀ।
ਸਤਿਗੁਰੂ ਇੰਝ ਆਖਿਆ,
ਤੇਰਾ ਅੰਨ ਨਹੀਂ ਬੇ-ਦਰਦਾ ਖਾਣਾ।
ਰਾਹੇ ਰਾਹੇ ਜਾਣ ਵਲਿਆ...

ਮਿਹਰਾਂ ਦੇ ਸਾਈਂ ਦਾ,
ਜਿਸ ਵਲ ਵੀ ਇਸ਼ਾਰਾ ਹੋਇਆ।

ਰੀਠਿਆਂ 'ਚ ਗੁੜ ਜੰਮਿਆ,
ਕੌੜੇ ਅੱਕਾਂ ਦਾ ਸ਼ਹਿਦ ਬਣ ਚੋਇਆ।
ਮੱਕੇ ਵਿਚ ਮੈਂ ਲੱਗਦੀ,
ਕਦੇ ਕਾਂਸ਼ੀ ਵਿਚ ਬੋਲ ਪਛਾਣਾ।
ਰਾਹੇ ਰਾਹੇ ਜਾਣ ਵਲਿਆ...
ਸਤਿਗੁਰੂ ਨਾਨਕ ਦਾ,
ਸੱਚਾ ਇਸ਼ਕ ਜਿਨ੍ਹਾਂ ਨੇ ਲਾਇਆ।
ਹਿੱਕ ਡਾਹ ਕੇ ਉਹਨਾਂ 'ਸਫਰੀ',
ਖ਼ੂਨੀ ਰੇਲ ਦਾ ਇੰਜਣ ਅਟਕਾਇਆ।
ਭੱਠ ਵਿਚ ਕੋਈ ਭੁੱਜਦਾ,
ਮਿੱਠਾ ਲੱਗਦਾ ਗੁਰਾਂ ਦਾ ਭਾਣਾ।
ਰਾਹੇ ਰਾਹੇ ਜਾਣ ਵਲਿਆ...

ਰੀਕਾਰਡ- ਊਸ਼ਾ ਰਾਣੀ ਰੇਡੀਓ ਆਰਟਿਸਟ ਦੀ ਆਵਾਜ਼ ਵਿਚ

# ਤੇਰਾਂ ਤੇਰਾਂ ਬੋਲਦਾ

ਗੁਰੂ ਨਾਨਕ ਸਭ ਦਾ ਪਿਆਰਾ,
ਪਿਆ ਤੇਰਾਂ ਤੇਰਾਂ ਬੋਲਦਾ।
ਹੱਥ ਧਰਮ ਤਰਾਜ਼ੂ ਫੜ ਕੇ,
ਧਰਤੀ ਦੀਆਂ ਪੀੜਾਂ ਤੋਲਦਾ।

ਉਹਦੇ ਹੱਥ ਵਿਚ ਸੌਦਾ ਤੁਲਦਾ ਸੱਚਾਈ ਦਾ,
ਅੱਗੇ ਜਾ ਕੇ ਹੋਣਾ ਏਂ ਹਿਸਾਬ ਪਾਈ ਪਾਈ ਦਾ।
ਇੱਕੋ ਹੀ ਸ਼ਬਦ ਉਹਦੇ ਸੀਨੇ ਵਿਚ ਵੱਸਦਾ ਏ,
ਕੂੜ ਕਿਤਾਬ ਨਹੀਂ ਫੋਲਦਾ।
ਗੁਰੂ ਨਾਨਕ ਸਭ ਦਾ ਪਿਆਰਾ...

ਉਹਦੇ ਨੈਣਾਂ ਵਿਚ ਸਤਿਨਾਮ ਦੀ ਖ਼ੁਮਾਰੀ ਏ।
ਅੰਬਰਾਂ ਦਾ ਚੰਦ ਉਹਦੇ ਰੂਪ ਦਾ ਪੁਜਾਰੀ ਏ।
ਕਾਂਸ਼ੀ ਦਿਆਂ ਮੰਦਰਾਂ 'ਚ ਕੋਈ ਉਹਨੂੰ ਲੱਭਦਾ ਏ,
ਕੋਈ ਉਹਨੂੰ ਮੱਕੇ ਵਿਚ ਟੋਲਦਾ।
ਗੁਰੂ ਨਾਨਕ ਸਭ ਦਾ ਪਿਆਰਾ...

ਬੀਬੀ ਨਾਨਕੀ ਨੂੰ ਆਖੇ ਰੋ ਕੇ ਸੁਲੱਖਣੀ।
ਪੈ ਗਈ ਵਿਛੋੜਿਆਂ ਦੀ ਅੱਗ ਸਾਨੂੰ ਚੱਖਣੀ।
ਕੋਹੜੀਆਂ ਨੂੰ ਭਾਗ ਲਾਏ ਵੀਰ ਤੇਰੇ,
ਸਾਡੀ ਜਿੰਦ ਕਾਹਨੂੰ ਦੁੱਖਾਂ ਵਿਚ ਰੋਲਦਾ।
ਗੁਰੂ ਨਾਨਕ ਸਭ ਦਾ ਪਿਆਰਾ...

'ਸਫਰੀ' ਸਰੂਪ ਉਹਦਾ ਵੱਖਰਾ ਜਲਾਲ ਹੈ।
ਲੱਭਦੀ ਮਿਸਾਲ ਨਾ ਮਿਸਾਲ ਬੇ-ਮਿਸਾਲ ਹੈ।
ਛੇੜਦਾ ਰਬਾਬ ਤੇ ਅਲਾਪਦਾ ਇਲਾਹੀ ਬਾਣੀ,
ਭਾਵਾਂ ਵਿਚ ਅੰਮ੍ਰਿਤ ਘੋਲਦਾ।
ਗੁਰੂ ਨਾਨਕ ਸਭ ਦਾ ਪਿਆਰਾ...

ਇਹ ਗੀਤ ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ ਐਚ.ਐਮ.ਵੀ. ਵਿਚ ਰੀਕਾਰਡ।

# ਸਾਡੇ ਨੈਣਾਂ ਵਿਚ ਵੱਸੇ ਨਨਕਾਣਾ

ਸਾਡੇ ਨੈਣਾਂ ਵਿਚ ਵੱਸੇ ਨਨਕਾਣਾ,
ਨਾਨਕ ਸਾਡੇ ਦਿਲ ਵਿਚ ਹੈ।
ਅਸਾਂ ਹੋਰ ਨਾ ਲੱਭਣ ਕਿਤੇ ਜਾਣਾ,
ਨਾਨਕ ਸਾਡੇ ਦਿਲ ਵਿਚ ਹੈ।

ਭਾਗੋ ਉਹਦੇ ਭਾ ਦਾ ਜੀ,
ਭੂਤ ਹੈ ਜਾਂ ਜਿੰਨ ਹੈ।
ਉਹ ਤਾਂ ਬਹਿ ਕੇ ਲਾਲੋ ਦੀ,
ਕੁਲ 'ਚ ਪ੍ਰਸੰਨ ਹੈ।
ਆ ਕੋਧਰੇ ਦਾ ਭੋਜਨ ਛਕਾਣਾ,
ਨਾਨਕ ਸਾਡੇ ਦਿਲ ਵਿਚ ਹੈ।

ਜਿੱਥੇ ਵੀ ਪਿਆਰ ਨਾਲ,
ਮਾਹੀ ਮੇਰਾ ਤੱਕਦਾ।
ਅੰਬ ਵਾਂਗੂੰ ਆਉਂਦਾ ਏ,
ਸੁਆਦ ਕੌੜੇ ਅੱਕ ਦਾ।
ਰੀਠੜੇ ਦਾ ਬਣ ਜਾਣਾ,
ਨਾਨਕ ਸਾਡੇ ਦਿਲ ਵਿਚ ਹੈ।

ਜਿਨ੍ਹਾਂ ਵੀ ਪ੍ਰੀਤ ਉਹਦੀ,
ਬਾਣੀ ਨਾਲ ਪਾਈ ਏ।
ਭੱਠ ਵਿਚ ਭੁੱਜੀ ਜਿੰਦ,
ਜੰਡ 'ਨਾ ਜਲਾਈ ਏ।
ਪਿਆ ਹਿੱਕ ਤੇ ਇੰਜਣ ਅਟਕਾਣਾ,
ਨਾਨਕ ਸਾਡੇ ਦਿਲ ਵਿਚ ਹੈ।

ਮੋਹ ਮਾਇਆ ਵਾਲੜਾ,
ਤੂਫਾਨ ਠਾਠਾਂ ਮਾਰਦਾ।
'ਸਫਰੀ' ਤੂੰ ਵੇਖੇਂਗਾ,
ਕਿਨਾਰਾ ਉਸ ਪਾਰ ਦਾ।
ਅਸੀਂ ਬਾਬੇ ਦੇ ਸਹਾਰੇ ਤੁਰ ਜਾਣਾ,
ਨਾਨਕ ਸਾਡੇ ਦਿਲ ਵਿਚ ਹੈ।

# ਪਿਤਾ ਨੇ ਚਪੇੜਾਂ ਮਾਰੀਆਂ

ਨੀ ਮੈਂ ਵੀਰ ਨੂੰ ਕਲਾਵੇ ਵਿਚ ਲੈ ਲਿਆ,
ਪਿਤਾ ਨੇ ਚਪੇੜਾਂ ਮਾਰੀਆਂ।
ਪੈਰੀਂ ਰਾਏ ਬੁਲਾਰ ਨੇ ਵੀ ਪੈ ਲਿਆ,
ਪਿਤਾ ਨੇ ਚਪੇੜਾਂ ਮਾਰੀਆਂ।
ਉਹਨੂੰ ਕੂੜ ਦਾ ਮੁਨਾਫਾ ਨਹੀਂ ਸੀ ਜੱਚਦਾ।
ਮੇਰੇ ਵੀਰ ਨੇ ਵਪਾਰ ਕੀਤਾ ਸੱਚ ਦਾ।
ਮੂੱਖੋਂ ਵਾਹਿਗੁਰੂ ਵਾਹਿਗੁਰੂ ਕਹਿ ਲਿਆ,
ਪਿਤਾ ਨੇ ਚਪੇੜਾਂ...........
ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ।
ਠੰਡ ਤਪਿਆਂ ਕਲੇਜਿਆਂ ਨੂੰ ਪਾ ਕੇ।
ਘੜੀ ਸਾਧਾਂ ਦੀ ਸੰਗਤ 'ਚ ਬਹਿ ਗਿਆ,
ਪਿਤਾ ਨੇ ਚਪੇੜਾਂ...........
ਕੀ ਚਾਂਦੀ ਦੀਆਂ ਛਿਲੜਾਂ ਨਿਕਾਰੀਆਂ,
ਬਾਪੂ ਰੱਬ ਦੇ ਚਪੇੜਾਂ ਕਾਹਨੂੰ ਮਾਰੀਆਂ।
ਸਾਰੇ ਜੱਗ ਦਾ ਉਲਾਂਭਾ ਸਿਰ ਲੈ ਲਿਆ,
ਪਿਤਾ ਨੇ ਚਪੇੜਾਂ...........
ਕਿੰਨੇ 'ਸਫਰੀ' ਨਿਕਾਰੇ ਤੇਰੇ ਭਾਗ ਨੇ,
ਛਾਵਾਂ ਕੀਤੀਆਂ ਉਹਨੂੰ ਸ਼ੇਸ਼ ਨਾਗ ਨੇ।
ਤੈਨੂੰ ਦੁਨੀਆਂ ਦੇ ਲਾਲਚਾਂ ਨੇ ਲੈ ਲਿਆ,
ਪਿਤਾ ਨੇ ਚਪੇੜਾਂ...........

ਰੀਕਾਰਡ- ਊਸ਼ਾ ਰਾਣੀ ਰੇਡੀਓ ਆਰਟਿਸਟ ਦੀ ਆਵਾਜ਼ ਵਿਚ

# ਲੋਹ ਤੱਪਦੀ

ਲੋਹ ਤੱਪਦੀ ਤੇ ਸੂਰਜ ਬਲਦਾ ਏ,
ਕੋਈ ਨੀਂਦਰ ਨਾਰ ਆਜ਼ਾਦੀ ਦਾ,
ਤੱਤੀ ਰੇਤ ਦਾ ਵੱਟਣਾ ਮੱਲਦਾ ਏ।

ਮੌਲਾ ਦੀਆਂ ਰਹਿਮਤਾਂ ਵੱਸੀਆਂ ਨੇ।
ਲਾਟਾਂ ਨੇ ਵੀ ਤਲੀਆਂ ਝੱਸੀਆਂ ਨੇ।
ਸਤਿਗੁਰ ਨੇ ਤਸੀਹਾ ਝੱਲਿਆ ਜੋ,
ਇਹ ਕੌਣ ਕਿਸੇ ਲਈ ਝੱਲਦਾ ਏ।
ਲੋਹ ਤੱਪਦੀ...............

ਪ੍ਰੀਤਮ ਦੇ ਚੋਜ ਨਿਰਾਲੇ ਨੇ।
ਗੱਲ ਮੋਤੀਆਂ ਵਰਗੇ ਛਾਲੇ ਨੇ।
ਇਹ ਮੋਤੀਆਂ ਵਰਗੇ ਛਾਲੇ ਨੇ,
ਸ਼ਿੰਗਾਰ-ਗੁਰਾਂ ਦੇ ਗਲ੍ਹ ਦਾ ਏ।
ਲੋਹ ਤੱਪਦੀ...............

ਤੱਕ ਹਾਲਤਾਂ ਪੀਰਾਂ ਦੇ ਪੀਰ ਦੀਆਂ।
ਅੱਖਾਂ ਬਰਸ ਪਈਆਂ ਮੀਆਂ ਮੀਰ ਦੀਆਂ।
ਮੈਂ ਮੋਮਨ ਜਲ ਕੇ ਕਿਉਂ ਨਾ ਮਰਾਂ,
ਜਾਂ ਕੁਰਾਨ ਤਵੀ ਤੇ ਜਲਦਾ ਏ।
ਲੋਹ ਤੱਪਦੀ...............

ਅੱਗ ਜੀਭਾਂ ਕੱਢ ਕੱਢ ਪੈਂਦੀ ਏ।
ਰੂਹ ਨਾਨਕ ਨਾਨਕ ਕਹਿੰਦੀ ਏ।
ਸਿੱਖੀ ਦਾ ਬੂਟਾ ਉਹ 'ਸਫਰੀ'
ਜੋ ਲਾਟਾਂ ਦੇ ਵਿਚ ਪਲਦਾ ਏ।
ਲੋਹ ਤੱਪਦੀ...............

ਇਹ ਗੀਤ ਰੰਗੀਲਾ ਜੱਟ ਦੀ ਆਵਾਜ਼ ਵਿਚ ਰੀਕਾਰਡ ਹੈ

# ਪੰਚਮ ਪਿਤਾ

ਅੱਗ ਮੱਚਦੀ ਕਹਿਰ ਦੀਆਂ ਲਾਟਾਂ ਨੇ।
ਹਾਏ ! ਲੰਮੀਆਂ ਸਿੱਖੀ ਦੀਆਂ ਵਾਟਾਂ ਨੇ।
ਮਾਹੀ ਤੱਪਦੀ ਤਵੀ ਤੇ ਬਹਿ ਗਿਆ।
ਰੰਗ ਬੱਦਲਾਂ ਦਾ ਪੀਲਾ ਪੈ ਗਿਆ।

ਹਾਏ ! ਚੰਦੂ ਚੰਦਰੇ ਨੇ ਜ਼ੁਲਮ ਕਮਾਇਆ ਏ।
ਪੰਜਵੇਂ ਗੁਰਾਂ ਨੂੰ ਤੱਤੀ ਤਵੀ ਤੇ ਬਿਠਾਇਆ ਏ।
ਤੱਤੀ ਤੱਤੀ ਰੇਤ ਪਾਈ ਸੀਸ ਉਤੇ ਤੱਤਿਆਂ ਨੇ,
ਦੁਖੜੇ ਅਸਹਿ ਕੋਈ ਸਹਿ ਗਿਆ।
ਰੰਗ ਬੱਦਲਾਂ ਦਾ................

ਗੁਰਾਂ ਦਾ ਸਰੀਰ ਸਾਰਾ ਛਾਲੇ ਛਾਲੇ ਹੋ ਗਿਆ।
ਜੇਠ ਦਾ ਮਹੀਨਾ ਉਤੋਂ ਸੂਰਜ ਖਲੋ ਗਿਆ।
ਧਰਤੀ ਦੇ ਰੋਮ ਰੋਮ ਰੱਤ ਦੇ ਫੁਹਾਰੇ ਉੱਠੇ,
ਦੇਖਦਾ ਅੰਬਰ ਉਤੋਂ ਰਹਿ ਗਿਆ।
ਰੰਗ ਬੱਦਲਾਂ ਦਾ................

ਮੀਆਂ ਮੀਰ ਰੋਣ ਲੱਗਾ ਧਾਹੀ ਧਾਹੀ ਆ ਕੇ।
ਦਿੱਲੀ ਤੇ ਲਾਹੌਰ ਮੈਂ ਮਾਰਾਂ ਟਕਰਾ ਕੇ।
ਹੱਸਕੇ ਗੁਰਾਂ ਨੇ ਕਿਹਾ ਸ਼ਾਂਤਮਈ ਵਾਲਾ ਸਾਨੂੰ,
ਸਬਕ ਪੜ੍ਹਾਉਣਾ ਅੱਜ ਪੈ ਗਿਆ।
ਰੰਗ ਬੱਦਲਾਂ ਦਾ................

ਰੋਮ ਰੋਮ ਸਾੜ ਦਿੱਤਾ ਗੁਰਾਂ ਦੇ ਸਰੀਰ ਦਾ।
ਕਿਥੇ ਮਰ ਚੁਕਾ ਏ ਨਿਆਂ ਜਹਾਂਗੀਰ ਦਾ।

ਦਾਗ ਸੀ ਗੁਲਾਮੀ ਵਾਲਾ ਵਤਨਾਂ ਦੇ ਮੱਥੇ ਉਤੋਂ,
ਗੁਰਾਂ ਨੇ ਲਹੂ ਦੇ ਨਾਲ ਲਹਿ ਗਿਆ।
ਰੰਗ ਬੱਦਲਾਂ ਦਾ................

ਛਾਲਿਆਂ ਸਮੇਤ ਦਾਤਾ ਰਾਵੀ ਕੰਢੇ ਆ ਗਏ।
ਰਾਵੀ ਦੀਆਂ ਛੱਲਾਂ ਵਿਚ ਹੱਸ ਕੇ ਸਮਾ ਗਏ।
ਸਤਿਨਾਮ ਸਤਿਨਾਮ ਵਾਹਿਗੁਰੂ ਵਾਹਿਗੁਰੂ,
'ਸਫਰੀ' ਜ਼ਬਾਨੋਂ ਤਾਹੀਓਂ ਕਹਿ ਗਿਆ।
ਰੰਗ ਬੱਦਲਾਂ ਦਾ................

ਰੀਕਾਰਡ– ਨਰਿੰਦਰ ਬੀਬਾ ਦੀ ਆਵਾਜ਼ 'ਚ।

# ਗੁਰੂ ਤੇਗ ਬਹਾਦਰ

ਕੀ ਚਾਨਣੀ ਚੌਂਕ ਵਿਚ ਹੋਇਆ,
ਚੰਨ ਦੇ ਕਾਲਜੇ ਛੇਕ ਪਿਆ ਅੱਜ।
ਧਰਮ ਧੌਲ ਕਿਉਂ ਰੋਇਆ,
ਚੰਨ ਦੇ ਕਾਲਜੇ ਛੇਕ ਪਿਆ ਅੱਜ।

ਸਤਿਗੁਰੂ ਪਿਆਰੇ ਤੇਗ ਬਹਾਦਰ।
ਭਾਰਤ ਮਾਂ ਦੇ ਸੀਸ ਦੀ ਚਾਦਰ।
ਕੁਲ ਧਰਤੀ ਦਾ ਦਰਦ ਜਿਨ੍ਹਾਂ ਨੇ,
ਸੀਨੇ ਵਿਚ ਲਕੋਇਆ।
ਕੀ ਚਾਨਣੀ ਚੌਂਕ ਵਿਚ.........
ਮਕਤੂਲ ਦੇ ਵਿਚ ਆਣ ਖਲੋਏ।
ਛੁਰੀਆਂ ਰੋਈਆਂ ਕਾਤਲ ਰੋਏ।
ਦਿੱਲੀ ਦੇ ਵਿਚ ਹਨੇਰ ਪੈ ਗਿਆ,
ਸੂਰਜ ਦਿਨੇ ਘਰੋਇਆ।
ਕੀ ਚਾਨਣੀ ਚੌਂਕ ਵਿਚ.........
ਕਾਤਲ ਨੇ ਜਦ ਤੇਗ ਉਭਾਰੀ।
ਧਰਤੀ ਥਰ ਥਰ ਕੰਬ ਗਈ ਸਾਰੀ।
ਤਿਲਕ ਜਨੇਊ ਜੀਊਂਦੇ ਹੋ ਗਏ,
ਮੁਗਲ ਰਾਜ ਅੱਜ ਮੋਇਆ।
ਕੀ ਚਾਨਣੀ ਚੌਂਕ ਵਿਚ.........
ਸੀਸ ਜਦੋਂ ਅਨੰਦਪੁਰ ਆਇਆ।
ਹਰ ਪੰਛੀ ਨੇ ਸੋਗ ਮਨਾਇਆ।

ਗੁਰੂ ਗੋਬਿੰਦ ਸਿੰਘ ਦੇ ਨੈਣਾਂ 'ਚੋਂ,
ਇਕ ਨਾ ਅੱਥਰੂ ਚੋਇਆ।
ਕੀ ਚਾਨਣੀ ਚੌਂਕ ਵਿਚ.........

'ਸਫਰੀ' ਧੰਨ ਧੰਨ ਗੁਜਰੀ ਮਾਤਾ।
ਜਿਸ ਨੇ ਸਾਡਾ ਦਰਦ ਪਛਾਤਾ।
ਜਿਸ ਨੇ ਖ਼ੂਨ ਜਿਗਰ ਦਾ ਦੇ ਕੇ,
ਦਾਗ਼ ਵਤਨ ਦਾ ਧੋਇਆ।
ਕੀ ਚਾਨਣੀ ਚੌਂਕ ਵਿਚ.........

ਇਹ ਗੀਤ ਸੁਰਿੰਦਰ ਕੌਰ ਦਿੱਲੀ ਦੀ ਆਵਾਜ਼ 'ਚ ਰੀਕਾਰਡ।

# ਮਤੀਦਾਸ

ਆਰੇ ਦਿਆਂ ਦੰਦਿਆਂ ਦੇ ਦੰਦ ਲਾਲ ਲਾਲ।
ਚੀਰੀ ਜਾਂਦੇ ਹਾਏ ਮਤੀ ਦਾਸ ਦਾ ਕੁਪਾਲ।
ਧੰਨ ਸਿੱਖੀ ਸਿੱਖੀ ਦਿਆਂ ਰਾਹਾਂ ਉਤੇ ਚਲਣਾ ਮੁਹਾਲ।
ਧੰਨ ਸਿੱਖੀ......................

ਰਖਿਆ ਜਲਾਦ ਜਦੋਂ ਖੋਪਰੀ ਤੇ ਆਰ੍ਹਾ ਏ।
ਫੁਟਿਆ ਕੁਪਾਲ ਵਿਚੋਂ ਅੱਗ ਦਾ ਫੁਹਾਰਾ ਏ।
ਜਾਲ ਗਿਆ ਅੱਥਰੇ ਹਕੂਮਤਾਂ ਦੇ ਜਾਲ।
ਧੰਨ ਸਿੱਖੀ......................

ਖੋਪਰੀ ਤੋਂ ਲੈ ਕੇ ਗਿਉਂ ਹਿੱਕ ਤੋੜੀ ਚੀਰਿਆ।
ਧੰਨ ਹੈ ਤੂੰ ਧੰਨ ਕਿਸੇ ਭੈਣ ਦਿਆ ਵੀਰਿਆ।
ਪਾ ਗਿਆ ਸ਼ਹੀਦੀ ਕਿਸ ਅੰਮੜੀ ਦਾ ਲਾਲ।
ਧੰਨ ਸਿੱਖੀ......................

ਖੋਪਰੀ ਲੁਹਾਈ ਕਿਨ੍ਹੇ ਤਨ ਚਰਵਾ ਲਿਆ।
ਸਿੱਖੀ ਪਿੱਛੇ ਕਿਨ੍ਹੇ ਬੰਦ ਬੰਦ ਕਟਵਾ ਲਿਆ।
ਸਿੱਖੀ ਦਿਆਂ ਆਸ਼ਕਾਂ ਦਾ ਏਹੋ ਜਿਹਾ ਹਾਲ।
ਧੰਨ ਸਿੱਖੀ......................

ਹੋ ਗਿਆ ਸ਼ਹੀਦ ਸਿੱਖ ਜ਼ਰਾ ਵੀ ਨਾ ਡੋਲਿਆ।
ਮਤੀ ਦਾਸ 'ਸਫਰੀ' ਅਖੀਰ ਮੂੰਹੋਂ ਬੋਲਿਆ।
ਬੋਲੇ ਸੋ ਨਿਹਾਲ! ਸਤਿ ਸ੍ਰੀ ਅਕਾਲ।
ਧੰਨ ਸਿੱਖੀ......................

ਰੀਕਾਰਡ- ਨਰਿੰਦਰ ਬੀਬਾ ਦੀ ਆਵਾਜ਼ 'ਚ।

# ਸਾਡੀ ਕੌਮ ਦਾ ਨਸੀਬ ਵਾਜਾਂ ਮਾਰਦਾ

ਹੇ ਪਿਤਾ ਰਵੀ ਦਾਸ।
ਦਿਲਾਂ ਢੱਠਿਆਂ ਦੀ ਆਸ।
ਆ ਜਾ ਵਾਸਤਾ ਈ,
ਦੇਸ਼ ਦੇ ਖਿਆਰ ਦਾ।
ਸਾਡੀ ਕੌਮ ਦਾ,
ਨਸੀਬ ਵਾਜਾਂ ਮਾਰਦਾ।
ਆ ਜਾ ਪਿਤਾ,
ਸੰਤੋਖ ਦੇ ਦੁਲਾਰਿਆ।
ਮਾਤਾ ਕਲਸਾਂ ਦੀ,
ਅੱਖ ਦਿਆ ਤਾਰਿਆ।
ਸਾਡੇ ਦੀਦਿਆਂ ਨੂੰ,
ਸ਼ੌਕ ਹੈ ਦੀਦਾਰ ਦਾ।
ਆ ਜਾ ਵਾਸਤਾ ਈ.......

ਖੇਡਾਂ ਜੱਗ ਉਤੇ,
ਕੀਤੀਆਂ ਨਿਆਰੀਆਂ।
ਲਾਈਆਂ ਪੱਥਰਾਂ ਨੇ,
ਗੰਗਾ ਵਿਚ ਤਾਰੀਆਂ।
ਸਾਨੂੰ ਪੱਥਰਾਂ ਨੂੰ,
ਕਿਉਂ ਨੀ ਆ ਕੇ ਤਾਰਦਾ।
ਆ ਜਾ ਵਾਸਤਾ ਈ.......

ਜਿਹੜਾ ਬੂਟਾ ਤੂੰ,
ਮਾਨੁੱਖਤਾ ਦਾ ਲਾਇਆ ਏ।
ਬੂਰ ਮਸਾਂ ਮਸਾਂ,
ਇਹਦੇ ਉਤੇ ਆਇਆ ਏ।
ਰੰਗ ਨਿਖਰਿਆ,
ਤੇਰੀ ਗੁਲਜ਼ਾਰ ਦਾ।
ਆ ਜਾ ਵਾਸਤਾ ਈ.......

# ਮਾਤਾ ਗੁਜਰੀ ਨੂੰ ਮਿਲਣ ਵਧਾਈਆਂ

ਅੱਜ ਪਟਨੇ ਸ਼ਹਿਰ ਵਿਚ ਚੰਦ ਚੜ੍ਹਿਆ,
ਲੱਖਾਂ ਰਿਸ਼ਮਾਂ ਦੇਣ ਰੁਸ਼ਨਾਈਆਂ।
ਮਾਤਾ ਗੁਜਰੀ ਨੂੰ ਮਿਲਣ ਵਧਾਈਆਂ।
ਨਾਵੇਂ ਗੁਰੂ ਉਤੋਂ ਲਾਲ ਪਏ ਨੇ ਵਾਰਦੇ।
ਠੰਢੀ ਠੰਢੀ ਪੌਣ ਵਗੀ ਵਿਚ ਸੰਸਾਰ ਦੇ।
ਅੱਜ ਪਟਨੇ ਸ਼ਹਿਰ ਉੱਠੀ ਖੁਸ਼ੀ ਦੀ ਲਹਿਰ,
ਫੁੱਲ ਪੱਤੀਆਂ ਅੰਬਰ ਬਰਸਾਈਆਂ।
ਮਾਤਾ ਗੁਜਰੀ............

ਡਰ ਦੇਣ ਵਾਲਿਆਂ ਦਾ ਡੇਰਾ ਦੂਰ ਹੋ ਗਿਆ।
ਅੱਖ ਪੁਟੀ ਚੰਨ ਤੇ ਹਨੇਰਾ ਦੂਰ ਹੋ ਗਿਆ।
ਪੀੜ ਦਿਲ ਦੀ ਹਰਨ, ਨਾਲੇ ਸਜਦੇ ਕਰਨ,
ਉਹਦੇ ਦਰ ਤੇ ਚਕੋਰਾਂ ਆਈਆਂ।
ਮਾਤਾ ਗੁਜਰੀ............

ਥੰਮ੍ਹੀਆਂ ਦੀ ਥਾਂ ਉਹਨੇ ਪੁਤਾਂ ਦੀਆਂ ਹੱਡੀਆਂ।
ਸਿੱਖੀ ਦੇ ਮਹੱਲ ਥੱਲੇ ਚਾਂਈਂ ਚਾਂਈਂ ਗੱਡੀਆਂ।
ਦੇਸ਼ ਦੁਖ ਦਾ ਸੀ ਮਾਰਾ ਉਹਨਾਂ ਦੇ ਕੇ ਸਹਾਰਾ,
ਗਊਆਂ ਛੁਰੀਆਂ ਦੇ ਥਲਿਉਂ ਛੁਡਾਈਆਂ।
ਮਾਤਾ ਗੁਜਰੀ............

ਗੁਜਰੀ ਦੇ ਲਾਲ ਤੇਰੇ ਜਿਹਾ ਕੋਈ ਲਾਲ ਨਾ
ਸਾਰੇ ਜੱਗ ਵਿਚ ਤੇਰੀ ਲੱਭਦੀ ਮਿਸਾਲ ਨਾ
ਕੀਤੀ ਵੈਰੀਆਂ ਦੀ ਬੱਸ, ਸਾਰੇ ਹੁੰਦਾ ਪਿਆ ਜੱਸ,
ਤਾਈਉਂ 'ਸਫਰੀ' ਨੇ ਸਿਫਤਾਂ ਗਾਈਆਂ।
ਮਾਤਾ ਗੁਜਰੀ............

ਇਹ ਗੀਤ ਨਰਿੰਦਰ ਬੀਬਾ ਦੀ ਆਵਾਜ਼ ਵਿਚ ਰੀਕਾਰਡ ਹੈ।

# ਮੁਕਤੀ ਦੀ ਖੈਰ ਮੰਗਣੀ

ਰਵੀਦਾਸ ਦੇ ਦੁਆਰੇ ਉਤੇ ਜਾ ਕੇ।
ਉਹਦੇ ਦਰ ਉਤੇ ਅਲਖ ਜਗਾ ਕੇ।
ਮੁਕਤੀ ਦੀ ਖੈਰ ਮੰਗਣੀ।
ਆਖੀਂ ਆ ਕੇ ਤੱਕ ਜਾਵੇ ਦੁੱਖੀਆਂ ਦੇ ਹਾਲ ਨੂੰ।
ਹਵਾਏ ਨੀ ਸੁਨੇਹਾ ਦੇਵੀਂ ਕਲਸਾਂ ਦੇ ਲਾਲ ਨੂੰ।
ਮਨ ਮੰਦਰ 'ਚ ਮੂਰਤੀ ਸਜਾ ਕੇ।
ਉਹਦੀ ਭੇਟ ਕੁਝ ਅੱਥਰੂ ਚੜ੍ਹਾ ਕੇ।
ਮੁਕਤੀ ਦੀ ਖੈਰ ਮੰਗਣੀ।
ਸਾਕੀ ਦਿਆਂ ਨੈਣਾਂ ਵਿਚ ਨੱਚਦਾ ਸਰੂਰ ਹੈ।
ਉਹਦੇ ਨੂਰ ਨਾਲ ਸਾਰਾ ਜੱਗ ਨੂਰੋ ਨੂਰ ਹੈ।
ਉਹਦੇ ਨੂਰ ਭਰੇ ਕੁੰਡ ਵਿਚ ਨਹਾ ਕੇ।
ਤਨ ਆਪਣੇ ਤੇ ਭਸਮ ਰਮਾ ਕੇ।
ਮੁਕਤੀ ਦੀ ਖੈਰ ਮੰਗਣੀ।
ਢੱਠੇ ਹੋਏ ਦਿਲਾਂ ਦਾ ਸਹਾਰਾ ਰਵੀਦਾਸ ਹੈ।
ਜਾਨ ਤੋਂ ਵੀ ਵੱਧਕੇ ਪਿਆਰਾ ਰਵੀਦਾਸ ਹੈ।
ਪਲੂ ਆਪਣੇ ਗਲ੍ਹ ਦੇ ਵਿਚ ਪਾ ਕੇ।
ਤਨ ਆਪਣੇ ਨੂੰ ਉਜਲਾ ਬਣਾ ਕੇ।
ਮੁਕਤੀ ਦੀ ਖੈਰ ਮੰਗਣੀ।
ਬੜਾ ਜੱਗ ਢੂੰਡਿਆ ਤੇ ਬੜਾ ਜੱਗ ਭਾਲਿਆ।
ਡਿੱਗੀ ਹੋਈ ਕੌਮ ਨੂੰ ਨਾ ਕਿਸੇ ਨੇ ਸੰਭਾਲਿਆ।
ਅਸੀਂ ਜ਼ਿੰਦਗੀ ਦਾ ਸਫਰ ਮੁਕਾ ਕੇ।
ਹੱਥ ਕਫਨ 'ਚੋਂ ਬਾਹਰ ਨੂੰ ਫੈਲਾ ਕੇ।
ਮੁਕਤੀ ਦੀ ਖੈਰ ਮੰਗਣੀ।

# ਕਲਗੀਧਰ ਦਾ ਲਿਸ਼ਕਾਰਾ

ਐ ਨੀਲੇ ਸ਼ਾਹ ਅਸਵਾਰਾ।
ਹਨੇਰ ਜ਼ੁਲਮ ਦਾ ਦੂਰ ਕਰ ਗਿਆ,
ਤੇਰੀ ਕਲਗੀ ਦਾ ਲਿਸ਼ਕਾਰਾ।
ਐ ਨੀਲੇ ਸ਼ਾਹ................

ਪਿਤਾ ਤੇਰਾ ਹੈ ਤੇਗ ਬਹਾਦਰ।
ਭਾਰਤ ਮਾਂ ਦੇ ਸੀਸ ਦੀ ਚਾਦਰ।
ਰੁੜਦੇ ਬੇੜੇ ਤਾਰ ਗਿਆ,
ਗੁਜਰੀ ਦੀ ਅੱਖ ਦਾ ਤਾਰਾ।
ਐ ਨੀਲੇ ਸ਼ਾਹ................

ਤੂੰ ਖੰਡੇ ਦੀ ਪਾਹੁਲ ਪਿਲਾਈ।
ਮੋਇਆਂ ਦੇ ਵਿਚ ਜ਼ਿੰਦਗੀ ਪਾਈ।
ਭਾਰਤ ਮਾਂ ਦੇ ਢਹਿੰਦੇ ਦਿਲ ਨੂੰ,
ਦਿਤਾ ਆਣ ਸਹਾਰਾ।
ਐ ਨੀਲੇ ਸ਼ਾਹ................

ਜਦੋਂ ਜੁਝਾਰ ਸ਼ਹੀਦੀ ਪਾਈ।
ਲੋਕ ਬਾਜ ਨੂੰ ਨਜ਼ਰੀ ਆਈ।
ਪਰਾਂ ਦਾ ਕਫਨ ਪਾ ਕੇ ਪੰਛੀ,
ਰੋਇਆ ਆਪ ਮੁਹਾਰਾ।
ਐ ਨੀਲੇ ਸ਼ਾਹ................

ਤੂੰ ਸਿੱਖੀ ਦੇ ਮਹਿਲ ਬਣਾਏ।
ਨੀਂਹਾਂ ਦੇ ਵਿਚ ਲਾਲ ਚਣਾਏ।

ਚੂਨੇ ਦੀ ਥਾਂ ਹੱਡੀਆਂ ਲਾਈਆਂ,
ਮਿੱਝ ਦਾ ਲਾਇਆ ਗਾਰਾ।
ਐ ਨੀਲੇ ਸ਼ਾਹ..................

ਕਲਗੀਧਰ ਦੀ ਸੁਣੀ ਕਹਾਣੀ।
ਪੱਥਰ ਹੋ ਗਏ ਪਾਣੀ ਪਾਣੀ।
ਦੋ ਘੜੀਆਂ ਲਈ 'ਸਫਰੀ' ਸਾਨੂੰ,
ਦੇ ਜਾ ਗੀਤ ਹੁਧਾਰਾ।
ਨ੍ਹੇਰ ਜ਼ੁਲਮ ਦਾ ਦੂਰ ਕਰ ਗਿਆ,
ਤੇਰੀ ਕਲਗੀ ਦਾ ਲਸ਼ਕਾਰਾ।

ਰੀਕਾਰਡ- ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ ਵਿਚ।

# ਚੰਨ ਮਾਤਾ ਗੁਜਰੀ ਦੀ

ਚੰਨ ਮਾਤਾ ਗੁਜਰੀ ਦਾ,
ਸੁੱਤਾ ਕੰਡਿਆਂ ਦੀ ਸੇਜ਼ ਵਿਛਾਈ।
ਸੀਨੇ ਨਾਲ ਤੇਗ ਲਾ ਲਈ,
ਜਦੋਂ ਯਾਦ ਪੁੱਤਰਾਂ ਦੀ ਆਈ।

ਅਜੀਤ ਤੇ ਜੁਝਾਰ ਵੱਡੜੇ,
ਜ਼ੋਰਾਵਰ ਤੇ ਫਤਹਿ ਸਿੰਘ ਛੋਟੇ।
ਤਾਰਿਆਂ ਨੇ ਰੋ ਕੇ ਪੁਛਿਆ,
ਕਿੱਥੇ ਗਏ ਨੇ ਜਿਗਰ ਦੇ ਟੋਟੇ।
ਇਕ ਜੋੜੀ ਜੰਗ ਵਿਚ ਤੇ-
ਦੂਜੀ ਕੰਧ 'ਚ ਸ਼ਹੀਦ ਕਰਾਈ।
ਚੰਨ ਮਾਤਾ............

ਅੱਡੀਆਂ ਗੁਲਾਬ ਰੰਗੀਆਂ,
ਸੋਜ ਪੈ ਕੇ ਫੱਟਨ ਨੂੰ ਆਈਆਂ।
ਛੰਬ ਦਿਆਂ ਕੰਡਿਆਂ ਨੇ,
ਉਹਦੇ ਪੱਬਾਂ ਤੇ ਬੂਚੀਆਂ ਪਾਈਆਂ।
ਧੂੜ ਉਹਦੇ ਚਰਨਾਂ ਦੀ,
ਲੋਕਾਂ ਚੁਕ ਕੇ ਮੱਥੇ ਨੂੰ ਲਾਈ।
ਚੰਨ ਮਾਤਾ............

ਕਾਲਜੇ ਨੂੰ ਧੂ ਪੈਂਦੀ,
ਕੌਣ ਲਿਖੀਆਂ ਵਿਧਾਤਾ ਦੀਆਂ ਮੋੜੇ।
ਜ਼ਾਲਮ ਨੇ ਹਿੰਦੂਆਂ ਦੇ,

ਖਿੱਚ ਖਿੱਚ ਕੇ ਜਨੇਊ ਜਦੋਂ ਤੋੜੇ।
ਆਂਦਰਾਂ ਦੀ ਡੋਰ ਵੱਟ ਕੇ,
ਇਨ੍ਹਾਂ ਬਾਮ੍ਹਣਾਂ ਦੇ ਗਲ੍ਹ ਵਿਚ ਪਾਈ।
ਚੰਨ ਮਾਤਾ............

ਪੱਥਰਾਂ ਦੇ ਬੁੱਤ ਸੀ ਨਿਰੇ,
ਘੁੱਟ ਕੇ ਜਿਨ੍ਹਾਂ ਨੂੰ ਗਲ੍ਹ ਲਾਇਆ।
ਪੁੱਤਾਂ ਦੀਆਂ ਲਾਸ਼ਾਂ ਤੇ ਹਾਏ!
ਦੋ ਗਜ ਕਪੜਾ ਨਾ ਪਾਇਆ।
ਨਾ ਸੰਸਕਾਰ ਕੀਤਾ,
ਆ ਅਰਥੀ ਕਿਸੇ ਨੇ ਉਠਾਈ।
ਚੰਨ ਮਾਤਾ............

ਪੰਧ ਪਏ 'ਸਫਰੀ' ਨੂੰ ਪਿਆ,
ਦੁਖੜੇ ਤੇ ਦੁਖੜਾ ਸਹਿਣਾ।
ਯਾਰੜੇ ਦਾ ਸੱਥਰ ਚੰਗਾ ਸਾਨੂੰ,
ਭੱਠ ਖੇੜਿਆਂ ਦਾ ਰਹਿਣਾ।
ਹਿੱਕ ਵਿਚ ਲੈ ਕੇ ਸੌਂ ਗਿਆ,
ਦਿਲ ਆਪਣਾ ਤੇ ਪੀੜ ਪਰਾਏ।
ਚੰਨ ਮਾਤਾ............

ਰੀਕਾਰਡ– ਨਰਿੰਦਰ ਬੀਬਾ ਦੀ ਆਵਾਜ਼ 'ਚ।

# ਤੇਰੇ ਅੰਮ੍ਰਿਤ ਦੀ ਇਕ ਬੂੰਦ ਕੋਈ

ਤੇਰੇ ਅੰਮ੍ਰਿਤ ਦੀ ਇਕ ਬੂੰਦ ਕੋਈ,
ਮੇਰੇ ਹੋਠਾਂ ਨਾਲ ਛੁਹਾ ਜਾਂਦਾ।
ਪਰਵਾਨੇ ਕੋਲੋਂ ਮੈਂ ਪਹਿਲਾਂ,
ਤੇਰੇ ਦਰ ਤੇ ਸੜਨ ਨੂੰ ਆ ਜਾਂਦਾ।
ਤੇਰੇ ਸਰ 'ਚੋਂ ਬੂੰਦ ਇਕ ਸਰ ਜਾਂਦੀ।
ਤ੍ਰੇਹ ਜਨਮ ਜਨਮ ਦੀ ਮਰ ਜਾਂਦੀ।
ਖਾ ਜਾਂਦਾ ਲੰਗਰ ਦਾ ਇਕ ਟੁਕੜਾ,
ਮੇਰਾ ਜੀਵਨ ਪਲਟਾ ਖਾ ਜਾਂਦਾ।
ਤੇਰੇ ਅੰਮ੍ਰਿਤ ਦੀ.............

ਜੋ ਆਸ਼ਕ ਤੇਰੇ ਦਰ ਦੇ ਨੇ।
ਉਹ ਮੌਤ ਕੋਲੋਂ ਕਦ ਡਰਦੇ ਨੇ।
ਕੋਈ ਭਖਦੇ ਭੱਠ ਵਿਚ ਬੁਝ ਜਾਦਾ,
ਕੋਈ ਜੰਡ ਨਾਲ ਜਾਨ ਜਲਾ ਜਾਂਦਾ।
ਤੇਰੇ ਅੰਮ੍ਰਿਤ ਦੀ.............

ਬਾਤਾਂ ਨੇ ਵੱਖਰੇ ਤੌਰ ਦੀਆਂ।
ਲੋਥਾਂ ਲੰਘਦਾ ਗਿਉਂ ਚਮਕੌਰ ਦੀਆਂ।
ਕੀ ਜਾਂਦਾ ਸੀ ਦੋ ਗੱਜ ਤੇ ਕਫਨ,
ਤੂੰ ਪੁੱਤ ਦੀ ਲਾਸ਼ ਤੇ ਪਾ ਜਾਂਦਾ।
ਤੇਰੇ ਅੰਮ੍ਰਿਤ ਦੀ.............

ਦੋ ਲਾਲ ਨੀਂਹਾਂ ਦੇ ਵਿਚਕਾਰ ਖੜੇ।
ਜ਼ਿੰਦਗੀ ਦੇ ਪਹਿਰੇਦਾਰ ਖੜੇ।

ਸੱਦ ਲਵੋ ਰਸੋਈਏ ਗੰਗੂ ਨੂੰ,
ਇਕ ਇੱਟ ਉਹ ਵੀ ਚੰਦਰਾ ਲਾ ਜਾਂਦਾ।
ਤੇਰੇ ਅੰਮ੍ਰਿਤ ਦੀ.............

ਤੇਰਾ ਅੰਮ੍ਰਿਤ 'ਸਫਰੀ' ਪੀ ਜਾਂਦਾ।
ਕੋਈ ਨਵੀਂ ਜ਼ਿੰਦਗੀ ਜੀ ਲੈਂਦਾ।

ਮੂੰਹ ਪਾੜ ਕੇ ਕੋਮਲ ਕਾਨੀ ਦਾ,
ਤਲਵਾਰ ਸਬੂਤੀ ਖਾ ਲੈਂਦਾ।
ਤੇਰੇ ਅੰਮ੍ਰਿਤ ਦੀ.............

ਇਹ ਗੀਤ ਰੋਸ਼ਨ ਦੀ ਆਵਾਜ਼ ਵਿਚ ਰੀਕਾਰਡ ਹੈ।

# ਸਿੱਖੀ ਦਾ ਨਜ਼ਾਰਾ

ਦੇਖ ਉਏ ਸਿੰਘਾ ਦੇਖ,
ਸਿੱਖੀ ਦਾ ਨਜ਼ਾਰਾ!
ਚੱਲਦਾ ਪਿਆ ਏ,
ਕਿਹਦੀ ਖੋਪਰੀ ਤੇ ਆਰਾ।

ਮਤੀ ਦਾਸ ਗਿਆ ਹਾਏ!
ਹਿੱਕ ਤਾਈਂ ਚੀਰਿਆ।
ਹਾਏ ਵੀ ਨਾ ਕੀਤੀ,
ਕਿਸੇ ਭੈਣ ਦਿਆ ਵੀਰਿਆ।
ਉਠਿਆ ਕਪਾਲ ਵਿਚੋਂ,
ਰੱਤ ਦਾ ਫੁਹਾਰਾ।
ਚੱਲਦਾ ਪਿਆ ਏ......

ਜ਼ਾਲਮ ਦਿਆਲ ਹੋਇਆ,
ਤੇਰੇ ਤੇ ਦਿਆਲਿਆ।
ਤਾਹੀਓਂ ਗਿਓਂ ਉਬਲਦੀ,
ਦੇਗ 'ਚ ਉਬਾਲਿਆ।
ਜ਼ਿੰਦ ਨਾਲੋਂ ਤੈਨੂੰ,
ਤੇਰਾ ਧਰਮ ਪਿਆਰਾ।
ਚੱਲਦਾ ਪਿਆ ਏ......

ਨਾਵੇਂ ਪਿਤਾ ਜਾ ਕੇ।
ਸੀਸ ਦਿੱਤਾ ਜਾ ਕੇ।

ਆਪਣੇ ਲਹੂ 'ਚ ਬੇੜਾ,
ਹਿੰਦੀਆਂ ਦਾ ਤਾਰਿਆ।
ਚਾਂਦਨੀ ਚੌਂਕ ਸਾਡਾ,
ਚਾਨਣ ਮੁਨਾਰਾ।
ਚੱਲਦਾ ਪਿਆ ਏ......

'ਸਫਰੀ' ਅਜੀਬ ਗੁਰੂ,
ਨਾਨਕ ਦੀ ਸਿੱਖੀ ਏ।
ਵਾਲ ਨਾਲੋਂ ਪਤਲੀ ਤੇ-
ਖੰਡੇ ਨਾਲੋਂ ਤਿੱਖੀ ਏ।
ਵਿਰਲਾ ਹੀ ਹੋਊ ਕੋਈ,
ਸਿੱਖੀ ਦਾ ਪਿਆਰਾ।
ਚੱਲਦਾ ਪਿਆ ਏ......

ਇਹ ਗੀਤ ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ ਐਚ.ਐਮ.ਵੀ. ਵਿਚ ਰੀਕਾਰਡ।

## ਮੋਈ ਹੋਈ ਹਿੰਦ 'ਚ ਦੋਬਾਰਾ ਜਾਨ ਪਾ ਗਿਆ

ਪਤਾ ਨਹੀਂ ਕੀ ਬਾਟੇ ਵਿੱਚ,
ਘੋਲ ਕੇ ਪਿਲਾ ਗਿਆ।
ਮੋਈ ਹੋਈ ਹਿੰਦ 'ਚ,
ਦੋਬਾਰਾ ਜਾਨ ਪਾ ਗਿਆ।

ਪਿਤਾ ਦਸਮੇਸ਼ ਇਕ ਮੁਅੱਜਜਾ ਦਿਖਾ ਗਿਆ।
ਸ਼ੇਰਨੀ ਦਾ ਦੁੱਧ ਗਿੱਦੜਾਂ ਨੂੰ ਵੀ ਪਿਲਾ ਗਿਆ।
ਸਵਾ ਸਵਾ ਲੱਖ ਨਾਲ ਇਕ ਨੂੰ ਲੜਾ ਗਿਆ।
ਮੋਈ ਹੋਈ ਹਿੰਦ 'ਚ ਦੋਬਾਰਾ ਜਾਨ ਪਾ ਗਿਆ।
ਪਿਤਾ ਦਸਮੇਸ਼..............

ਕੇਡੀ ਬੇਮਿਸਾਲ ਕੁਰਬਾਨੀ ਹੈ ਦਾਤਾਰ ਦੀ।
ਚੁਲ੍ਹੀ ਵਿਚ ਰੱਤ ਪਾ ਕੇ ਲਾਡਲੇ ਜੁਝਾਰ ਦੀ।
ਤਿਲਕ ਬ੍ਰਾਹਮਣਾਂ ਦੇ ਮੱਥੇ ਉੱਤੇ ਲਾ ਗਿਆ।
ਮੋਈ ਹੋਈ ਹਿੰਦ 'ਚ ਦੋਬਾਰਾ ਜਾਨ ਪਾ ਗਿਆ।
ਪਿਤਾ ਦਸਮੇਸ਼..............

ਇੱਟਾਂ ਜਦੋਂ ਲਾਲਾਂ ਦੀਆਂ ਛਾਤੀਆਂ ਤੇ ਰੱਖੀਆਂ।
ਮੌਤ ਨੇ ਵੀ ਹਾਏ ਰੱਬਾ ਮੀਟ ਲਈਆਂ ਅੱਖੀਆਂ।
ਆਪ ਰਿਹਾ ਹੱਸਦਾ ਤੇ ਮੌਤ ਨੂੰ ਰੁਆ ਗਿਆ।
ਮੋਈ ਹੋਈ ਹਿੰਦ 'ਚ ਦੋਬਾਰਾ ਜਾਨ ਪਾ ਗਿਆ।
ਪਿਤਾ ਦਸਮੇਸ਼..............

'ਸਫਰੀ' ਮੈਦਾਨ ਵਿੱਚ ਸਿੰਘ ਰਹੇ ਡੱਟਦੇ।
ਦੇਸ਼ ਪਿੱਛੇ ਭੁੱਖ ਦੇ ਦਸੌਂਦੇ ਰਹੇ ਕੱਟਦੇ।
ਖਾਣ ਲੱਗਾ ਖਾਲਸਾ ਤਾਂ ਮੌਤ ਨੂੰ ਵੀ ਖਾ ਗਿਆ।
ਮੋਈ" ਹੋਈ ਹਿੰਦ 'ਚ ਦੋਬਾਰਾ ਜਾਨ ਪਾ ਗਿਆ।
ਪਿਤਾ ਦਸਮੇਸ਼..............

ਇਹ ਗੀਤ ਨਰਿੰਦਰ ਬੀਬਾ ਦੀ ਆਵਾਜ਼ ਵਿਚ ਰੀਕਾਰਡ ਹੈ।

# ਸ਼ਹੀਦ ਦਲੀਪ ਸਿੰਘ

ਹਾਏ ! ਤੇਰੇ ਭੱਠ ਵਿਚੋਂ,
ਸੇਕ ਕਿੰਨਾ ਆ ਰਿਹੈ।
ਠੰਢ ਕਿੰਨੀ ਪਾ ਰਿਹੈ,
ਠੰਢ ਕਿੰਨੀ ਪਾ ਰਿਹੈ।

ਲਾਲ ਸੂਹੀ ਅੱਗ ਅੰਦਰ,
ਕੌਣ ਖਿੜ ਖਿੜ ਹੱਸਦਾ।
ਵੇਖਕੇ ਪ੍ਰਵਾਨਿਆਂ ਦਾ ਝੁੰਡ,
ਮੁੜਦਾ ਜਾ ਰਿਹੈ।
ਹਾਏ ! ਤੇਰੇ ਭੱਠ.......

ਪਰ ਫੈਲਾ ਕੇ ਬਹਿ ਰਿਹਾ,
ਬਾਜ ਕਿਉਂ ਦਸਮੇਸ਼ ਦਾ।
ਇੱਕ ਨੰਗੀ ਲਾਸ਼ ਤੇ,
ਖੰਭਾਂ ਦਾ ਕਫਨ ਪਾ ਰਿਹੈ।
ਹਾਏ ! ਤੇਰੇ ਭੱਠ.......

ਇੱਕ ਗੋਲੀ
ਪਵਿੱਤਰ ਬੀੜ 'ਚੋਂ ਵੀ,
ਲੰਘ ਗਈ।
ਗੁਰੂ ਨਾਨਕ ਦੇ ਜਿਗਰ ਵਿਚ,
ਛੇਕ ਪੈਂਦਾ ਜਾ ਰਿਹੈ।
ਹਾਏ ! ਤੇਰੇ ਭੱਠ.......

ਔਹ ਖ਼ੂਨੀ ਜੰਡ ਨਾਲ,
ਕੌਣ ਪੁੱਠਾ ਲਟਕਦਾ ਹੈ।
ਅੰਬਰੋਂ ਮਨਸੂਰ ਆਪਣਾ,
ਜਿਗਰ ਫ਼ੜ ਕੇ ਆ ਰਿਹੈ।
ਹਾਏ ! ਤੇਰੇ ਭੱਠ.......

ਬਲ 'ਸਫਰੀ' ਜੰਡ ਕਿਹਦੇ,
ਚਰਨ ਕਮਲੀ ਛੂਹ ਗਿਆ।
ਵਰ ਕੰਡਾ ਖ਼ੂਬਸੂਰਤ,
ਫੁੱਲ ਬਣਦਾ ਜਾ ਰਿਹੈ।
ਹਾਏ ! ਤੇਰੇ ਭੱਠ.......

# ਕੇਸਰੀ ਨਿਸ਼ਾਨ

ਅੰਬਰਾਂ ਤੋਂ ਉੱਚੇ ਸਾਡੇ ਕੇਸਰੀ ਨਿਸ਼ਾਨ।
ਸਾਰੇ ਹੀ ਜਹਾਨ ਵਿਚ ਖਾਲਸੇ ਦੀ ਸ਼ਾਨ।
ਅੰਬਰਾਂ ਤੋਂ ਉੱਚੇ......

ਪਿਤਾ ਦਸਮੇਸ਼ ਦਾ ਹੈ ਮਹਾਂ-ਬਲੀਦਾਨ।
ਜਾਨ ਦੇ ਕੇ ਪਾਈ ਵਿਚ ਜੰਝੂਆਂ ਦੇ ਜਾਨ।
ਮੋਏ ਹੋਏ ਮੰਦਰਾਂ ਨੂੰ ਕੀਤਾ ਸਾਵਧਾਨ।
ਅੰਬਰਾਂ ਤੋਂ ਉੱਚੇ......

ਖਾਲਸੇ ਜਨਮ ਤਿੱਖੀ ਤੇਗ ਵਿਚੋਂ ਧਾਰਿਆ।
ਜ਼ਾਲਮਾਂ ਨੂੰ ਖਾਲਸੇ ਨੇ ਚੁਣ ਚੁਣ ਮਾਰਿਆ।
ਵੈਰੀਆਂ ਦੇ ਲਹੂ ਨਾਲ ਰੰਗਿਆ ਮੈਦਾਨ।
ਅੰਬਰਾਂ ਤੋਂ ਉੱਚੇ......

ਖਾਲਸੇ ਨੇ ਗਜਨੀ ਦੇ ਡਾਕੂਆਂ ਨੂੰ ਲੁੱਟਿਆ।
ਜ਼ਾਲਮਾਂ ਦਾ ਤੰਬੂ ਇਥੋਂ ਖਾਲਸੇ ਨੇ ਪੁੱਟਿਆ।
ਬੱਧੀਆਂ ਛੁਡਾਈਆਂ ਹਿੰਦੀ ਕੰਜਕਾਂ ਜੁਆਨ।
ਅੰਬਰਾਂ ਤੋਂ ਉੱਚੇ......

ਪਿਤਾ ਦਸਮੇਸ਼ ਸਾਨੂੰ ਦਿੱਤਾ ਵਰਦਾਨ।
ਕੇਸ ਕੰਘਾ ਕੜਾ ਕੱਛਾ ਤੇਜ ਕਿਰਪਾਨ।
'ਸਫਰੀ' ਸਹਾਰਾ ਸਾਡਾ ਤੀਰ ਤੇ ਕਮਾਨ।
ਅੰਬਰਾਂ ਤੋਂ ਉੱਚੇ......

ਰੀਕਾਰਡ- ਨਰਿੰਦਰ ਬੀਬਾ ਦੀ ਆਵਾਜ਼ 'ਚ।

# ਸਰਸਾ ਨਦੀ ਦੇ ਖ਼ੂਨੀ ਪਾਣੀਆ

ਸਰਸਾ ਨਦੀ ਦੇ ਖ਼ੂਨੀ ਪਾਣੀਆ!
ਖ਼ੂਨੀ ਪਾਣੀਆ! ਕਿਆਮਤਾਂ ਦੇ ਹਾਣੀਆਂ।
ਸਾਡਾ ਰਸਤਾ ਬੇ-ਦਰਦਾ ਰੋਕ ਨਾ,
ਇਸ ਸਿੱਖੀ ਦੀਆਂ ਲੰਮੀਆਂ ਕਹਾਣੀਆਂ।

ਪੁੱਤ ਨਾਲੋਂ ਵੀ ਵਿਛੋੜਾ ਅੱਜ ਪਾ ਕੇ,
ਫਤਹਿ ਸਿੰਘ ਨੂੰ ਕੰਧਾੜੇ ਉਤੇ ਚਾੜ੍ਹ ਕੇ।
ਜ਼ੋਰਾਵਰ ਨੂੰ ਵੀ ਉਂਗਲੀ ਨਾਲ ਲਾ ਕੇ,
ਦਾਦੀ ਤੁਰ ਚਲੀ ਸ਼ਗਨ ਮਨਾ ਕੇ।
ਪੈਂਡੇ ਵੱਡੜੇ ਤੇ ਉਮਰਾਂ ਨਿਆਣੀਆਂ।
ਇਸ ਸਿੱਖੀ ਦੀਆਂ ਲੰਮੀਆਂ ਕਹਾਣੀਆਂ।

ਕੋਈ ਆਰ ਹੈ ਤੇ ਕੋਈ ਪਾਰ ਹੈ,
ਮੇਰਾ ਖੇਰੂੰ ਖੇਰੂੰ ਹੋਇਆ ਪਰਵਾਰ ਹੈ।
ਕਰਾਂ ਲੱਖ ਲੱਖ ਸ਼ੁਕਰ ਅਕਾਲ ਦਾ,
ਮੇਰੇ ਬਾਗਾਂ ਵਿੱਚ ਅੱਜ ਵੀ ਬਹਾਰ ਹੈ।
ਸਾਡੇ ਲਹੂ ਵਿੱਚ ਚੱਲਣ ਮਧਾਣੀਆਂ।
ਇਸ ਸਿੱਖੀ ਦੀਆਂ ਲੰਮੀਆਂ ਕਹਾਣੀਆਂ।

ਸਾਡੇ ਰਾਹਾਂ ਵਿੱਚ ਔਕੜਾਂ ਹਜ਼ਾਰ ਨੇ,
ਅਸਾਂ ਦੁੱਖਾਂ ਦੇ ਲੰਮੜੇ ਪੰਧ ਮਾਰਨੇ।

ਚਮਕੌਰ ਦੀ ਗੜ੍ਹੀ ਦੇ ਵਿਚ ਜਾ ਕੇ ਜੂਝਣਾ,
ਮੇਰੇ ਲਾਡਲੇ ਅਜੀਤ ਤੇ ਜੁਝਾਰ ਨੇ।
ਚੋਟਾਂ ਵੈਰੀ ਤੋਂ ਸਹੀਆਂ ਨਹੀਉਂ ਜਾਣੀਆਂ।
ਇਸ ਸਿੱਖੀ ਦੀਆਂ ਲੰਮੀਆਂ ਕਹਾਣੀਆਂ।

ਕੀ 'ਸਫਰੀ' ਹਿਸਾਬ ਮੇਰੇ ਪੰਧ ਦਾ,
ਖਾਈ ਜਾਂਦਾ ਏ ਖਿਆਲ ਖੂਨੀ ਕੰਧ ਦਾ।
ਮੇਰੇ ਬੱਚਿਆਂ ਨੂੰ ਸੁਪਨੇ 'ਚ ਆ ਕੇ,
ਨਿਉਂਦਾ ਦੇ ਗਿਆ ਜਲਾਦ ਸਰਹੰਦ ਦਾ।
ਕਲ੍ਹ ਟੁੱਟ ਦੋ ਕਰੂੰਬਲਾਂ ਨੇ ਜਾਣੀਆਂ।
ਇਸ ਸਿੱਖੀ ਦੀਆਂ ਲੰਮੀਆਂ ਕਹਾਣੀਆਂ।

ਰੀਕਾਰਡ– ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ 'ਚ।

# ਦੋ ਬੜੀਆਂ ਕੀਮਤੀ ਜਿੰਦਾਂ

ਦੋ ਬੜੀਆਂ ਕੀਮਤੀ ਜਿੰਦਾਂ,
ਨੀਂਹਾਂ ਵਿਚ ਆਣ ਖਲੋ ਗਈਆਂ।
ਇਕ ਤੱਕ ਕੇ ਤਸੀਹਾ ਗਮ ਦਾ,
ਕੰਧਾਂ ਵੀ ਪਾਗਲ ਹੋ ਗਈਆਂ।

ਸੂਬੇ ਨੇ ਹੁਕਮ ਸੁਣਾਇਆ।
ਜਲਾਦ ਦਾ ਦਿਲ ਘਬਰਾਇਆ।
ਦੋ ਸਵਰਗ ਨੂੰ ਚਲੀਆਂ ਰੂਹਾਂ,
ਧਰਤੀ ਵਿੱਚ ਯਾਦ ਲਕੋ ਗਈਆਂ।
ਦੋ ਬੜੀਆਂ ਕੀਮਤੀ ਜਿੰਦਾਂ,
ਨੀਂਹਾਂ ਵਿੱਚ ਆਣ ਖਲੋ ਗਈਆਂ।
ਇਕ ਤੱਕ ਕੇ ਤਸੀਹਾ ਗਮ ਦਾ.......

ਫਤਹਿ ਸਿੰਘ ਨੇ ਫਤਹਿ ਬੁਲਾਈ।
ਜ਼ੋਰਾਵਰ ਦੀ ਵੀ ਵਾਰੀ ਆਈ।
ਨੇਕੀ ਦੀਆਂ ਕੁਲ ਕਿਤਾਬਾਂ,
ਬੁਰਿਆਂ ਦੀ ਜਾਨ ਨੂੰ ਰੋ ਗਈਆਂ।
ਦੋ ਬੜੀਆਂ ਕੀਮਤੀ ਜਿੰਦਾਂ,
ਨੀਂਹਾਂ ਵਿਚ ਆਣ ਖਲੋ ਗਈਆਂ।
ਇਕ ਤੱਕ ਕੇ ਤਸੀਹਾ ਗਮ ਦਾ.......

ਮਾਤਾ ਗੁਜਰੀ ਜਲਾਦ ਨੂੰ ਬੋਲੀ।
ਖੇਲੋ ਬੱਚਿਆਂ ਦੇ ਖੂਨ ਵਿਚ ਹੋਲੀ।
ਮੇਰੇ ਵਤਨਾਂ ਤੇ ਖੇੜਾ ਆਉਣਾ,

ਦੋ ਕਲੀਆਂ ਜਦੋਂ ਕਮਲੋ ਗਈਆਂ।
ਦੋ ਬੜੀਆਂ ਕੀਮਤੀ ਜਿੰਦਾਂ।
ਨੀਂਹਾਂ ਵਿਚ ਆਣ ਖਲੋ ਗਈਆਂ,
ਇਕ ਤੱਕ ਕੇ ਤਸੀਹਾ ਗਮ ਦਾ.......

ਦਾਦੀ ਆਖਿਆ ਸਵੇਰੇ ਸੇਵੋ।
ਉਠੋ ਲਾਡਲਿਓ ਮੂੰਹ ਹੱਥ ਧੋਵੋ।
ਪਰ ਹੋ ਕੇ ਸ਼ਹੀਦ ਉਹ 'ਸਫਰੀ',
ਸਾਰੀ ਕੰਧ ਨੂੰ ਲਹੂ ਨਾਲ ਧੋ ਗਈਆਂ।
ਦੋ ਬੜੀਆਂ ਕੀਮਤੀ ਜਿੰਦਾਂ,
ਨੀਂਹਾਂ ਵਿਚ ਆਣ ਖਲੋ ਗਈਆਂ।
ਇਕ ਤੱਕ ਕੇ ਤਸੀਹਾ ਗਮ ਦਾ.......

ਰੀਕਾਰਡ– ਨਰਿੰਦਰ ਬੀਬਾ ਦੀ ਆਵਾਜ਼ ਐਚ.ਐਮ.ਵੀ.।

# ਸੱਥਰਾਂ ਤੇ ਸੌਣ ਵਾਲਿਆ

ਤੈਨੂੰ ਲੱਖ ਲੱਖ ਸੀਸ ਨਿਵਾਵਾਂ,
ਸ਼ੱਥਰਾਂ ਤੇ ਸੌਣ ਵਾਲਿਆ!
ਕਿਉਂ ਨਾ ਪੱਲਕਾਂ ਦੀ ਸੇਜ ਵਿਛਾਵਾਂ,
ਸੱਥਰਾਂ ਤੇ ਸੌਣ ਵਾਲਿਆ!
ਜੰਞੂ ਨਾ ਟੁੱਟਣ ਦਿੱਤੇ ਆਂਦਰਾਂ ਤੁੜਾ ਲਈਆਂ।
ਨੰਨ੍ਹੀਆਂ ਦੋ ਜਿੰਦਾਂ ਵਿਚ ਨੀਹਾਂ ਦੇ ਚਿਣਾਂ ਲਈਆਂ।
ਕਿਹੜੇ ਕਿਹੜੇ ਉਪਕਾਰ ਗਿਣਾਵਾਂ।
ਸੱਥਰਾਂ ਤੇ ਸੌਣ ਵਾਲਿਆ!
ਬਾਜ ਤੇਰਾ ਕਿਥੇ ਹੈ ਨੀਲਾ ਘੋੜਾ ਕਿਥੇ ਹੈ।
ਨਿੱਕਾ ਜੋੜਾ ਕਿਥੇ ਹੈ ਵੱਡਾ ਜੋੜਾ ਕਿਥੇ ਹੈ।
ਕਿਥੇ ਗਈਆਂ ਨੇ ਮਹੱਲਾਂ ਦੀਆਂ ਛਾਵਾਂ।
ਸੱਥਰਾਂ ਤੇ ਸੌਣ ਵਾਲਿਆ!
ਤੂੰਹੀਓਂ ਪਿਤਾ ਕਟਿਆ ਗੁਲਾਮੀ ਵਾਲੇ ਫੰਧ ਨੂੰ।
ਕੰਡਿਆਂ ਤੇ ਵੇਖਾਂ ਸੁੱਤਾ ਗੁਜਰੀ ਦੇ ਚੰਦ ਨੂੰ।
ਉਤੋਂ ਚੰਦ ਦੀਆਂ ਰੋਣ ਸੁਆਵਾਂ।
ਸੱਥਰਾਂ ਤੇ ਸੌਣ ਵਾਲਿਆ!
'ਸਫਰੀ' ਗੁਰਾਂ ਦਾ ਅੱਜ ਛੰਭ ਵਿਚ ਡੇਰਾ ਏ।
ਯਾਰੜੇ ਦਾ ਤਾਹੀਓਂ ਏਹਨੂੰ ਸੱਥਰ ਚੰਗੇਰਾ ਏ।
ਸਭ ਭੱਠ ਖੇੜਿਆਂ ਦੀਆਂ ਛਾਵਾਂ।
ਸੱਥਰਾਂ ਤੇ ਸੌਣ ਵਾਲਿਆ!

ਰੀਕਾਰਡ – ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਆਵਾਜ਼ ਵਿਚ।

# ਸਾਹਿਬਜ਼ਾਦਿਆਂ ਦਾ ਉੱਤਰ

ਫਤਹਿ ਸਿੰਘ ਜ਼ੋਰਾਵਾਰ।
ਅਸੀਂ ਆਏ ਤੇਰੇ ਘਰ।

ਸਾਨੂੰ ਜੀਊਣ ਦੀ ਜ਼ਰਾ ਵੀ ਸੂਬੇ ਲੋੜ ਨਾ।
ਠੂਠਾ ਮੌਤ ਦਾ ਢਰੋਂ ਨੀ ਖਾਲ੍ਹੀ ਮੋੜ ਨਾ।

ਇਹ ਸਾਡੇ ਵੱਡੇ ਤਨ ਤਵੀ ਤੇ ਤਪਾ ਲਿਆ।
ਦਾਦੇ ਨੇ ਵੀ ਸੀਸ ਜਾ ਕੇ ਦਿੱਲੀ 'ਚ ਕਟਾ ਲਿਆ।
ਅਜੀਤ ਤੇ ਜੁਝਾਰ ਸਾਹਮਣੇ ਪਿਤਾ ਦੇ ਸ਼ਹੀਦ ਹੋਏ,
ਪਿਆ ਲਹੂ ਉਤੇ ਲਹੂ ਸਾਨੂੰ ਰੋੜ੍ਹਨਾ।
ਠੂਠਾ ਮੌਤ ਦਾ............

ਮਾਰ ਮਾਰ ਕੋਰੜੇ ਤੂੰ ਲਾਹ ਸਾਡਾ ਚੰਮ ਦੇ।
ਸੂਰਮੇ ਜਹਾਨ ਤੇ ਨਹੀਂ ਵਾਰ ਵਾਰ ਜੰਮਦੇ।
ਨੇਕੀਆਂ ਦੀ ਗੱਲ ਪੱਲੇ ਬੰਨ੍ਹਣੀ ਏ ਅਸਾਂ ਪਰ,
ਭਾਂਡਾ ਬਦੀ ਦਾ ਚੁਰਾਹੇ ਵਿਚ ਫੋੜਨਾ।
ਠੂਠਾ ਮੌਤ ਦਾ............

ਸੂਬਿਆ ਧਿਆਨ ਨਾਲ ਸੁਣੀ ਸਾਡੀ ਗੱਲ ਨੂੰ।
ਤੋੜ ਕੇ ਨਾ ਇੱਟ ਲਾਵੀਂ ਸਿੱਖੀ ਦੇ ਮਹੱਲ ਨੂੰ।
ਗੋਡਿਆਂ ਤੋਂ ਕੰਧ ਵਿਗੀ ਹੁੰਦੀ ਏ ਤੇ ਹੋ ਜਾਵੇ,
ਗੋਡੇ ਸਾਡੇ ਤੋੜ ਇੱਟ ਤੋੜ ਨਾ।
ਠੂਠਾ ਮੌਤ ਦਾ............

'ਸਫਰੀ' ਸੁਨੇਹਾ ਸਾਡੇ ਪਿਤਾ ਨੂੰ ਪਹੁੰਚਾ ਦਿਓ।
ਪੁਛਿਆ ਤਾਂ ਨੀਂਹਾਂ ਵਿਚ ਪਿੰਜਰ ਦਿਖਾ ਦਿਓ।
ਦਾਦੀ ਨੂੰ ਕਹਿਉ ਜਾ ਕੇ ਠੰਡੜੇ ਬੁਰਜ ਵਿਚ,
ਜ਼ਿੰਦਗੀ ਦਾ ਮੁੱਲ ਮਾਏ ਲੱਖ ਤੇ ਕਰੋੜ ਨਾ।
ਠੂਠਾ ਮੌਤ ਦਾ............

ਰੀਕਾਰਡ – ਨਰਿੰਦਰ ਬੀਬਾ ਦੀ ਆਵਾਜ਼ 'ਚ।

## ਪੰਥ ਦੇ ਸ਼ਹੀਦਾਂ

ਪੰਥ ਦੇ ਸ਼ਹੀਦਾਂ ਦੀਆਂ,
ਗੱਲਾਂ ਨੇ ਨਿਆਰੀਆਂ।
ਆਪਣੇ ਲਹੂ 'ਚ ਜਿਨ੍ਹਾਂ,
ਆਪ ਲਾਈਆਂ ਤਾਰੀਆਂ।
ਪੰਥ ਦੇ ਸ਼ਹੀਦਾਂ...........

ਪੰਜਵਾਂ ਗੁਰੂ ਆ,
ਤੱਤੀ ਤਵੀ ਉਤੇ ਬਹਿ ਗਿਆ।
ਭੁੱਜ ਕੇ ਗੁਲਾਬ ਦੇਖੋ,
ਅੱਗ ਉਤੇ ਰਹਿ ਗਿਆ।
ਆਣ ਕੇ ਦੁਹੱਥੜਾਂ ਸੀ,
ਮੀਆਂ ਮੀਰ ਮਾਰੀਆਂ।
ਪੰਥ ਦੇ ਸ਼ਹੀਦਾਂ...........

ਪਿਤਾ ਦਸਮੇਸ਼ ਕਿੰਨਾ,
ਕਾਰਜੇ ਨੂੰ ਕੋਰਿਆ।
ਦਿੱਲੀ ਵਲ ਪਿਤਾ ਨੂੰ,
ਸ਼ਹੀਦ ਹੋਣ ਤੋਰਿਆ।
ਬੀਤ ਗਈਆਂ ਗੁਜਰੀ ਦੇ,
ਸੀਸ ਤੇ ਕਹਾਰੀਆਂ।
ਪੰਥ ਦੇ ਸ਼ਹੀਦਾਂ...........

ਦੇਗ 'ਚ ਉਬਾਲੇ ਖਾਂਦਾ,
ਕੋਈ ਵੀਰ ਬੋਲਿਆ।
ਵੇਖੀਂ ਆਰੇ ਵਾਲਿਆ !
ਤੂੰ ਦੇਖੀਂ ਕਿਤੇ ਡੋਲਿਆ।
ਜ਼ਾਲਮਾਂ ਦੇ ਸੀਨੇ ਵਿਚ,
ਧੱਸ ਗਈਆਂ ਆਰੀਆਂ।
ਪੰਥ ਦੇ ਸ਼ਹੀਦਾਂ............

ਬੰਦਗੀ 'ਚ ਕਿਸੇ,
ਬੰਦ ਬੰਦ ਕਟਵਾ ਲਿਆ।
ਹੱਸ ਹੱਸ ਕਿਸੇ ਨੇ,
ਖੋਪਰ ਲੁਹਾ ਲਿਆ।
ਸਿੱਖੀ ਪਿੱਛੇ ਜਾਨਾਂ ਵੀ,
ਨਹੀਂ ਕੀਤੀਆਂ ਪਿਆਰੀਆਂ।
ਪੰਥ ਦੇ ਸ਼ਹੀਦਾਂ............

ਰੀਕਾਰਡ– ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਅਵਾਜ਼ ਵਿਚ

# ਸਰ ਪਰ ਪੁਜਣਾ ਪੰਥ ਨੇ ਆਖਿਰ ਨਨਕਾਣੇ

ਉਹ ਜਾਣੇ ਦੁਨੀਆਂ ਜਿਸ ਤਰ੍ਹਾਂ ਵੀ ਮਰਜ਼ੀ ਜਾਣੇ।
ਸਿੰਘਾਂ ਲੈਣੇ ਛੱਡਣੇ ਨਹੀਂ ਵੈਰ ਪੁਰਾਣੇ।
ਜਿਹੜਾ ਸਾਡੇ ਵੱਲ ਨੂੰ ਜਾਣਕੇ ਹੁਣ ਹਿੱਕਾਂ ਤਾਣੇ।
ਉਹ ਕਫਨ ਪਹਿਲਾਂ ਆਪਣਾ ਰੱਖ ਲਵੇ ਸਰ੍ਹਾਣੇ।

ਕੋਈ ਸਿੰਘਾਂ ਵੱਲ ਅੱਖ ਉਘੇੜ ਕੇ ਦੇਖੇ।
ਕੋਈ ਮੱਥਾ ਨਾਲ ਅਸਾਡੜੇ ਭੇੜ ਕੇ ਦੇਖੇ।
ਕਿਸਮਤ ਦੀਆਂ ਟਿੰਡਾਂ ਪੁੱਠੀਆਂ ਗੇੜ ਕੇ ਦੇਖੇ।
ਅਸੀਂ ਵਣ ਵਿਚ ਸੁੱਤੇ ਸ਼ੇਰ ਹਾਂ ਕੋਈ ਛੇੜ ਕੇ ਦੇਖੇ।

ਸਾਡੀ ਤੇਗ ਫਰਾਟੇ ਮਾਰਦੀ ਕੋਈ ਨਾਗਨ ਸ਼ੂਕੇ।
ਲੱਖ ਦੁਸ਼ਮਣ ਫੂਕ ਦੇਸ਼ ਦੇ ਇਕੋ ਫੂਕੇ।
ਸਾਡੇ ਬੱਬਰ ਅਕਾਲੀ ਸੂਰਮੇ ਨਿਰੇ ਅੱਗ ਭਬੂਕੇ।
ਸਾਡੇ ਅਣਖੀ ਕੂਕੇ ਮੌਤ ਦੇ ਸਿਰ ਚੜ੍ਹਕੇ ਕੂਕੇ।

ਕੋਈ ਸਿੰਘਾਂ ਦੀਆਂ ਕੁਰਬਾਨੀਆਂ ਸੰਸਾਰ ਨੂੰ ਪੁਛੇ।
ਕਾਬਲ ਨੂੰ ਪੁਛੇ ਧਾਂਕ ਕੋਈ ਕੰਧਾਰ ਨੂੰ ਪੁਛੇ।
ਕੋਈ ਖੂਬਸੂਰਤੀ ਯਾਰ ਦੀ ਪਿਆਰੇ ਯਾਰ ਨੂੰ ਪੁਛੇ।
ਪਰ ਸਿੰਘ ਸੁਹੱਪਣ ਮੌਤ ਦਾ ਤਲਵਾਰ ਨੂੰ ਪੁੱਛੇ।

ਅਸੀਂ ਸਿੰਘ ਪਿਤਾ ਦਸਮੇਸ਼ ਦੇ ਕੁਲ ਦੁਨੀਆਂ ਜਾਣੇ।
ਅਸੀਂ ਪਹਿਣੇ ਸਦਾ ਸ਼ਹੀਦੀਆਂ ਦੇ ਨਾਲੇ ਬਾਣੇ।
ਸਿੰਘ ਤੇਗ਼ਾਂ ਫੜ ਕੇ ਲਾ ਮੌਤ ਨੂੰ ਦੇਣ ਟਕਾਣੇ।
ਅਸੀਂ 'ਸਫਰੀ' ਹੋ ਕੇ ਪੁੱਜਣਾ ਆਖਿਰ ਨਨਕਾਣੇ।

ਰੀਕਾਰਡ- ਨਰਿੰਦਰ ਬੀਬਾ ਦੀ ਅਵਾਜ਼ 'ਚ

## ਓ ਬਾਜਾਂ ਵਾਲਿਆ

ਨੂਰੀ ਮੁਖੜਾ ਵਿਖਾ ਜਾ ਬਾਜਾਂ ਵਾਲਿਆ !
ਸੁੰਞਾ ਛੱਡ ਕੇ ਅਨੰਦਪੁਰ ਸ਼ਹਿਰ ਨੂੰ,
ਏਨਾ ਦਸ ਜਾ ਤੂੰ ਡੇਰਾ ਕਿਥੇ ਲਾ ਲਿਆ।
ਓ ਬਾਜਾਂ ਵਾਲਿਆ !

ਵੱਡਾ ਜੂਝ ਕੇ ਸ਼ਹੀਦ ਜਦੋਂ ਹੋ ਗਿਆ।
ਛੋਟਾ ਸਾਹਿਬਜ਼ਾਦਾ ਉਠ ਕੇ ਖਲੋ ਗਿਆ।
ਗੁਰਾਂ ਖਿੜੇ ਮੱਥੇ ਤੋਰਿਆ ਜੁਝਾਰ ਨੂੰ,
ਕੋਈ ਕਹੇ ਨਾ ਕਿ ਇਕ ਨੂੰ ਲੁਕਾ ਲਿਆ।
ਓ ਬਾਜਾਂ ਵਾਲਿਆ !

ਮਾਹੀ ਮਾਛੀਵਾੜੇ ਕੰਡਿਆਂ ਤੇ ਸੌਂ ਗਿਆ।
ਰੰਗ ਚੰਦ ਤੇ ਸਤਾਰਿਆਂ ਦਾ ਭੌਂ ਗਿਆ।
ਸੂਲਾਂ ਤਿੱਖੀਆਂ ਸਰੀਰ ਵਿਚ ਚੁਭੀਆਂ,
ਮਾਨੋਂ ਕੰਡਿਆਂ ਨੇ ਗੰਗਾ ਵਿਚ ਨਹਾ ਲਿਆ।
ਓ ਬਾਜਾਂ ਵਾਲਿਆ !

ਆ ਕੇ ਨੀਂਹ ਥੱਲੇ ਫਤਹਿ ਸਿੰਘ ਬੋਲਿਆ।
ਮੈਂ ਨਹੀਂ ਪੱਥਰਾਂ ਦੇ ਭਾਰ ਥੱਲੇ ਡੋਲਿਆ।
ਜਿਹੜੇ ਅੱਥਰੂ ਬ੍ਰਾਹਮਣਾਂ ਦੇ ਡਿੱਗਦੇ,
ਭਾਰ ਉਨ੍ਹਾਂ ਦਾ ਨੀ ਜਾਂਦਾ ਓ ਸੰਭਾਲਿਆ।
ਓ ਬਾਜਾਂ ਵਾਲਿਆ !

ਗਿਆ ਦੁੱਖ ਨਾ ਬ੍ਰਾਹਮਣਾਂ ਦਾ ਝੱਲਿਆ।
ਦਿੱਲੀ ਪਿਤਾ ਨੂੰ ਸ਼ਹੀਦ ਹੋਣ ਘੱਲਿਆ।
ਹੱਥ 'ਸਫਰੀ' ਕਲੇਜੇ ਵਿਚ ਡੋਬ ਕੇ,
ਗੁਰਾਂ ਰੁੜੀ ਜਾਂਦੀ ਹਿੰਦ ਨੂੰ ਬਚਾ ਲਿਆ।
ਓ ਬਾਜਾਂ ਵਾਲਿਆ !

ਇਹ ਗੀਤ ਰਛਪਾਲ ਸਿੰਘ ਪਾਲ ਜਲੰਧਰ ਦੀ ਅਵਾਜ਼ ਵਿਚ ਰੀਕਾਰਡ ਹੈ।

## ਪੰਥ ਪਿਆਰੇ ਦਾ

ਕਲਗੀਧਰ ਪੰਥ ਪਿਆਰੇ ਦਾ,
ਇਕ ਹੁਕਮ ਬਜਾਕੇ ਤੁਰ ਚਲਿਆ।
ਚਮਕੌਰ ਗੜ੍ਹੀ ਦੀਆਂ ਕੰਧਾਂ ਨੂੰ,
ਸੋਚਾਂ ਵਿਚ ਪਾ ਕੇ ਤੁਰ ਚਲਿਆ।
ਦਯਾ ਸਿੰਘ ਨੇ ਹੁਕਮ ਸੁਣਾਇਆ ਏ।
ਕਲਗੀਧਰ ਸੀਸ ਨਿਵਾਇਆ ਏ।
ਮੇਰਾ ਚੜ੍ਹਦੀ ਕਲਾ ਵਿਚ ਪੰਥ ਰਹੇ,
ਮੁਖਵਾਕ ਸੁਣਾ ਕੇ ਤੁਰ ਚਲਿਆ।
ਕਲਗੀਧਰ............

ਬਿਜਲੀ ਪਈ ਲਿਸ਼ਕਾਂ ਮਾਰਦੀ ਏ।
ਦਿਸਦੀ ਪਈ ਲੋਥ ਜੁਝਾਰ ਦੀ ਏ।
ਇਕ ਪਿਤਾ ਧਰਮ ਲਈ ਪੁੱਤਰ ਦਾ,
ਅੱਜ ਪਿਆਰ ਭੁਲਾ ਕੇ ਤੁਰ ਚਲਿਆ।
ਕਲਗੀਧਰ............

ਜੱਗ ਖੱਟੀਆਂ ਖੱਟਦਾ ਆਇਆ ਏ।
ਹਰ ਪਾਸੇ ਸੂਦ ਸਵਾਇਆ ਏ।
ਇਹ ਨਵਾਂ ਵਪਾਰੀ ਦਿਨ ਦੀਵੀਂ,
ਘਰ ਬਾਰ ਲੁਟਾ ਕੇ ਤੁਰ ਚਲਿਆ।
ਕਲਗੀਧਰ............

ਦਸਮੇਸ਼ ਨਜ਼ਰ ਜਦ ਆਇਆ ਏ।
ਝੱਟ ਮੁਗਲਾਂ ਸ਼ੋਰ ਮਚਾਇਆ ਏ।
ਚਿੜੀਆਂ ਤੋਂ 'ਸਫਰੀ' ਬਾਜਾਂ ਦੇ,
ਅੱਜ ਖੰਭ ਤੁੜਾ ਕੇ ਤੁਰ ਚਲਿਆ।
ਕਲਗੀਧਰ............

ਰੀਕਾਰਡ - ਨਰਿੰਦਰ ਬੀਬਾ ਦੀ ਅਵਾਜ਼ ਐਚ.ਐਮ.ਵੀ.।

# ਖੂਨੀ ਦੀਵਾਰ

ਉਸਰ ਰਹੀ ਖੂਨੀ ਦੀਵਾਰ।
ਲਾਲ ਖੜੇ ਦੋ ਨੀਂਹਾਂ ਵਿਚਕਾਰ।
ਹੋ ਰਿਹਾ ਮਾਸੂਮਾਂ ਉਤੇ,
ਇਹ ਸਿੱਖੀ ਦਾ ਮਹਿਲ ਤਿਆਰ।

ਅੰਬਰ ਰੋਇਆ ਧਰਤੀ ਰੋਈ।
ਇਹ ਅਣਹੋਣੀ ਗੱਲ ਕਿਉਂ ਹੋਈ।
ਹਿੰਦੂ ਰੋਏ ਮੁਸਲਮ ਰੋਏ,
ਸਾਰੇ ਮੱਚ ਗਈ ਹਾਹਾਕਾਰ।
ਉਸਰ ਰਹੀ...........

ਕੰਧ ਪਹੁੰਚ ਗਈ ਛਾਤੀਆਂ ਤੋੜੀ।
ਫਤਹਿ ਸਿੰਘ ਨੇ ਇਹ ਗੱਲ ਮੋੜੀ।
ਧਰਮ ਛੋੜਨਾ ਨਹੀਂ ਸੂਬੇ,
ਕਰ ਲੈ ਭਾਵੇਂ ਜ਼ੁਲਮ ਹਜ਼ਾਰ।
ਉਸਰ ਰਹੀ...........

ਸੂਬੇ ਹੁਣ ਨਾ ਦੇਰ ਲਗਾਈਂ।
ਸਾਨੂੰ ਇੱਟਾਂ ਵਿਚ ਲੁਕਾਈਂ।
ਦਾਦੇ ਦੀ ਅਸਾਂ ਗੋਦ 'ਚ ਜਾਣਾ,
ਪਏ ਉਡੀਕਣ ਅਜੀਤ ਜੁਝਾਰ।
ਉਸਰ ਰਹੀ...........

ਹੱਦ ਜ਼ੁਲਮ ਦੀ ਮੁੱਕ ਚੱਲੀ ਏ।
ਰੱਤ ਦੋਹਾਂ ਦੀ ਮੁੱਕ ਚੱਲੀ ਏ।
ਸੋਹਲ ਜਿਹੇ ਦੋਹ ਫੁੱਲਾਂ ਉਤੇ,
ਹਾਏ ! ਇੱਟਾਂ ਦਾ ਏਨਾ ਭਾਰ।
ਉਸਰ ਰਹੀ..........

'ਸਫਰੀ' ਝੇੜੇ ਮੁੱਕ ਜਾਣੇ ਨੇ।
ਲਾਲ ਨੀਂਹਾਂ ਵਿਚ ਲੁਕ ਜਾਣੇ ਨੇ।
ਮਾਤਾ ਗੁਜਰੀ ਨੂੰ ਕੋਈ ਆਖੇ,
ਇਕ ਵਾਰੀ ਕਰ ਲੈ ਹੋਰ ਪਿਆਰ।
ਉਸਰ ਰਹੀ..........

ਰੀਕਾਰਡ– ਨਰਿੰਦਰ ਬੀਬਾ ਦੀ ਅਵਾਜ਼ 'ਚ।

# ਨੀਲਾ ਪੌਣ ਦਾ ਸਵਾਰ

ਨੀਲਾ ਪੌਣ ਦਾ ਸਵਾਰ।
ਜਾਣੇ ਕੁਲ ਸੰਸਾਰ।
ਅੱਜ ਚਲਦਾ ਮੈਦਾਨ ਵਿਚ ਰੁਕ ਰੁਕ ਰੁਕ।
ਜਾਣ ਅੱਥਰੂ ਅੱਖਾਂ ਦੇ ਵਿਚੋਂ ਬੁਕ ਬੁਕ ਬੁਕ।

ਟਾਲਿਆ ਹੁਕਮ ਨਾ ਜੋ ਪੰਥ ਦਾ ਅਟੱਲ ਸੀ,
ਨੀਲੇ ਦਾ ਸਵਾਰ ਪਿਆ ਗੜ੍ਹੀ ਵਿਚੋਂ ਚਲ ਸੀ,
ਜ਼ਰਾ ਕੁ ਅਗਾਂਹ ਆ ਕੇ ਨੀਲਾ ਗਿਆ ਖਲ ਸੀ,
ਕਰੇ ਕਿਸੇ ਨੂੰ ਸਲਾਮ ਪਿਆ ਝੁਕ ਝੁਕ ਝੁਕ।

ਬੱਦਲਾਂ 'ਚੋਂ ਬਿਜਲੀ ਝਮਕੇ ਪਈ ਮਾਰਦੀ,
ਸੁੰਮ ਵਲ ਨਿਗਾਹ ਹਾਏ ਗਈ ਜਾਂ ਦਾਤਾਰ ਦੀ,
ਲਹੂ ਵਿਚ ਭਿੱਜੀ ਹੋਈ ਲੋਥ ਸੀ ਜੁਝਾਰ ਦੀ,
ਰੋਇਆ ਚੰਨ ਬੱਦਲਾਂ ਦੇ ਵਿਚ ਲੁਕ ਲੁਕ ਲੁਕ।

ਨੀਲਿਆ ਦਿਖਾਈ ਵੀ ਤੂੰ ਪੂਰੇ ਮੇਰਾ ਪੱਖ ਵੇ,
ਮੋਤੀ ਕਿਉਂ ਲੁਟਾਈ ਜਾਨੈਂ ਬਾਰ ਬਾਰ ਅੱਖ ਦੇ,
ਤੂੰ ਪੈਰ ਮੇਰੇ ਪੁੱਤਰ ਦੀ ਲਾਸ਼ ਉਤੇ ਰੱਖ ਦੇ,
ਕਰਾਂ ਪੰਥ ਦਾ ਨਿਸ਼ਾਨ ਉੱਚਾ ਚੁਕ ਚੁਕ ਚੁਕ।

ਕਿਹਾ ਦਸਮੇਸ਼ ਗੱਲ ਕਰਾਂ ਤੇਰੇ ਵੱਲ ਦੀ,
ਪੀੜ ਕਿਉਂ ਨਹੀਂ ਮੈਨੂੰ ਮੇਰੇ ਪੁਤਰਾਂ ਦੇ ਸੱਲ ਦੀ,
ਨੀਂਹ ਕੱਚੀ ਰੱਖਣੀ ਨਹੀਂ ਸਿੱਖੀ ਦੇ ਮਹੱਲ ਦੀ,
ਪਿਆ ਵੇਖੂ ਆਸਮਾਨ ਉਤੋਂ ਝੁਕ ਝੁਕ ਝੁਕ।

'ਸਫਰੀ' ਜੰਜੀਰ ਮੋਹ ਮਾਇਆ ਵਾਲੇ ਤੋੜ ਦੇ,
ਹੱਥ ਦਾ ਪਿਆਰ ਨਹੀਂ ਸ਼ਹੀਦ ਕਦੇ ਲੋੜਦੇ,
ਚਿੱਤ ਵਾਹਿਗੁਰੂ ਦੀ ਪਰੀਤ ਨਾਲ ਜੋੜਦੇ,
ਅੱਜ ਜ਼ੁਲਮ ਦੀ ਕਹਾਣੀ ਗਈ ਮੁਕ ਮੁਕ ਮੁਕ।

ਇਹ ਗੀਤ ਨਰਿੰਦਰ ਬੀਬਾ ਦੀ ਅਵਾਜ਼ ਵਿਚ ਰੀਕਾਰਡ ਹੈ।

# ਦਾਦੀ ਮਾਂ

ਦਾਦੀ ਪੋਤਿਆਂ ਦਾ ਦਿਲ ਪਰਚਾਵੇ।
ਘੁਟ ਘੁਟ ਕੇ ਕਲੇਜੇ ਨਾਲ ਲਾਵੇ।
ਮੁੱਖ ਚੁੰਮੇ ਤੇ ਇੰਜ ਫੁਰਮਾਵੇ-
ਗਾਉ ਗੀਤ ਵਤਨ ਦੇ ਸੋਹਣਿਓ!
ਅੱਜ ਸ਼ਗਨਾਂ ਵਾਲੀ ਰਾਤ ਹੈ।
ਲਾੜੀ ਮੌਤ ਨਾਲ ਸਵੇਰੇ ਮੁਲਾਕਾਤ ਹੈ।
ਰੂਹ ਅੰਬਰੋਂ ਅਜੀਤ ਤੇ ਜੁਝਾਰ ਦੀ,
ਵਾਜਾਂ ਛੋਟਿਆਂ ਭਰਾਵਾਂ ਤਾਈਂ ਮਾਰਦੀ।
ਅੱਜ ਠੰਡੜੇ ਬੁਰਜ ਵਲ ਸੋਹਣਿਉਂ!
ਪਾਈ ਦਾਦੇ ਸੁਵਰਗਾਂ 'ਚੋਂ ਝਾਤ ਹੈ।
ਲਾੜੀ ਮੌਤ ਨਾਲ ਸਵੇਰੇ ਮੁਲਾਕਾਤ ਹੈ।

ਕਲ ਦਾਦੀ ਦਾ ਪਿਆਰ ਭੁੱਲ ਜਾਉਗੇ।
ਖੂਨੀ ਕੰਧ ਦੇ ਕਲਾਵੇ ਵਿਚ ਆਉਗੇ।
ਬੀਬਾ ਆਪਣੇ ਦੇ ਵਾਸਤੇ,
ਮਰ ਮਿਟਣਾ ਸਿੰਘਾਂ ਲਈ ਗੱਲਬਾਤ।
ਲਾੜੀ ਮੌਤ ਨਾਲ ਸਵੇਰੇ ਮੁਲਾਕਾਤ ਹੈ।

ਵੱਡੇ ਲਾਲ ਚਮਕੌਰ ਵਿਚ ਵਾਰ ਕੇ।
ਅੱਜ ਛੋਟਿਆਂ ਨੂੰ ਬੈਠੀ ਹਾਂ ਸ਼ਿੰਗਾਰ ਕੇ।
ਗੁਰੂ ਅਰਜਨ ਪੰਜਵੇਂ ਪਾਤਸ਼ਾਹ,
ਸਾਨੂੰ ਬਖਸ਼ੀ ਸ਼ਹੀਦੀਆਂ ਦੀ ਦਾਤ ਹੈ।
ਲਾੜੀ ਮੌਤ ਨਾਲ ਸਵੇਰੇ ਮੁਲਾਕਾਤ ਹੈ।

ਲੱਖ 'ਸਫਰੀ' ਤਸੀਹੇ ਸਾਨੂੰ ਸਹਿਣ ਦੇ।
ਸਾਨੂੰ ਆਪਣੀ ਰਜ਼ਾ ਦੇ ਵਿਚ ਰਹਿਣ ਦੇ।
ਕੋਈ ਆਂਖਓ ਨਾ ਜਾ ਦਸਮੇਸ਼ ਨੂੰ,
ਕਿਸ ਹਾਲ 'ਚ ਗੁਜਰੀ ਮਾਤ ਹੈ।
ਲਾੜੀ ਮੌਤ ਨਾਲ ਸਵੇਰੇ ਮੁਲਾਕਾਤ ਹੈ।

ਰੀਕਾਰਡ– ਨਰਿੰਦਰ ਬੀਬਾ ਦੀ ਅਵਾਜ਼ ਵਿਚ।

# ਜ਼ਾਲਮਾਂ ਨੂੰ ਪਈਆਂ ਦੰਦਲਾਂ

ਆਇਆ ਦਸਮੇਸ਼ ਦਾ ਪਿਆਰਾ।
ਜ਼ਾਲਮਾਂ ਨੂੰ ਪਈਆਂ ਦੰਦਲਾਂ,
ਉਹਦੀ ਤੇਗ਼ ਦਾ ਪਿਆ ਲਿਸ਼ਕਾਰਾ।
ਜ਼ਾਲਮਾਂ ਨੂੰ ਪਈਆਂ ਦੰਦਲਾਂ,
ਆਇਆ ਦਸਮੇਸ਼.........

ਪੱਥਰਾਂ ਦਾ ਨਾਮ ਮੋਏ ਮੰਦਰਾਂ 'ਚ ਬੋਲਿਆ।
ਸ਼ਾਵਾਸ਼ੇ ਤੂੰ ਪੰਡਤਾਂ ਸੰਧੂਰ ਅੱਜ ਘੋਲਿਆ।
ਤੇਰਾ ਚਮਕਿਆ ਮੱਥੇ ਦਾ ਤਾਰਾ।
ਜ਼ਾਲਮਾਂ ਨੂੰ ਪਈਆਂ ਦੰਦਲਾਂ,
ਆਇਆ ਦਸਮੇਸ਼.........

ਬੜੀ ਖੌਫਨਾਕ ਸੀ ਲੜਾਈ ਚਮਕੌਰ ਦੀ।
ਪੁਤਾਂ ਦੇ ਕੁਹਾਏ ਬਿਨਾਂ ਗੈਰ ਨਹੀਂ ਸੀ ਸੌਰਦੀ।
ਜਦੋਂ ਜੂਝਿਆ ਅਜੀਤ ਤੇ ਜੁਝਾਰ।
ਜ਼ਾਲਮਾਂ ਨੂੰ ਪਈਆਂ ਦੰਦਲਾਂ,
ਆਇਆ ਦਸਮੇਸ਼.........

'ਸਫਰੀ' ਪਿਲਾਈ ਓਹਨੇ ਪਾਹੁਲ ਖੰਡੇ ਧਾਰ ਦੀ।
ਮੌਤ ਵੀ ਸਿੰਘਾਂ ਦੇ ਅੱਗੇ ਦਮ ਨਹੀਉਂ ਮਾਰਦੀ।
ਇਕੋ ਹੱਦ ਉਤੇ ਪਿਆ ਲਿਸ਼ਕਾਰਾ।
ਜ਼ਾਲਮਾਂ ਨੂੰ ਪਈਆਂ ਦੰਦਲਾਂ,
ਉਹਦੀ ਤੇਗ ਦਾ ਪਿਆ ਲਿਸ਼ਕਾਰਾ।
ਆਇਆ ਦਸਮੇਸ਼.........

ਰੀਕਾਰਡ – ਸਰੂਪ ਸਿੰਘ ਸਰੂਪ ਰੇਡੀਓ ਆਰਟਿਸਟ ਦੀ ਅਵਾਜ਼ ਵਿਚ।

# ਅਜੀਤ ਤੇ ਜੁਝਾਰ

ਗਿਆ ਏ ਅਜੀਤ ਹੁਣ ਜਾਏਗਾ ਜੁਝਾਰ।
ਧੰਨ ਹੈਂ ਤੂੰ ਧੰਨ ਮੇਰੇ ਪਰਵਰਦਗਾਰ।
ਮਾਤਾ ਗੁਜਰੀ ਦੇ ਸਿਰ ਕਿੰਨਾ ਕੁ ਹੈ ਭਾਰ।
ਇਕ ਗਮ ਭੁੱਲਾ ਨਹੀਂ ਦੂਸਰਾ ਤਿਆਰ।
ਧੰਨ ਹੈਂ ਤੂੰ...............

ਸਰਸਾ ਨਦੀ ਦੇ ਕੰਢੇ ਹੋਇਆ ਘਮਸਾਨ ਸੀ।
ਮਾਵਾਂ ਨੂੰ ਨਾ ਰਹੀ ਉਥੇ ਪੁੱਤਾਂ ਦੀ ਪਛਾਣ ਸੀ।
ਇੱਕ ਜੋੜਾ ਕਿਸੇ ਬੰਨੇ, ਦੂਜਾ ਕਿਸੇ ਬੰਨੇ,
ਖੇਰੂ ਖੇਰੂ ਹੋ ਗਿਆ ਏ ਸਾਰਾ ਪਰਵਾਰ।
ਗਿਆ ਏ ਅਜੀਤ.............

ਪਿਤਾ ਨੂੰ ਜੁਝਾਰ ਸਿੰਘ ਕਹਿੰਦਾ ਹੱਥ ਜੋੜ ਕੇ।
ਵੈਰੀਆਂ ਦਾ ਮੈਂ ਵੀ ਲਹੂ ਪੀਣਾ ਏ ਨਚੋੜ ਕੇ।
ਅੱਗੇ ਦਸਮੇਸ਼ ਕਿਹਾ ਜਾ ਮੇਰੇ ਲਾਡਲੇ ਤੂੰ,
ਅੱਖਾਂ ਵਿਚ ਲੈ ਜਾ ਮੇਰਾ ਆਖਰੀ ਪਿਆਰ।
ਗਿਆ ਏ ਅਜੀਤ.............

ਦੂਜੇ ਬੰਨੇ ਵੇਖੋ ਕਿੰਨੀ ਸ਼ਾਨਦਾਰ ਗੱਲ ਏ।
ਦਿਸਦਾ ਸੁਨਿਹਰੀ ਜਿਹਾ ਸਿੱਖੀ ਦਾ ਮਹੱਲ ਏ।
ਪਿਤਾ ਦਸਮੇਸ਼ ਨੂੰ ਤੇ ਚਾ ਕਿੰਨਾ ਜਿਹਦੇ ਅੱਜ,
ਨਿੱਕੇ ਨਿੱਕੇ ਲਾਲਾਂ ਉਤੇ ਉਸਰੀ ਦੀਵਾਰ।
ਗਿਆ ਏ ਅਜੀਤ.............

ਧੰਨ ਜਿਗਰਾ ਹੈ ਮਾਤਾ ਗੁਜਰੀ ਦੇ ਲਾਲ ਦਾ।
'ਸਫਰੀ' ਅਜਿਹੀ ਕੋਈ ਘਾਲਣਾ ਨਹੀਂ ਘਾਲਦਾ।

ਪਿਤਾ ਵਾਰੇ ਪੁੱਤ ਵਾਰੇ ਵਾਰ ਦਿਤੀ ਅੰਮੜੀ,
ਵਾਰੀ ਵਾਰੀ ਵਾਰ ਦਿੱਤਾ ਸਾਰਾ ਪ੍ਰਵਾਰ।
ਗਿਆ ਏ ਅਜੀਤ.............

ਰੀਕਾਰਡ – ਨਰਿੰਦਰ ਬੀਬਾ ਦੀ ਅਵਾਜ਼ 'ਚ।

# ਅਜੀਤ ਵਾਜਾਂ ਮਾਰਦਾ

ਅੰਬਰਾਂ ਤੋਂ ਪਿਤਾ ਨੂੰ ਅਜੀਤ ਵਾਜਾਂ ਮਾਰਦਾ।
ਜੰਗ ਵਿਚ ਦੇਖਣਾ ਈ ਹੌਂਸਲਾ ਜੁਝਾਰ ਦਾ।
ਮੰਨਿਆ ਕਿ ਲਾਲ ਤੇਰਾ ਲਾਡਲਾ ਲੜਿਕਾ ਏ।
ਵੱਡਾ ਜ਼ੋਰਾਵਰ ਤੇ ਅਜੀਤ ਨਾਲੋਂ ਨਿੱਕਾ ਏ।
ਖਿੜੇ ਮੱਥੇ ਤੋਰ ਦੇ ਮੈਦਾਨ ਵਿਚ ਲਾਡਲੇ ਨੂੰ,
ਇਹਨੂੰ ਕਾਹਨੂੰ ਰਖਿਆ ਏ, ਇਹਨੂੰ ਕਿਉਂ ਨੀ ਵਾਰਦਾ।
ਜੰਗ ਵਿਚ ਦੇਖਣਾ..................

ਖਿੜੇ ਮੱਥੇ ਪਿਤਾ ਇਹਨੂੰ ਜੰਗ ਬੰਨੇ ਜਾਣ ਦੇ।
ਲੋਕ ਕੁਰਬਾਨੀ ਬਿਨਾਂ ਜ਼ਰਾ ਨਾ ਪਛਾਣਦੇ।
ਕਿਹੜਾ ਹੈ ਈ ਸੂਰਮਾ ਮੈਦਾਨ ਵਿਚ ਦੇਖ ਲਾਂਗੇ,
ਫੱਟ ਜਿਹੜਾ ਖਾਊ ਏਹਦੀ ਤੇਜ਼ ਤਲਵਾਰ ਦਾ।
ਜੰਗ ਵਿਚ ਦੇਖਣਾ..................

ਪਾਉਣ ਕੋਲ ਗੁਰਾਂ ਆਖ ਭੇਜਿਆ ਅਜੀਤ ਨੂੰ।
ਕਿਵੇਂ ਤੂੰ ਪਛਾਣਿਆ ਏ ਬੱਚਾ ਮੇਰੀ ਨੀਤ ਨੂੰ।
ਨਿੱਕੀ ਜਿਹੀ ਜਿੰਦ ਨੂੰ ਦਲਾਸਾ ਤਾਂ ਮੈਂ ਦੇ ਲਾਂ ਜ਼ਰਾ,
ਬਹੁਤਾ ਚਿਰ ਇਹਨੂੰ ਨਹੀਉਂ ਕੋਲ ਖਲਿਆਰਦਾ।
ਜੰਗ ਵਿਚ ਦੇਖਣਾ..................

ਇਹ ਵੀ ਮੇਰਾ ਲਾਡਲਾ ਸ਼ਹੀਦੀ ਹੁਣੇ ਪਾਏਗਾ।
ਦਾਦੇ ਦੇ ਕਲੇਜੇ ਨਾਲ ਜਾ ਲੱਗ ਜਾਏਗਾ।
ਦੇਸ਼ ਦਿਆਂ ਬਾਗਾਂ ਵਿਚ 'ਸਫਰੀ' ਬਹਾਰ ਆਊ,
ਰੰਗ ਸੂਹਾ ਪੈ ਕੇ ਲਹੂ ਮੇਰੇ ਪਰਵਾਰ ਦਾ।
ਅੰਬਰਾਂ ਤੋਂ ਪਿਤਾ ਨੂੰ ਅਜੀਤ ਵਾਜਾਂ ਮਾਰਦਾ।
ਜੰਗ ਵਿਚ ਦੇਖਣਾ..................

# ਧੰਨ ਧੰਨ ਗੁਰੂ ਗੋਬਿੰਦ ਸਿੰਘ

ਧੰਨ ਧੰਨ ਗੁਰੂ ਗੋਬਿੰਦ ਸਿੰਘ,
ਲੀਤਾ ਪਟਨੇ ਵਿਚ ਅਵਤਾਰ।
ਦੇਵਤਿਆਂ ਨੇ ਫੁੱਲ ਬਰਸਾਏ,
ਜੱਗ ਵਿਚ ਜੈ ਜੈ ਕਾਰ।

ਧੰਨ ਧੰਨ ਸਤਿਗੁਰੂ ਤੇਗ ਬਹਾਦਰ,
ਧੰਨ ਧੰਨ ਗੁਜਰੀ ਮਾਤਾ।
ਧੰਨ ਪਟਨੇ ਦੀ ਧਰਤੀ ਜਿਹਨੇ,
ਦੇਸ਼ ਦਾ ਦਰਦ ਪਛਾਤਾ।
ਸੋਢੀ ਬੰਸ ਵਿੱਚ ਇਕ ਫੁੱਲ ਖਿੜਿਆ,
ਮਹਿਕੀ ਲੱਖ ਬਹਾਰ। ਦੇਵਤਿਆਂ..........

ਨੀਲਾ ਅੰਬਰ ਨੀਲਾ ਘੋੜਾ,
ਨੀਲਾ ਨੀਲਾ ਬਾਣਾ।
ਸੀਸ ਤੇ ਸੋਹੇ ਨੂਰੀ ਕਲਗੀ,
ਸੁੰਦਰ ਰੂਪ ਸੁਹਾਣਾ।
ਅੱਜ ਸੰਗਤ ਦੇ ਚਿਹਰੇ ਵੇਖੇ,
ਖਿੜੀ ਹੋਈ ਗੁਲਜ਼ਾਰ। ਦੇਵਤਿਆਂ..........

ਮੰਦਰ ਅਤੇ ਪੁਜਾਰੀ ਜਾਗੇ,
ਜਾਗੇ ਸਭ ਖਿਆਲ।
ਸੰਖਾਂ ਦੀ ਆਵਾਜ਼ ਜਾਗ ਪਈ,
ਜਾਗ ਪਏ ਘੜਿਆਲ।
ਜੋ ਜ਼ਾਲਮ ਦਾ ਖ਼ੂਨ ਪੀਏਗੀ,
ਜਾਗ ਪਈ ਤਲਵਾਰ। ਦੇਵਤਿਆਂ..........

ਅੱਜ ਪਟਨੇ ਦੀਆਂ ਸੁੰਨੀਆਂ ਗਲੀਆਂ,
ਰੋਈਆਂ ਨੂਰੋ ਨੂਰ।
ਅੱਜ ਧਰਤੀ ਦੀ ਸਦੀਆਂ ਪਿਛੋਂ,
ਅਰਜ਼ ਹੋਈ ਮਨਜ਼ੂਰ।

ਅੱਜ ਭਾਰਤ ਦੇ ਸਿਰ ਤੋਂ,
ਹੋਇਆ 'ਸਫਰੀ' ਹੌਲਾ ਭਾਰ।
ਦੇਵਤਿਆਂ ਨੇ ਫੁੱਲ ਬਰਸਾਏ...

ਰੀਕਾਰਡ- ਨਰਿੰਦਰ ਬੀਬਾ ਦੀ ਅਵਾਜ਼ ਐਚ.ਐਮ.ਵੀ.।

# ਸਾਕਾ ਸਰਹਿੰਦ

ਜ਼ੋਰਾਵਰ ਤੇ ਫਤਹਿ ਸਿੰਘ ਦਸਮੇਸ਼ ਦੇ ਰਾਜ ਦੁਲਾਰੇ।
ਦਾਦੀ ਆਪ ਬਿਠਾਵਨ ਤੁਰ ਪਈ ਮੌਤ ਡੈਣ ਦੇ ਖਾਰੇ।
ਕੈਦ ਵਤਨ ਛੁਡਾਇਆ ਜਿਸਨੂੰ ਕੈਦ ਕਿਲ੍ਹੇ ਵਿਚ ਹੋਈ,
ਅਰਸ਼ੋਂ ਲੈਣ ਫਰਿਸ਼ਤੇ ਆਏ ਉਹਦੇ ਕਦਮਾਂ ਦੀ ਖੁਸ਼ਬੋਈ।

ਮਾਤਾ ਗੁਜਰੀ ਕੋਲ ਦੋ ਹੀਰੇ।
ਪਏ ਖੋਹਣ ਨੂੰ ਫਿਰਨ ਬਤੀਰੇ।
ਉਹਨੂੰ ਇਤਨਾ ਫਿਕਰ ਬਸ ਖਾਏ।
ਲੱਗ ਦਾਗ ਨਾ ਧਰਮ ਨੂੰ ਜਾਏ.........

ਮਾਤਾ ਸੀ ਮਹਾਨ ਮਹਿਮਾ ਦਸੀਏ ਕੀ ਓਸਦੀ।
ਵਾਰੀ ਵਾਰੀ ਲਾਲਾਂ ਦੀਆਂ ਪਿੱਠਾਂ ਨੂੰ ਪਲੋਸਦੀ।
ਕਦੇ ਦੇਖੇ ਛੋਟੜੇ ਨੂੰ ਕਦੇ ਦੇਖੇ ਵਡੜੇ ਨੂੰ,
ਮੁਖ ਚੁੰਮ ਤੇ ਇੰਜ ਫੁਰਮਾਏ।
ਲੱਗ ਦਾਗ ਨਾ ਧਰਮ ਨੂੰ ਜਾਏ.........

ਸੂਬੇ ਦੀ ਕਚਹਿਰੀ ਜਾ ਕੇ ਫਤਹਿ ਬੋਲਿਓ।
ਡੋਲ ਜਾਏ ਸੁਮੇਰ ਬੀਬਾ ਤੁਸੀਂ ਨਾ ਵੇ ਡੋਲਿਓ।
ਦਾਦੇ ਵਾਂਗੂੰ ਝਲਿਓ ਤਸੀਹੇ ਜਿੰਦ ਜਾਨ ਉਤੇ,
ਦਾਦਾ ਜਾਂਦਿਆਂ ਨੂੰ ਗਲ੍ਹ ਨਾਲ ਲਾਏ।
ਲੱਗ ਦਾਗ ਨਾ ਧਰਮ ਨੂੰ ਜਾਏ.........

ਵੱਡੇ ਮੇਰੇ ਲਾਡਲੇ ਅਜੀਭ ਤੇ ਜੁਝਾਰ ਹੋਏ।
ਆਪਣੇ ਧਰਮ ਉਤੋਂ ਹੱਸ ਕੇ ਨਿਸਾਰ ਹੋਏ।
ਨਿੱਕੇ ਮੇਰੇ ਪੋਤਰੇ ਨਿਸ਼ਾਨੀ ਮੇਰੀ ਆਖਰੀ ਸੀ,
ਹੋਣਾ ਇਹਨਾਂ ਨੇ ਵੀ ਕੱਲ ਨੂੰ ਪਰਾਏ।
ਲੱਗ ਦਾਗ ਨਾ ਧਰਮ ਨੂੰ ਜਾਏ.........

ਸੁਬ੍ਹਾ ਹੋਈ ਲਾਲਾਂ ਨੂੰ ਜਲਾਦ ਲੈਣ ਆ ਗਿਆ।
ਸਾਰੀ ਸਰਹੰਦ ਤੇ ਸਨਾਟਾ ਜਿਹਾ ਛਾ ਗਿਆ।
ਮਾਤਾ ਜੀ ਦੇ ਚੇਹਰੇ ਤੇ ਇਲਾਹੀ ਨੂਰ ਜਾਪਦਾ ਸੀ,
ਉਹ ਜਾਂਦਿਆਂ ਨੂੰ ਇੰਝ ਸਮਝਾਏ :-
ਲੱਗ ਦਾਗ ਨਾ ਧਰਮ ਨੂੰ ਜਾਏ.........

# ਸੂਬੇ ਦਾ ਗੁੱਸਾ ਸਾਹਿਬਜ਼ਾਦਿਆਂ ਦੀ ਦਲੇਰੀ

ਡਿੱਠਾ ਸਾਹਿਬਜ਼ਾਦੇ ਨਹੀਂ ਆਖਦੇ-
ਹੱਥ ਵਿਚ ਲਾ ਪਲੀਤੇ ਅੱਗ ਦੇ,
ਠੱਪ ਦਿੱਤੇ ਪੰਨੇ ਰਹਿਮ ਦੀ ਕਿਤਾਬ ਦੇ।
ਸਾੜ ਦਿੱਤੇ ਫੁੱਲ ਅੱਗ ਤੇ ਗੁਲਾਬ ਦੇ।

ਜਿਨ੍ਹਾਂ ਪਹੁਲ ਪੀਤੀ ਏ ਖੰਡੇ ਦੀ ਧਾਰ ਦੀ।
ਨਿੱਕੀ ਜਿਹੀ ਜੋੜੀ ਨਾ ਧਰਮ ਹਾਰਦੀ।
ਹੱਡ-ਹੱਡ ਭਾਵੇਂ ਸਾਡਾ ਤੋੜ ਭੰਨ ਦੇ।
ਸਾਹਿਬਜ਼ਾਦੇ ਈਨ ਨੀ ਜ਼ਰਾ ਵੀ ਮੰਨਦੇ।

ਸਾਹਿਬਜ਼ਾਦੇ ਵਾਰ ਵਾਰ ਇਹੋ ਆਖਦੇ।
ਅਸੀਂ ਸੂਬੇ ਫੁੱਲ ਹਾਂ ਸਿੱਖੀ ਦੀ ਸ਼ਾਖ ਦੇ।
ਸਾਨੂੰ ਤੇਰੇ ਜਿਹਾ ਨੀ ਅੰਨ੍ਹਾ ਪਛਾਣਦਾ।
ਪੀਰ ਬੁੱਧੂ ਸ਼ਾਹ ਹੈ ਸਾਰ ਜਾਣਦਾ।

ਜਾਣਦਾ ਹੈ ਸਾਨੂੰ ਜਾਂ ਨਵਾਬ ਕੋਟਲਾ।
ਤੂੰ ਤਾਂ ਸੀਸ ਬੰਨਿਆ ਜਨੂੰਨੀ ਪੋਟਲਾ।
ਭਾਵੇਂ ਖੂਨੀਂ ਹਾਥੀਆਂ ਦੇ ਅੱਗੇ ਬੰਨ੍ਹ ਦੇ।
ਸਾਹਿਬਜ਼ਾਦੇ ਈਨ ਨਹੀਂ ਜਰਾ ਵੀ ਮੰਨਦੇ।

ਉਠ ਗਈ ਕਚਹਿਰੀ ਵੇਲਾ ਹੋਇਆ ਜਾਣ ਦਾ।
ਹੋ ਗਿਆ ਹੁਕਮ ਨੀਂਹਾਂ 'ਚ ਚਨਾਣ ਦਾ।

ਲਾਲਾਂ ਨੂੰ ਜਲਾਦ ਘੂਰ ਘੂਰ ਦੇਖਦੇ।
ਪਾਟ ਗਏ ਨੇ ਕਾਗਜ਼ ਤੁਮਾਰੇ ਲੇਖ ਦੇ।

ਹਾਰ ਗਏ ਤੁਸਾਂ ਨੂੰ ਸਮਝਾਉਂਦੇ ਕੱਲ ਦੇ।
ਦੇਖਾਂਗੇ ਤਸੀਹੇ ਤੁਸੀਂ ਕੀਕੂੰ ਝੱਲਦੇ।
ਪਾਪ ਦੀਆਂ ਪੰਡਾਂ ਨੇ ਜਲਾਦ ਬੰਨ੍ਹਦੇ।
ਸਾਹਿਬਜ਼ਾਦੇ ਈਨ ਨੀ ਜ਼ਰਾ ਵੀ ਮੰਨਦੇ।

# ਸਾਹਿਬਜ਼ਾਦੇ ਕਚਹਿਰੀਓਂ ਵਾਪਸ ਪਰਤੇ ਦਾਦੀ ਕਹਿੰਦੀ ਏ!

ਮੇਰੇ ਲਾਡਲੇ ਲਾਲ ਦੇ ਲਾਲ, ਸਦਕੇ ਮੈਂ ਜਾਵਾਂ।
ਦਸੋ ਖੋਹਲ ਕੇ ਦਿਲਾਂ ਦਾ ਹਾਲ, ਸਦਕੇ ਮੈਂ ਜਾਵਾਂ।

ਸੂਬੇ ਨੇ ਕਚਹਿਰੀ ਵਿਚ ਕਹਿਰ ਕੀ ਗੁਜ਼ਾਰਿਆ।
ਚੰਗਾ ਹੋਇਆ ਬੀਬਾ ਤੁਸੀਂ ਹੌਂਸਲਾ ਨੀ ਹਾਰਿਆ।
ਤੁਹਾਡੇ ਚਿਹਰਿਆਂ ਤੇ ਵੱਖਰਾ ਜਲਾਲ;
ਸਦਕੇ ਮੈਂ ਜਾਵਾਂ।

ਵੱਡੇ ਵੀਰ ਤੁਸਾਂ ਦੇ ਸ਼ਹੀਦ ਹੋਏ ਹੱਸ ਕੇ।
ਹੋਣੀ ਨੇ ਕਲੇਜੇ ਤੀਰ ਮਾਰੇ ਕੱਸ ਕੇ।
ਬੜੀ ਕਰੜੀ ਸਿੱਖੀ ਦੀ ਘਾਲ;
ਸਦਕੇ ਮੈਂ ਜਾਵਾਂ।

ਹਾਏ ! ਮੇਰੇ ਲਾਡਲੇ ਜਲਾਦ ਕੋਲੋਂ ਆਏ ਨੇ।
ਹੱਥਾਂ ਵਿਚ ਅੱਗ ਦੇ ਪਲੀਤੇ ਕੀਹਨੇ ਲਾਏ ਨੇ।
ਕਿਵੇਂ ਬੀਤੀ ਤੁਸਾਂ ਦੇ ਨਾਲ;
ਸਦਕੇ ਮੈਂ ਜਾਵਾਂ।

ਸੂਬੇ ਦੀ ਕਚਹਿਰੀ ਵਿਚ ਬਚਿਓ ਨਾ ਡੋਲਣਾ।
ਵਾਹਿਗੁਰੂ ਵਾਹਿਗੁਰੂ ਵਾਰ ਵਾਰ ਬੋਲਣਾ।
ਨਾਲੇ ਦਾਦੇ ਵਲ ਰਖਿਓ ਖਿਆਲ;
ਸਦਕੇ ਮੈਂ ਜਾਵਾਂ।

# ਸ਼ਹੀਦੀ

ਹਾਏ! ਦਸਮ ਪਿਤਾ ਦਿਆਂ ਲਾਲਾਂ ਦਾ,
ਅਗੇ ਖ਼ੂਨ ਨੀਂਹਾਂ ਵਿਚ ਚੋਇਆ ਏ।
ਅੱਜ ਵਤਨ ਦੀਆਂ ਗੁਲਜ਼ਾਰਾਂ ਦਾ,
ਰੰਗ ਸੂਹਾ ਸੂਹਾ ਹੋਇਆ ਏ।
ਆ ਉਸਦੀ ਫੁਟ ਫੁਟ ਕੰਧ ਜਦੋਂ,
ਜਲਾਦ ਵੀ ਫੁੱਟ ਫੁੱਟ ਰੋਣ ਲੱਗਾ।
ਅੱਜ ਜੋੜਾ ਸੁੰਦਰ ਹੰਸਾਂ ਦਾ,
ਤਲਵਾਰ ਦੀ ਭੇਟਾ ਹੋਣ ਲੱਗਾ।
ਅੱਜ ਸੜ ਗਏ ਤਾਰੇ ਅੰਬਰ ਦੇ,
ਜ਼ਾਲਮ ਨੂੰ ਸੇਕ ਨਾ ਪੋਹਿਆ ਏ।
ਹਾਏ! ਦਸਮ ਪਿਤਾ.........

ਇਹ ਕਿਸ ਅੰਮੜੀ ਦੇ ਜਾਏ,
ਨੀਂਹਾਂ ਵਿਚ ਜਿਹਨਾਂ ਨੂੰ ਚਿਣਦੇ ਹੋ।
ਕੰਧ ਮਿਣਦੇ ਹੋ ਵਾਰ ਵਾਰ ਜਿਹੜੀ,
ਤੁਸੀਂ ਆਪਣੇ ਕਫਨ ਮਿਣਦੇ ਹੋ।
ਅੱਜ ਧਰਤੀ ਹਉਕੇ ਭਰਦੀ ਏ,
ਅਸਮਾਨ ਵੀ ਛਮ ਛਮ ਰੋਇਆ।
ਹਾਏ! ਦਸਮ ਪਿਤਾ.........

ਕੰਧ ਗਿੱਟੇ ਗਿੱਟੇ ਕੰਧ ਗੋਡੇ ਗੋਡੇ,
ਕੰਧ ਛਾਤੀਆਂ ਤੋੜੀ ਆਈ ਏ।

ਦਸਮੇਸ਼ ਦੇ ਲਾਲ ਅਡੋਲ ਰਹੇ,
ਮੂੰਹ ਜ਼ਾਲਮ ਦੇ ਜਰਦੀ ਛਾਈ ਏ।
ਮਾਤਾ ਗੁਜਰੀ ਨੇ ਰੱਤ ਕਲੇਜੇ ਦੀ,
ਪਾ ਕੇ ਦਾਗ਼ ਵਤਨ ਦਾ ਧੋਇਆ ਏ।
ਹਾਏ ! ਦਸਮ ਪਿਤਾ.........

ਰੀਕਾਰਡ– ਨਰਿੰਦਰ ਬੀਬਾ ਦੀ ਅਵਾਜ਼ ਐਚ.ਐਮ.ਵੀ. 'ਚ।

# ਮੈਂ ਸੂਬਾ ਸਰਹੰਦ, ਤੁਸੀਂ ਨਿਕੜੇ ਬਾਲ

ਸੂਬਾ - ਮੈਂ ਸੂਬਾ ਸਰਹੰਦ ਦਾ,
ਤੁਸੀਂ ਨਿੱਕੜੇ ਨਿੱਕੜੇ ਬਾਲ।
ਮੇਰੇ ਮੱਥੇ ਪਿੜਕਣ ਤਿਊੜੀਆਂ,
ਮੇਰਾ ਗੁੱਸਾ ਬੜਾ ਚੰਡਾਲ।
ਤੁਸੀਂ ਆਕੜ ਆਕੜ ਬੋਲਦੇ,
ਮੈਂ ਜਿਉਂ ਜਿਉਂ ਕਰਾਂ ਸਵਾਲ।
ਜੇ ਬਾਜ ਨੀ ਆਉਣਾ ਸੋਹਣਿਉਂ,
ਤੁਹਾਡਾ ਹੋਊ ਮੰਦੜਾ ਹਾਲ।

ਸਾਹਿਬਜ਼ਾਦੇ - ਅਸੀਂ ਕਲਗੀਧਰ ਦੇ ਲਾਡਲੇ,
ਤੇ ਮਾਂ ਜੀਤੋ ਦੇ ਲਾਲ।
ਸਾਡੇ ਸ਼ੇਰਾਂ ਵਰਗੇ ਹੌਂਸਲੇ,
ਅਤੇ ਹਾਥੀਆਂ ਵਰਗੀ ਚਾਲ।
ਜੋ ਨਹੀਂ ਵੀ ਕਰਨੀ ਸੂਬਿਆ,
ਉਹ ਵੀ ਕਰ ਲੈ ਸਾਡੇ ਨਾਲ।
ਤੁਸੀਂ ਬਦਲ ਕਦੀ ਨਹੀਂ ਸਕਦੇ,
ਸਾਡਾ ਸਿੱਖੀ ਵਲੋਂ ਖਿਆਲ।

ਸੂਬਾ - ਬੰਦ ਜੀਭਾ ਕਰ ਲਉ ਸੋਹਣਿਓਂ,
ਨਾ ਬੋਲੋ ਊਲ ਜਲੂਲ।
ਸਿੱਖ ਧਰਮ ਤਿਆਗੋ ਬੀਬੀਓ,
ਤੇ ਕਰ ਲਓ ਦੀਨ ਕਬੂਲ।

ਕੀ ਫੈਦਾ ਵਾਦ ਵਧਾਉਣ ਦਾ,
ਨਾ ਗੱਲ ਨੂੰ ਦੇਵੋ ਤੂਲ।
ਮੈਂ ਬਖਸ਼ ਦਿਆਂਗਾ ਗਲਤੀਆਂ,
ਸੂਲੀ ਤੋਂ ਬਣ ਜਾਊ ਸੂਲ।

ਸਾਹਿਬਜ਼ਾਦੇ - ਅਸੀਂ ਫਤਹਿ ਗੁਰੂ ਕੀ ਬੋਲਣੀ,
ਨਹੀਂ ਕਰਨੀ ਬੰਦ ਜ਼ਬਾਨ।
ਜਿਸ ਤਰ੍ਹਾਂ ਗੀਤਾ ਸੂਬਿਆ,
ਉਸ ਤਰ੍ਹਾਂ ਦਾ ਪਾਕ ਕੁਰਾਨ।
ਸੀ ਦਿੱਲੀ ਦੇ ਵਿਚ ਸੀਸ ਦਾ,
ਸਾਡਾ ਦਾਦਾ ਕਰ ਗਿਆ ਦਾਨ।
ਅਸੀਂ ਖਿੜੇ ਮੱਥੇ ਸਿੱਖ ਧਰਮ ਤੋਂ,
ਅੱਜ ਹੋ ਜਾਣਾ ਕੁਰਬਾਨ।

ਇਹ ਗੀਤ ਸਾਕਾ ਸਰਹੰਦ ਵਿਚੋਂ ਨਰਿੰਦਰ ਬੀਬਾ ਤੇ
ਅਮਰ ਸਿੰਘ ਰਾਣਾ ਦੀ ਅਵਾਜ਼ ਵਿਚ ਰੀਕਾਰਡ।

# ਨੌਵੇਂ ਗੁਰੂ ਜਦ ਕਤਲਗਾਹ 'ਚ ਆਏ

ਨੌਵੇਂ ਗੁਰੂ ਜਦ ਕਤਲਗਾਹ 'ਚ ਆਏ।
ਜਲਾਦਾਂ ਨੂੰ ਤੱਕ ਕੇ ਬੜੇ ਮੁਸਕਰਾਏ।
ਨੌਵੇਂ ਗੁਰੂ............
ਜਦੋਂ ਤੇਗ ਸਤਿਗੁਰ ਦੇ ਗਲ 'ਚ ਉਭਾਰੀ।
ਗਲ ਤੇ ਉਭਾਰੀ।
ਫਰਿਸ਼ਤੇ ਅਕਾਸ਼ੋਂ ਜਿਗਰ ਫੜ ਕੇ ਆਏ
ਜਲਾਦਾਂ ਨੂੰ ਤੱਕ ਕੇ ਬੜੇ ਮੁਸਕਰਾਏ।
ਨੌਵੇਂ ਗੁਰੂ............
ਗੁਰਾਂ ਆਂਦਰਾਂ ਦੀਆਂ ਡੋਰਾਂ ਬਣਾਈਆਂ।
ਡੋਰਾਂ ਬਣਾਈਆਂ।
ਜਨੇਊ ਬ੍ਰਾਹਮਣ ਨੇ ਤਾਂ ਗਲ 'ਚ ਪਾਏ।
ਜਲਾਦਾਂ ਨੂੰ ਤੱਕ ਕੇ ਬੜੇ ਮੁਸਕਰਾਏ।
ਨੌਵੇਂ ਗੁਰੂ............
ਮਤੀ ਦਾਸ ਨੂੰ ਏਨੀ ਛੇਤੀ ਨਾ ਚੀਰੋ।
ਛੇਤੀ ਨਾ ਚੀਰੋ।
ਜ਼ਰਾ ਪਾਠ ਕਰਦਾ ਏ ਪੂਰਾ ਹੋ ਜਾਏ।
ਜਲਾਦਾਂ ਨੂੰ ਤੱਕ ਕੇ ਬੜੇ ਮੁਸਕਰਾਏ।
ਨੌਵੇਂ ਗੁਰੂ............
ਸ਼ਹੀਦਾਂ ਨੂੰ ਸੌ ਵਾਰ ਪ੍ਰਣਾਮ 'ਸਫ਼ਰੀ'।
ਪ੍ਰਣਾਮ 'ਸਫ਼ਰੀ'।
ਮਿਟ ਕੇ ਜਿੰਨ੍ਹਾਂ ਸਾਡੇ ਦੁਖੜੇ ਮਿਟਾਏ।
ਜਲਾਦਾਂ ਨੂੰ ਤੱਕ ਕੇ ਬੜੇ ਮੁਸਕਰਾਏ।
ਨੌਵੇਂ ਗੁਰੂ............

ਰੀਕਾਰਡ- ਆਸਾ ਸਿੰਘ ਮਸਤਾਨਾ ਦੀ ਅਵਾਜ਼ ਵਿਚ।

# ਗੁਜਰੀ ਨੂੰ ਆਖਦਾ

ਸਰੂਪ ਸਿੰਘ-ਗੁਜਰੀ ਨੂੰ ਆਖਦਾ ਜਲਾਦ ਹੱਥ ਜੋੜ ਕੇ।
ਅੰਮੀਏ ਮਾਸੂਮਾਂ ਤਾਈਂ ਲੈ ਜਾ ਘਰ ਮੋੜ ਕੇ।
ਗੁਜਰੀ ਨੂੰ ਆਖਦਾ..........

ਊਸ਼ਾ ਰਾਣੀ - ਮਾਤਾ ਅੱਗੋਂ ਆਖਿਆ ਕੀ ਲੈਣਾ ਹੱਥ ਜੋੜ ਕੇ।
ਕਿਤੇ ਨਹੀਂ ਲਿਜਾਣਾ ਵੇ ਮੈਂ ਲਾਲਾਂ ਤਾਈਂ ਮੋੜ ਕੇ।
ਮਾਤਾ ਅਗੋਂ ਆਖਿਆ........

ਸਰੂਪ ਸਿੰਘ - ਪਿਤਾ ਦਾ ਕਸੂਰ ਹੈ ਤਾਂ ਪੁਤਾਂ ਨੂੰ ਕੀ ਪਤਾ ਹੈ।
ਆਖ ਜਾ ਕੇ ਸੂਬੇ ਨੂੰ ਮਾਸੂਮਾਂ ਦੀ ਕੀ ਖਤਾ ਹੈ।
ਇਹਨੂੰ ਭਾੜੇ ਭੰਗ ਦੇ ਤੂੰ ਅੰਮੀਏ ਲੁਟਾਵੀਂ ਨਾ,
ਪੂੰਜੀ ਦਸਮੇਸ਼ ਨੇ ਜੋ ਰੱਖੀ ਜੋੜ ਜੋੜ ਕੇ।
ਗੁਜਰੀ ਨੂੰ ਆਖਦਾ..........

ਊਸ਼ਾ ਰਾਣੀ-ਹੋ ਕੇ ਜਲਾਦ ਕਿਸੇ ਗਲੋਂ ਨਹੀਂਉਂ ਡਰੀ ਦਾ।
ਜਿਸ ਤੋਂ ਮਜੂਰੀ ਲਈਏ ਕੰਮ ਪੂਰਾ ਕਰੀ ਦਾ।
ਦੇਸ਼ ਫੁਲਵਾੜੀ ਦੇ ਸੀ ਫੁਲ ਕੁਮਲਾ ਗਏ,
ਬਾਜਾਂ ਵਾਲੇ ਖੂਨ ਦਿੱਤਾ ਦਿਲ ਦਾ ਨਚੋੜ ਕੇ।
ਮਾਤਾ ਅੱਗੋਂ ਆਖਿਆ........

ਸਰੂਪ ਸਿੰਘ-ਹੌਲੀਆਂ ਨੇ ਜ਼ਿੰਦਾ ਮਾਏ ਇੱਟਾਂ ਉਤੋਂ ਭਾਰੀਆਂ।
ਜਾਣੀਆਂ ਮਾਸੂਮਾਂ ਤੋਂ ਨਹੀਂ ਚੋਟਾਂ ਇਹ ਸਹਾਰੀਆਂ।
ਪੁੱਤਾਂ ਨਾਲੋਂ ਪੋਤਰੇ ਪਿਆਰੇ ਮਾਤਾ ਬਹੁਤ ਹੁੰਦੇ,
ਕਾਹਨੂੰ ਸੁਟੀ ਜਾਣਾ ਐਵੇਂ ਕਾਲਜਾ ਮਰੋੜ ਕੇ।
ਗੁਜਰੀ ਨੂੰ ਆਖਦਾ..........

ਊਸ਼ਾ ਰਾਣੀ-ਜਿਵੇਂ ਜਿਵੇਂ ਭਾਰ ਸੂਬਾ ਬੱਚਿਆਂ ਤੇ ਪਾਵੇਗਾ।
ਭਾਰਤ ਦੇ ਸਿਰੋਂ ਭਾਰ ਹੌਲਾ ਹੁੰਦਾ ਜਾਵੇਗਾ।
ਧਾਰ ਮੇਰੇ ਬਚਿਆਂ ਦੇ ਖ਼ੂਨ ਦੀ ਜੋ ਵਗੇਗੀ,
ਵਤਨਾਂ ਦੀ 'ਸਫ਼ਰੀ' ਗੁਲਾਮੀ ਲੈ ਜਾਊ ਰੋੜ੍ਹਕੇ।
ਮਾਤਾ ਅਗੋਂ ਆਖਿਆ ਕੀ ਲੈਣਾ ਹੱਥ ਜੋੜ ਕੇ।
ਕਿਤੇਂ ਨਹੀਂ ਲਿਜਾਣਾ ਵੇ ਮੈਂ ਲਾਲਾਂ ਤਾਈਂ ਮੋੜਕੇ।
ਮਾਤਾ ਅੱਗੋਂ ਆਖਿਆ........

ਰੀਕਾਰਡ – ਸਰੂਪ ਸਿੰਘ ਤੇ ਊਸ਼ਾ ਰਾਣੀ ਦੀ ਅਵਾਜ਼ 'ਚ।

# ਸੀਸ ਦੇ ਕੇ ਗੁਰਾਂ

ਸਰੂਪ ਸਿੰਘ- ਸੀਸ ਦੇ ਕੇ ਗੁਰਾਂ ਨੇ ਤਸੀਹਾ ਕਿੱਡਾ ਝੱਲਿਆ।
ਊਸ਼ਾ ਰਾਣੀ- ਕਿਸ ਦੇ ਬਦਲੇ ?
ਸਰੂਪ ਸਿੰਘ- ਹਾਏ ਸਾਡੇ ਬਦਲੇ।
ਹੱਸਦੇ ਗੁਲਾਬ ਵਿਚੋਂ ਲਹੂ ਕਿੰਨਾ ਚੱਲਿਆ।
ਊਸ਼ਾ ਰਾਣੀ- ਕਿਸ ਦੇ ਬਦਲੇ ?
ਸਰੂਪ ਸਿੰਘ- ਹਾਏ ਸਾਡੇ ਬਦਲੇ।
ਊਸ਼ਾ ਰਾਣੀ- ਰੋ ਕੇ ਬ੍ਰਾਹਮਣਾਂ ਨੇ ਦੁੱਖ ਜਦੋਂ ਦੱਸਿਆ।
ਲਹੂ ਦਿਤੇ ਬਿਨਾਂ ਹਲ ਹੋਣੀ ਨਹੀਂ ਸਮੱਸਿਆ।
ਰੋ ਕੇ ਬ੍ਰਾਹਮਣਾਂ ਨੇ ਦੁੱਖ ਜਦੋਂ ਦੱਸਿਆ।
ਲਹੂ ਦਿੱਤੇ ਬਿਨਾਂ ਹੱਲ ਹੋਣੀ ਨਹੀਂ ਸਮੱਸਿਆ।
ਸਰੂਪ ਸਿੰਘ- ਸੀਸ ਦੇਣ ਪਿਤਾ ਨੂੰ ਗੋਬਿੰਦ ਰਾਏ ਘੱਲਿਆ।
ਊਸ਼ਾ ਰਾਣੀ- ਕਿਸ ਦੇ ਬਦਲੇ ?
ਸਰੂਪ ਸਿੰਘ- ਹਾਏ ਸਾਡੇ ਬਦਲੇ।
ਸੀਸ ਦੇ ਕੇ ਗੁਰਾਂ ਨੇ ਤਸੀਹਾ ਕਿੱਡਾ ਝੱਲਿਆ।
ਊਸ਼ਾ ਰਾਣੀ - ਕਿਸ ਦੇ ਬਦਲੇ ?
ਸਰੂਪ ਸਿੰਘ - ਹਾਏ ਸਾਡੇ ਬਦਲੇ।
ਊਸ਼ਾ ਰਾਣੀ- ਜਿਹਦੀ ਖੋਪਰੀ ਤੇ ਤੁਸਾਂ ਆਰਾ ਰੱਖ ਲੀਤਾ ਏ।
ਦਸੋ ਇਹਨੇ ਜ਼ਾਲਮੋਂ ਕਸੂਰ ਕਿਹੜਾ ਕੀਤਾ ਏ।
ਜਿਹਦੀ ਖੋਪਰੀ ਤੁਸਾਂ ਆਰਾ ਰੱਖ ਲੀਤਾ ਏ।
ਦਸੋ ਇਹਨੇ ਜ਼ਾਲਮੋ ਕਸੂਰ ਕਿਹੜਾ ਕੀਤਾ ਏ।
ਸਰੂਪ ਸਿੰਘ- ਕਿਸੇ ਬੁਢੀ ਮਾਂ ਦਾ ਕਲੇਜਾ ਗਿਆ ਛਲਿਆ।
ਊਸ਼ਾ ਰਾਣੀ- ਕਿਸ ਦੇ ਬਦਲੇ ?

ਸਰੂਪ ਸਿੰਘ- ਹਾਏ ਸਾਡੇ ਬਦਲੇ।

ਸੀਸ ਦੇ ਕੇ ਗੁਰਾਂ ਨੇ ਤਸੀਹਾ ਕਿੱਡਾ ਝਲਿਆ।

ਊਸ਼ਾ ਰਾਣੀ- ਕਿਸ ਦੇ ਬਦਲੇ ?

ਸਰੂਪ ਸਿੰਘ- ਹਾਏ ਸਾਡੇ ਬਦਲੇ।

ਊਸ਼ਾ - ਸੁੰਦਰ ਸਰੀਰ ਹਾਏ ਮੱਖਣਾਂ ਦਾ ਪਾਲਿਆ।
ਜ਼ਾਲਮਾਂ ਨੇ ਉਬਲਦੀ ਦੇਗ 'ਚ ਉਬਾਲਿਆ।
ਸੁੰਦਰ ਸਰੀਰ ਹਾਏ ਮੱਖਣਾਂ ਦਾ ਪਾਲਿਆ।
ਜ਼ਾਲਮਾਂ ਨੇ ਉਬਲਦੀ ਦੇਗ 'ਚ ਉਬਾਲਿਆ।

ਸਰੂਪ - ਸੀਅ ਵੀ ਨਾ ਕੀਤੀ ਹਾਏ ਪਾਸਾ ਵੀ ਨਾ ਉਥਲਿਆ।

ਊਸ਼ਾ ਰਾਣੀ- ਕਿਸ ਦੇ ਬਦਲੇ ?

ਸਰੂਪ ਸਿੰਘ- ਹਾਏ ਸਾਡੇ ਬਦਲੇ।

ਸੀਸ ਦੇ ਕੇ ਗੁਰਾਂ ਨੇ ਤਸੀਹਾ ਕਿੱਡਾ ਝਲਿਆ।

ਊਸ਼ਾ ਰਾਣੀ- ਕਿਸ ਦੇ ਬਦਲੇ ?

ਸਰੂਪ ਸਿੰਘ- ਹਾਏ ਸਾਡੇ ਬਦਲੇ।

ਊਸ਼ਾ- 'ਸਫ਼ਰੀ' ਨਾ ਗੁਰਾਂ ਨੇ ਪਿਆਰ ਕੀਤਾ ਜਿੰਦ ਨੂੰ।
ਸੀਸ ਦੇ ਕੇ ਆਪਣਾ ਬਚਾਇਆ ਦੁਖੀ ਹਿੰਦ ਨੂੰ।
'ਸਫ਼ਰੀ' ਨਾ ਗੁਰਾਂ ਨੇ ਪਿਆਰ ਕੀਤਾ ਜਿੰਦ ਨੂੰ।
ਸੀਸ ਦੇ ਕੇ ਆਪਣਾ ਬਚਾਇਆ ਦੁਖੀ ਹਿੰਦ ਨੂੰ।

ਸਰੂਪ - ਮੌਤ ਦਾ ਦੁਆਰਾ ਸਚੇ ਪਾਤਸ਼ਾਹ ਨੇ ਮਲਿਆ।

ਊਸ਼ਾ ਰਾਣੀ - ਕਿਸ ਦੇ ਬਦਲੇ ?

ਸਰੂਪ ਸਿੰਘ - ਹਾਏ ਸਾਡੇ ਬਦਲੇ।

ਸੀਸ ਦੇ ਕੇ ਗੁਰਾਂ ਨੇ ਤਸੀਹਾ ਕਿੱਡਾ ਝਲਿਆ।

ਊਸ਼ਾ ਰਾਣੀ - ਕਿਸ ਦੇ ਬਦਲੇ ?

ਸਰੂਪ ਸਿੰਘ - ਹਾਏ ਸਾਡੇ ਬਦਲੇ।

ਰੀਕਾਰਡ - ਸਰੂਪ ਸਿੰਘ ਸਰੂਪ ਤੇ ਊਸ਼ਾ ਰਾਣੀ ਦੀ ਅਵਾਜ਼ ਵਿਚ।

# ਦੇਸ਼ ਨਾਲ ਦਾਤਿਆ ਪਿਆਰ ਤੇਰਾ ਦੇਖਿਆ

ਦੇਸ਼ ਨਾਲ ਦਾਤਿਆ, ਪਿਆਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।
ਦੇਸ਼ ਨਾਲ ਦਾਤਿਆ, ਪਿਆਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।
ਅਸੀਂ ਦੁਖੀਆਂ ਨੇ ਜਦੋਂ ਦੁੱਖ ਦਸਿਆ ਆ ਕੇ।
ਪਿਤਾ ਨੇ ਕਟਾਇਆ ਸੀਸ ਦਿੱਲੀ ਵਿਚ ਜਾ ਕੇ।
ਏਡਾ ਵੱਡਾ ਹੌਂਸਲਾ ਦਾਤਾਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।
ਵਡਿਆਂ ਨੇ ਨਦੀ ਤੋਂ ਵਿਛੋੜਾ ਜਦੋਂ ਪਾ ਲਿਆ।
ਛੋਟਿਆਂ ਨੂੰ ਦਾਦੀ ਨੇ ਕਲੇਜੇ ਨਾਲ ਲਾ ਲਿਆ।
ਅੱਧਾ ਦਿਲ ਆਰ, ਅੱਧਾ ਪਾਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।
ਪਾਈਆਂ ਫਤਿਹ ਸਿੰਘ ਜ਼ੋਰਾਵਰ ਨੇ ਕਹਾਣੀਆਂ।
ਕੰਧਾਂ ਵਿਚੋਂ ਲੋਥਾਂ ਜਾ ਕੇ ਕਿਸੇ ਨਾ ਪਛਾਣੀਆਂ।
ਜੂਝਦਾ ਅਜੀਤ ਤੇ ਜੁਝਾਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।
'ਸਫ਼ਰੀ' ਹਜ਼ਾਰਾਂ ਹਠੀ ਹਿੰਦ ਉਤੇ ਆਏ ਨੇ।
ਚਾਰੇ ਪੁੱਤ ਦਸੋ ਕਿਹਨੇ ਦੇਸ਼ ਤੋਂ ਕੁਹਾਏ ਨੇ।
ਬੜਾ ਹੀ ਅਨੋਖਾ ਉਪਕਾਰ ਤੇਰਾ ਦੇਖਿਆ।
ਖੇਰੂੰ ਖੇਰੂੰ ਹੋਇਆ ਪਰਵਾਰ ਤੇਰਾ ਦੇਖਿਆ।

ਰੀਕਾਰਡ - ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼।

# ਕਤਲਗਾਹ 'ਚ ਮੈਂ ਸਿਰ ਕਦੋਂ ਦਾ ਨਿਵਾਇਆ

ਕਤਲਗਾਹ 'ਚ ਮੈਂ ਸਿਰ ਕਦੋਂ ਦਾ ਨਿਵਾਇਆ।
ਕਾਤਲ ਨੂੰ ਪੁੱਛੋ ਪਛੜ ਕੇ ਕਿਉਂ ਆਇਆ।
ਤੂੰ ਜ਼ਾਲਮ ਔਰੰਗਾ, ਮੈਂ ਤੇਗ ਬਹਾਦਰ।
ਮੈਂ ਭਾਰਤ ਮਾਤਾ ਦੇ ਹਾਂ ਸਿਰ ਦੀ ਚਾਦਰ।
ਮੇਰੇ ਸੀਸ 'ਤੇ ਗੁਰੂ ਅਰਜਨ ਦਾ ਸਾਇਆ।
ਕਾਤਲ ਨੂੰ ਪੁੱਛੋ............
ਇਹ ਨਾਨਕ ਦੀ ਸਿੱਖੀ ਦਾ ਹੈ ਇਸ਼ਕ ਨਿਆਰਾ।
ਕਦੇ ਸਿਰ ਤੇ ਚੌਰੀ ਕਦੇ ਸਿਰ ਤੇ ਆਰਾ।
ਸ਼ਹੀਦਾਂ ਦਾ ਕੋਈ ਭੇਤ ਜਾਂਦਾ ਨੀ ਪਾਇਆ।
ਕਾਤਲ ਨੂੰ ਪੁੱਛੋ............
ਮਤੀਦਾਸ ਤੇ ਆਰਾ ਚਲਦਾ ਪਿਆ ਏ।
ਦਿਆਲਾ ਵੀ ਦੇਗੇ ਉਬਲਦਾ ਪਿਆ ਏ।
ਸਿਦਕੀ ਸਿੰਘਾਂ ਸਿਦਕ ਕੈਸਾ ਨਿਭਾਇਆ।
ਕਾਤਲ ਨੂੰ ਪੁੱਛੋ............
ਮੈਂ ਸੀਸ 'ਸਫ਼ਰੀ' ਕਟਾ ਕੇ ਰਹਾਂਗਾ।
ਤੇ ਪਾਪਾਂ ਦੀ ਅਗਨੀ ਬੁਝਾ ਕੇ ਰਹਾਂਗਾ।
ਮੇਰੇ ਦਿਲ 'ਚ ਆਪਣਾ ਤੇ ਨਾ ਹੈ ਪਰਾਇਆ।
ਕਾਤਲ ਨੂੰ ਪੁੱਛੋ............

ਰੀਕਾਰਡ – ਸਰੂਪ ਸਿੰਘ ਸਰੂਪ ਰੇਡੀਉ ਸਿੰਗਰ ਨੇ ਕਰਵਾਇਆ।

# ਨਾਮ ਖੁਮਾਰੀ ਨਾਨਕਾ

ਨਾਮ ਖੁਮਾਰੀ ਨਾਨਕਾ!
ਚੜ੍ਹੀ ਰਹੇ ਦਿਨ ਰਾਤ।

ਹੱਥ ਜੋੜ ਕੇ ਗੁਰਾਂ ਤੋਂ,
ਮੈਂ ਮੰਗਾਂ ਖੈਰਾਤ।
ਇਹ ਅਰਸ਼ਾਂ ਦੇ ਦਾਤਿਆ!
ਹਰੀ ਨਾਮ ਦੀ ਦਾਤ।
ਤੈਨੂੰ ਸੰਗਤ ਪਈ ਉਡੀਕਦੀ,
ਇਕ ਪੱਲ ਪਾ ਜਾ ਝਾਤ।
ਰਾਤ ਵੀ ਉਜਲੀ ਨਾਮ ਥੀਂ,
ਉਜਲੀ ਹੈ ਪ੍ਰਭਾਤ।
ਨਾਮ ਨਸ਼ੇ ਦੇ ਸਾਹਮਣੇ,
ਹੋਰ ਨਸ਼ੇ ਸਭ ਮਾਤ।
ਨਾਮ ਖੁਮਾਰੀ ਨਾਨਕਾ!
ਚੜ੍ਹੀ ਰਹੇ ਦਿਨ ਰਾਤ।

ਪਉੜੀ ਜਪੁਜੀ ਸਾਹਿਬ ਦੀ,
ਚੜ੍ਹਦੀ ਜਾਏ ਅਕਾਸ਼।
ਸ਼ਬਦ ਹਜ਼ਾਰੇ ਕਰਨ ਪਏ,
ਦੁਖ ਹਜ਼ਾਰਾਂ ਨਾਸ।
ਸੁਖਮਨੀ ਵਿਚ ਸੈਂਕੜੇ,
ਹੈ ਸੁੱਖਾਂ ਦਾ ਵਾਸ।
ਰਹਿਰਾਸ ਨੂੰ ਪੜ੍ਹਦਿਆਂ,

ਜੀਵਨ ਆਵੇ ਰਾਸ।
ਕੀਰਤਨ ਸੋਹਲਾ ਪੜ੍ਹਦਿਆਂ,
ਜਮ ਤੋਂ ਮਿਲੇ ਨਜ਼ਾਤ।
ਨਾਮ ਖੁਮਾਰੀ ਨਾਨਕਾ!
ਚੜ੍ਹੀ ਰਹੇ ਦਿਨ ਰਾਤ।

ਨਾਮ ਦੇਵ ਨੇ ਨਾਮ ਦਾ,
ਪੀਤਾ ਨਿਰਮਲ ਨੀਰ।
ਬਦਲੀ ਹਰਿ ਕੇ ਨਾਮ ਨੇ,
ਸਧਣੇ ਦੀ ਤਕਦੀਰ।
ਜਪਿਆ ਨਾਮ ਕਬੀਰ ਨੇ,
ਹੋਈ ਕਬੀਰ ਕਬੀਰ।
ਧੂੜੀ ਇਕ ਰਵਿਦਾਸ ਦੇ,
ਚਰਨਾਂ ਦੀ ਅਕਸੀਰ।
ਨਾਮ ਨਾ ਪੁਛਦਾ ਮਰਤਬਾ,
ਨਾਮ ਨਾ ਪੁਛਦਾ ਜ਼ਾਤ।
ਨਾਮ ਖੁਮਾਰੀ ਨਾਨਕਾ!
ਚੜ੍ਹੀ ਰਹੇ ਦਿਨ ਰਾਤ।

ਨਾਮ ਖੁਮਾਰੀ ਨਾਨਕਾ..........

# ਸਾਕਾ ਚਮਕੌਰ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਧਰਮ ਰਖਿਅਕ ਦੁਖੀਆਂ ਦੇ ਦਰਦੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਦੇ ਕਿਨਾਰੇ ਉਤੇ-

ਗੁਰੂ ਕੇ ਸਿੰਘਾਂ ਦੇ ਨਦੀ ਨਾਲ ਜਵਾਬ ਤੇ ਸਵਾਲ !

## ਗੀਤ

ਸਿੰਘ - ਹੇ ਸਰਸਾ ਨਦੀਏ ਹੇ ਸਰਸਾ ਨਦੀਏ।
ਅਸੀਂ ਸਰ ਪਰ ਪੁਜਣਾ ਹੈ ਓਸ ਕਿਨਾਰੇ।
ਸਾਡੇ ਪੈਂਡੇ ਬਿਖੜੇ ਸਾਡੇ ਪੰਧ ਨਿਆਰੇ।
ਹੇ ਸਰਸਾ ਨਦੀਏ..........

ਨਦੀ - ਮੈਂ ਸਰਸਾ ਰਾਣੀ ਮੈਂ ਸਰਸਾ ਰਾਣੀ।
ਮੇਰਾ ਤੇਜ਼ ਬਹਾਓ ਮੇਰਾ ਰੋਹੜੂ ਪਾਣੀ।
ਤੁਸੀਂ ਸਰ ਪਰ ਪੁਜਣਾ ਜੇ ਓਸ ਕਿਨਾਰੇ।
ਰੱਖ ਤਲੀ ਤੇ ਜਾਨਾਂ ਕਰ ਲਵੋ ਤਿਆਰੇ।
ਮੈਂ ਸਰਸਾ ਰਾਣੀ..........

ਸਿੰਘ - ਹੇ ਸਰਸਾ ਨਦੀਏ ਅਸੀਂ ਅੰਮ੍ਰਿਤਧਾਰੀ।
ਸਾਡੀ ਲੜਨ ਮਰਨ ਦੀ ਹਰ ਵਕਤ ਤਿਆਰੀ।
ਉਹ ਸਿੰਘ ਕਦੋਂ ਦਾ ਜਿਹੜਾ ਹਿੰਮਤ ਹਾਰੇ।
ਅਸੀਂ ਸਰ ਪਰ ਪੁਜਣਾ ਹੈ ਓਸ ਕਿਨਾਰੇ।
ਹੇ ਸਰਸਾ ਨਦੀਏ..........

ਨਦੀ - ਹੈ ਦਸਮ ਪਿਤਾ ਦਾ ਅੱਜ ਕਿਤੇ ਵਲ ਮੋੜਾ।
ਇਕ ਏਧਰ ਜੋੜਾ ਇਕ ਓਧਰ ਜੋੜਾ।

ਪੁੱਤ ਏਧਰ ਕਿਨਾਰੇ ਮਾਂ ਓਸ ਕਿਨਾਰੇ।
ਰੱਖ ਤਲੀ ਤੇ ਜਾਨਾਂ ਕਰ ਲਵੋ ਤਿਆਰੇ।
ਮੈਂ ਸਰਸਾ ਰਾਣੀ.........

ਸਿੰਘ – ਹਰ ਜ਼ਖ਼ਮ ਵਤਨ ਦਾ ਸਾਡੇ ਗੁਰਾਂ ਨੇ ਸੀਤਾ।
ਕੱਲ ਪਿਤਾ ਧਰਮ ਦੀ ਸੀ ਅਰਪਣ ਕੀਤਾ।
ਅੱਜ ਵਾਰ ਦਵੇਗਾ ਉਹ ਪੁੱਤਰ ਚਾਰੇ।
ਅਸੀਂ ਸਰ ਪਰ ਪੁਜਣਾ ਹੈ ਓਸ ਕਿਨਾਰੇ।
ਹੇ ਸਰਸਾ ਨਦੀਏ.........

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਣਗਿਣਤ ਮੁਸੀਬਤਾਂ ਦਾ ਟਾਕਰਾ ਕਰਦੇ ਹੋਏ ਚਮਕੌਰ ਦੀ ਕੱਚੀ ਗੜ੍ਹੀ ਦੇ ਨੇੜੇ ਜਾ ਪਹੁੰਚਦੇ ਨੇ ਅਤੇ ਸਿੰਘਾਂ ਨੂੰ ਸੰਬੋਧਨ ਕਰਕੇ ਇਉਂ ਆਖਣ ਲੱਗੇ।

## ਵਾਰ

ਜਦ ਬਾਜ਼ਾਂ ਵਾਲੇ ਪਾਤਸ਼ਾਹ,
ਸਰਸਾ ਤੋਂ ਨਿਕਲੇ ਪਾਰ।
ਸਿੰਘ ਰਣ ਵਿਚ ਰਹਿ ਗਏ,
ਡੇਢ ਸੌ ਸੀ ਪਹਿਲਾਂ ਡੇਢ ਹਜ਼ਾਰ।
ਕੁਝ ਭੇਟਾ ਹੋ ਗਏ ਨਦੀ ਦੀ,
ਕੁਝ ਮੁੜ ਗਏ ਹੋ ਲਾਚਾਰ।
ਫਤਹਿ ਸਿੰਘ ਤੇ ਜ਼ੋਰਾਵਰ ਸਿੰਘ,
ਦਸਮੇਸ਼ ਦਾ ਬਰਖਰਦਾਰ।
ਦਾਦੀ ਨਾਲ ਖੇੜੀ ਤੁਰ ਗਏ,
ਕਰ ਗੰਗੂ ਤੇ ਇਤਬਾਰ।
ਅੱਜ ਪੱਤ-ਝੜ ਖਿੜ ਖਿੜ ਹੱਸਦੀ,
ਤੇ ਰੋਂਦੀ ਰੁੱਤ ਬਹਾਰ।
ਸਿੰਘਾਂ ਨੂੰ ਬੋਲੇ ਸਤਿਗੁਰੂ,
ਤੁਸੀਂ ਵਤਨ ਦੇ ਪਹਿਰੇਦਾਰ।
ਇਕ ਕਦਮ ਪਿਛਾਂਹ ਨਹੀਂ ਪਰਤਣਾ,
ਭਾਵੇਂ ਜਿੱਤ ਹੋਵੇ ਭਾਵੇਂ ਹਾਰ।

ਦਿਲੀ ਤੋਂ ਫੌਜਾਂ ਪਹੁੰਚੀਆਂ,
ਆ ਕਰਦੀਆਂ ਮਾਰੋ ਮਾਰ।
ਮੁਲਖਈਆ ਕੱਠਾ ਹੋ ਗਿਆ,
ਦਲ ਰਲ ਗਏ ਬੇ-ਸ਼ੁਮਾਰ।
ਜਿਹੜਾ ਜੀਊਂਦਾ ਫੜ ਲਏ ਗੁਰੂ ਨੂੰ,
ਉਹਦਾ ਘਰ ਭਰ ਦਊ ਸਰਕਾਰ।
ਕਈ ਲੱਖਾਂ ਪੈਦਲ ਸੂਰਮੇਂ,
ਕਈ ਲੱਖਾਂ ਘੋੜ ਸਵਾਰ।
ਦਸਮੇਸ਼ ਪਿਤਾ ਇਸ ਬੋਲ ਨੂੰ,
ਸੀ ਸਕਦੇ ਕਿਵੇਂ ਸਹਾਰ।
ਉਹਦੇ ਤੀਰਾਂ ਜੀਭਾਂ ਕੱਢੀਆਂ,
ਉਹਦੀ ਫੜਕ ਪਈ ਤਲਵਾਰ।
ਫਰਮਾਇਆ ਸਿੰਘੋ ਸੂਰਿਓ,
ਹੁਣ ਹੋ ਜਾਵੋ ਹੁਸ਼ਿਆਰ।
ਮਾਵਾਂ ਨੀ ਜਣਦੀਆਂ ਸੂਰਮੇਂ,
ਇਸ ਜਗ ਵਿਚ ਵਾਰ ਵਾਰ।
ਜਿਹੜਾ ਘੜਿਆ ਭਾਂਡਾ ਸੋਹਣਿਉਂ,
ਉਹ ਭਜਣਾ ਆਖਿਰਕਾਰ।
ਹੈ ਬੇ-ਅਣਖਾਂ ਦਾ ਜੀਵਣਾ,
ਇਸ ਦੁਨੀਆਂ ਵਿਚ ਧ੍ਰਿਗਕਾਰ।
ਅਸੀਂ ਵੱਢ ਵੱਢ ਕਰਨੇ ਡਕਰੇ,
ਵੈਰੀ ਦੇ ਰਣ ਵਿਚਕਾਰ।
ਇਕ ਕਦਮ ਪਿਛਾਂਹ ਨਹੀਂ ਹਟਣਾ,
ਭਾਵੇਂ ਜਿਤ ਹੋਵੇ ਭਾਵੇਂ ਹਾਰ।

ਸਤਿਗੁਰੂ ਜੀ ਦਾ ਇਹ ਜੋਰਦਾਰ ਫੁਰਮਾਣ ਸੁਣ ਕੇ ਸਿੰਘਾਂ ਦੀ ਗੈਰਤ ਹੋਰ ਵੀ ਭੜਕ ਉਠੀ ਤੇ ਕਹਿਣ ਲੱਗੇ, ਹੇ ਸਤਿਗੁਰੂ ਜੀ ਤੇਗ ਪਕੜ ਕੇ ਅਸੀਂ ਵੈਰੀ ਦਲ ਦਾ ਸਫਾਇਆ ਨਾ ਕਰ ਦਈਏ ਤਾਂ ਅਸੀਂ ਕਦੀ ਵੀ ਤੇਰੇ ਸਿੰਘ ਨਹੀਂ ਅਖਵਾ ਸਕਦੇ।

## ਗੀਤ

ਅਸੀਂ ਤੇਗ ਨਾ ਚਲਾਈਏ,
ਰਣੋਂ ਪਿਛਾਂਹ ਹਟ ਜਾਈਏ,
ਅਸੀਂ ਸਿੰਘ ਕਾਹਦੇ ਅਸੀਂ ਸ਼ੇਰ ਕਾਹਦੇ।
ਖ਼ਾਲਸੇ ਨੇ ਪਹੁਲ ਪੀਤੀ ਹੋਈ ਖੰਡੇ ਧਾਰ ਦੀ।
ਵੈਰੀ ਸੈਨਾ ਸਾਡੇ ਅਗੇ ਦਮ ਨਹੀਓਂ ਮਾਰਦੀ।
ਅਸੀਂ ਰਤ ਨਾ ਬਹਾਈਏ,
ਰਣੋਂ ਪਿਛਾਂਹ ਹਟ ਜਾਈਏ,
ਅਸੀਂ ਸਿੰਘ ਕਾਹਦੇ ਅਸੀਂ ਸ਼ੇਰ ਕਾਹਦੇ।
ਤੁਰੇ ਹਾਂ ਇਰਾਦੇ ਅਸੀਂ ਦਿਲਾਂ ਵਿਚ ਧਾਰ ਕੇ।
ਅਸੀਂ ਅੰਨ ਖਾਣਾ ਲੱਖਾਂ ਵੈਰੀਆਂ ਨੂੰ ਮਾਰ ਕੇ।
ਹਾਰ ਗਿੱਦੜਾਂ ਤੋਂ ਖਾਈਏ,
ਰਣੋਂ ਪਿਛਾਂਹ ਹਟ ਜਾਈਏ,
ਅਸੀਂ ਸਿੰਘ ਕਾਹਦੇ ਅਸੀਂ ਸ਼ੇਰ ਕਾਹਦੇ।
ਸ਼ੇਸ਼ ਨਾਗ ਵਾਂਗੂੰ ਅਸੀਂ ਵਿਸ਼ ਘੋਲ ਘੋਲ ਕੇ।
ਵੈਰੀਆਂ ਨੂੰ ਮਾਰਨੇ ਐਂ ਡੰਗ ਟੋਲ ਟੋਲ ਕੇ।
ਜੇ ਨਾ ਬਦਲਾ ਚੁਕਾਈਏ,
ਰਣੋਂ ਪਿਛਾਂਹ ਹਟ ਜਾਈਏ,
ਅਸੀਂ ਸਿੰਘ ਕਾਹਦੇ ਅਸੀਂ ਸ਼ੇਰ ਕਾਹਦੇ।
ਚਿੜੀਆਂ ਤੋਂ ਜਿਹੜਾ ਗੁਰੂ ਬਾਜਾਂ ਨੂੰ ਤੁੜਾ ਗਿਆ।
ਸਵਾ ਸਵਾ ਲੱਖ ਨਾਲ ਇਕ ਨੂੰ ਲੜਾ ਗਿਆ।
ਉਹਦੇ ਸਿੰਘ ਨਾ ਕਹਾਈਏ,
ਰਣੋਂ ਪਿਛਾਂਹ ਹਟ ਜਾਈਏ,
ਅਸੀਂ ਸਿੰਘ ਕਾਹਦੇ ਅਸੀਂ ਸ਼ੇਰ ਕਾਹਦੇ।

ਦਿੱਲੀ ਦੀ ਸ਼ਾਹੀ ਫੌਜ ਬਾਈਧਾਰ ਦੇ ਰਾਜ ਲਾਹੌਰ ਤੇ ਸਰਹੰਦ ਦੀਆਂ ਮੁਗ਼ਲ ਫੌਜਾਂ ਠੀਕ ਚਮਕੌਰ ਗੜ੍ਹੀ ਦੇ ਨੇੜੇ ਆ ਪਹੁੰਚੀਆਂ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਸਦੇ ਸਿਰਲੱਥ ਯੋਧਿਆਂ ਨੇ ਜ਼ਰਾ ਵੀ ਹੌਸਲਾ ਨਾ ਹਾਰਿਆ।

## ਵਾਰ

ਦਿੱਲੀ ਤੋਂ ਫੌਜਾਂ ਪਹੁੰਚੀਆਂ ਕਰ ਮਾਰੋ ਮਾਰੇ।
ਸਰਹੰਦ ਲਾਹੌਰ ਕਹਿਲੂਰੀਏ ਦਲ ਰਲ ਗਏ ਸਾਰੇ।
ਰਾਜੇ ਬਾਈਧਾਰ ਦੇ ਜ਼ਾਲਮ ਹਤਿਆਰੇ।
ਮੁਲਖਈਆ ਕੱਠਾ ਹੋ ਗਿਆ ਵੱਜੇ ਢੋਲ ਨਗਾਰੇ।
ਚਮਕੌਰ ਗੜ੍ਹੀ ਦੀਆਂ ਘੇਰੀਆਂ ਉਨ੍ਹਾਂ ਗੁੱਠਾਂ ਚਾਰੇ।
ਦਸਮੇਸ਼ ਨੂੰ ਫੜਨਾ ਜੀਊਂਦਿਆਂ ਸੀ ਦਿਲ ਵਿਚ ਧਾਰੇ।
ਏਧਰ ਕੁਲ ਚਾਲ੍ਹੀ ਸੂਰਮੇ ਦਲ ਓਧਰ ਭਾਰੇ।
ਪਰ ਦੇਖੀਏ ਕਿਹੜਾ ਜਿੱਤਦਾ ਅੱਜ ਕਿਹੜਾ ਹਾਰੇ।

ਵੈਰੀ ਦੀਆਂ ਅਣਗਿਣਤ ਫੌਜਾਂ ਤੀਰਾਂ ਦਾ ਮੀਂਹ ਵਰਸਾਉਣ ਲਗ ਪਈਆਂ। ਚੋਜੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਭ ਤੋਂ ਪਹਿਲਾਂ ਪੰਜਾਂ ਸਿੰਘਾਂ ਦਾ ਜੱਥਾ ਜੰਗ ਦੇ ਮੈਦਾਨ ਵਲ ਤੋਰ ਦਿੱਤਾ।

ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਦੁਸ਼ਮਣ ਦੇ ਚੋਣਵੇਂ ਜਰਨੈਲਾਂ ਨੂੰ ਆਪਣੇ ਸ਼ੂਕਦੇ ਤੀਰਾਂ ਨਾਲ ਵਿੰਨ੍ਹ ਵਿੰਨ੍ਹ ਕੇ ਮੌਤ ਦੇ ਘਾਟ ਉਤਾਰ ਰਹੇ ਹਨ।

## ਕੋਰੜਾ ਛੰਦ

ਪਹਿਲਾ ਜੱਥਾ ਪਹੁੰਚਿਆ ਮੈਦਾਨ ਵਿਚ ਜੀ।
ਵੈਰੀਆਂ ਦਾ ਫੌਜ ਸਾਰੀ ਹੋ ਗਈ ਟਿਚ ਜੀ।
ਖਾਲਸੇ ਦਾ ਖੰਡਾ ਵੈਰੀਆਂ ਨੂੰ ਡੰਗਦਾ।
ਡਿਗਦਾ ਜੁਆਨ ਨਹੀਂ ਸੀ ਪਾਣੀ ਮੰਗਦਾ।
ਸ਼ੇਰ ਭੁੱਖਾ ਜਿਵੇਂ ਗਿੱਦੜਾਂ ਨੂੰ ਪੈ ਗਿਆ।
ਖਾਲਸਾ ਮੈਦਾਨ ਵਿਚ ਬਾਜ਼ੀ ਲੈ ਗਿਆ।
ਸੁੰਨ ਪੈਂਦੀ ਜਾਂਦੀ ਜਿਥੇ ਤੇਗ ਮਾਰਦੇ।
ਖਾਲਸੇ ਮੈਦਾਨ 'ਚੋਂ ਕਦੇ ਨੀ ਹਾਰਦੇ।
ਤੇਗ ਨੇ ਮੈਦਾਨ ਵਿਚ ਪਾਈਆਂ ਫੇਰੀਆਂ।
ਸੈਂਕੜੇ ਜੁਆਨ ਹੁੰਦੇ ਜਾਂਦੇ ਢੇਰੀਆਂ।
ਦੂਜਾ ਜੱਥਾ ਹੋ ਗਿਆ ਮੈਦਾਨ ਵਲ ਜੀ।
ਵੈਰੀਆਂ ਦੇ ਉਠਿਆ ਕਲੇਜੇ ਸੱਜ ਜੀ।

ਆਖਦਾ ਵਜ਼ੀਰ ਖਾਨ ਨ੍ਹੇਰ ਛਾ ਗਿਆ।
ਐਡੀ ਵੱਡੀ ਫੌਜ ਸਾਡੀ ਕੌਣ ਖਾ ਗਿਆ।
ਹੋਏ ਸ਼ਰਮਿੰਦੇ ਰਾਜੇ ਬਾਈਧਾਰ ਦੇ।
ਖਾਲਸੇ ਮੈਦਾਨ 'ਚੋਂ ਕਦੇ ਨੀ ਹਾਰਦੇ।
ਸੂਰਮੇਂ ਮੈਦਾਨ ਵਿਚ ਸ਼ੇਰ ਗਜਦੇ।
ਗਿੱਦੜਾਂ ਦੇ ਵਾਂਗ ਵੈਰੀ ਜਾਣ ਭਜਦੇ।
ਲਹੂ ਵਿਚ ਭਿੱਜੀ ਹਰ ਤੇਗ ਨੱਚਦੀ।
ਜੰਗ ਦੇ ਮੈਦਾਨ ਵਿਚ ਅੱਗ ਮੱਚਦੀ।
ਕਿਲ੍ਹੇ ਵਿਚੋਂ ਗੁਰਾਂ ਮਾਰ ਤੀਰ ਛਿੱਨਕੇ।
ਗਏ ਫੌਜਦਾਰਾਂ ਦੇ ਕਲੇਜੇ ਵਿੰਨ੍ਹਕੇ।
'ਸਫ਼ਰੀ' ਅਣਖ ਪਿਛੇ ਜਿੰਦ ਹਾਰਦੇ।
ਸੂਰਮੇਂ ਮੈਦਾਨ 'ਚੋਂ ਕਦੇ ਨੀ ਹਾਰਦੇ।

ਸੂਰਮੇਂ ਸਿੰਘਾਂ ਦੇ ਪੰਜਾਂ ਪੰਜਾਂ ਦੇ ਜੱਥੇ ਅਣਗਿਣਤ ਵੈਰੀਆਂ ਦਾ ਸਫਾਇਆ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ। ਸ਼ੇਰ ਦਿਲ ਸਾਹਿਬਜ਼ਾਦਾ ਅਜੀਤ ਸਿੰਘ ਵੀ ਪੰਜਾਂ ਸਿੰਘਾਂ ਸਮੇਤ ਬਿਜਲੀ ਦੀ ਤਰ੍ਹਾਂ ਵੈਰੀਆਂ ਉਤੇ ਜਾ ਕੜਕਿਆ।

ਵਾਰ

ਚੜ੍ਹਿਆ ਜੰਗ ਨੂੰ ਅਜੀਤ ਸਿੰਘ ਸੂਰਮਾਂ,
ਲਈ ਆਗਿਆ ਗੁਰਾਂ ਦੇ ਕੋਲੋਂ ਪਾ।
ਉਹਨੇ ਪ੍ਰਿਥਮੋਂ ਭਗੌਤੀ ਸਿਮਰ ਕੇ,
ਲਿਆ ਦਸਾਂ ਪਾਤਸ਼ਾਹਾਂ ਨੂੰ ਧਿਆ।
ਜਥਾ ਹੋਰ ਵੀ ਸਿੰਘਾਂ ਦਾ ਨਾਲ ਤੁਰ ਪਿਆ,
ਚੜ੍ਹੇ ਜਿਨ੍ਹਾਂ ਨੂੰ ਸ਼ਹੀਦੀਆਂ ਦੇ ਚਾ।
ਤੇਗਾਂ ਧੂ ਕੇ ਵੈਰੀ ਦੇ ਉਤੇ ਟੁੱਟ ਪਏ,
ਦਿਤਾ ਭੜਥੂ ਮੈਦਾਨ ਵਿਚ ਪਾ।
ਫੜ ਕੇ ਤੇਗਾਂ ਅਜੀਤ ਸਿੰਘ ਸੂਰਮੇਂ,
ਦਿਤੇ ਪੂਰਾਂ ਦੇ ਪੂਰ ਖਪਾ।
ਕਿਥੋਂ ਹੋਰ ਅਭਮਨੂੰ ਇਕ ਆ ਗਿਆ,

ਕਿਥੋਂ ਵੈਰੀਆਂ ਤੇ ਟੁੱਟ ਪਈ ਬਲਾ।
ਸ਼ਾਹੀ ਫੌਜ ਦੇ ਸਿਪਾਹੀ ਬੋਲੇ ਕੂਕਦੇ-
ਤੂੰ ਵੀ ਸੂਬਿਆਂ ਮੈਦਾਨ ਵਿਚ ਆ।
ਅਸੀਂ ਬਚੀਏ ਭਾਵੇਂ ਨਾ ਮੌਤ ਡੈਣ ਤੋਂ
ਸਾਨੂੰ ਸਾਹਿਬਜ਼ਾਦੇ ਕੋਲੋਂ ਤਾਂ ਬਚਾ।

ਸੂਬਾ ਸਰਹੰਦ ਜੋ ਪਿਛਾਂਹ ਬੈਠਾ ਸ਼ਾਹੀ ਫੌਜਾਂ ਦੀ ਕਮਾਨ ਕਰ ਰਿਹਾ ਸੀ। ਆਪਣੇ ਜਰਨੈਲਾਂ ਨੂੰ ਟੁੱਟ ਕੇ ਪੈ ਗਿਆ 'ਓ ਬੁਜ਼ਦਿਲੋ ! ਤੁਹਾਨੂੰ ਮੁਠੀ ਕੁ ਭਰ ਸਿੰਘ ਦਮ ਨੀ ਲੈਣ ਦਿੰਦੇ ਜਾਂ ਮਰ ਜਾਉ ਜਾਂ ਮਾਰ ਦਿਉ।

## ਬੈਂਤ

ਸੂਬਾ ਆਪਣੇ ਸਿਪਾਹੀਆਂ ਨੂੰ ਕਹਿਣ ਲੱਗਾ,
ਤੁਸੀਂ ਫ਼ੌਜ ਦਾ ਨਾਮ ਬਦਨਾਮ ਕੀਤਾ।
ਤੁਸੀਂ ਮੁਗ਼ਲ ਸਰਕਾਰ ਦਾ ਬਈਮਾਨੋਂ,
ਨਮਕ ਖਾ ਕੇ ਨਮਕ ਹਰਾਮ ਕੀਤਾ।
ਕੱਲੇ ਗੁਰੂ ਕੇ ਲਾਲ ਅਜੀਤ ਸਿੰਘ ਨੇ,
ਖੂਹ ਲਹੂ ਦੇ ਕਿਧਰੋਂ ਗੇੜ ਦਿੱਤੇ।
ਹੱਥ ਤੇਗ਼ ਫੜ ਕੇ ਓਸ ਸੂਰਮੇਂ ਨੇ,
ਤੁਹਾਡੀ ਫ਼ੌਜ ਦੇ ਬਖੀਏ ਉਧੇੜ ਦਿੱਤੇ।
ਦੂਰੋਂ ਢੋਲ ਵਾਂਗੂੰ ਤੁਸੀਂ ਵਜਦੇ ਓ,
ਫੋਕੇ ਬੱਦਲਾਂ ਵਾਂਗਰਾਂ ਗਜਦੇ ਓ।
ਸ਼ੀਂਹ ਵਾਂਗਰਾਂ ਜਦੋਂ ਸਰਦਾਰ ਪੈਂਦੇ,
ਗਿੱਦੜ ਵਾਂਗਰਾਂ ਪਿਛਾਂਹ ਨੂੰ ਭਜਦੇ ਓ।
ਕੇਵਲ ਚਾਲੀਆਂ ਸਿੰਘਾਂ ਨੇ ਤੇਗ਼ ਫੜ ਕੇ,
ਦਸ ਲੱਖ ਦਾ ਲੱਕ ਤਰੋੜਿਆ ਏ।
ਤੁਹਾਡਾ ਵਿਚ ਮੈਦਾਨ ਦੇ ਖਾਲਸੇ ਨੇ,
ਲਹੂ ਨਿੰਬੂਆਂ ਵਾਂਗ ਨਚੋੜਿਆ ਏ।

ਜਾਵੋ ਘਰਾਂ ਨੂੰ ਪਾਜੀਉ ਪਰਤ ਜਾਵੋ,
ਗੱਲਾਂ ਸੁਣਦੇ. ਓ ਕਾਹਨੂੰ ਸ਼ਰੀਕ ਦੀਆਂ।
ਤੁਹਾਨੂੰ ਦੀਨ ਇਸਲਾਮ ਨਾ ਕੀ ਲਗੇ,
ਘਰੀਂ ਬੇਗਮਾਂ ਹੈਸਨ ਉਡੀਕ ਦੀਆਂ।
ਗੁਸਾ ਖਾ ਕੇ ਟੁੱਟ ਕੇ ਪਏ ਵੈਰੀ,
ਇਕੋ ਵਾਰ . ਦਸਮੇਂ ਦੇ ਲਾਲ ਉਤੇ।
ਰੱਬ ਜਾਣਦਾ ਕਿੰਨੇ ਕੁ ਵੇਰੀਆਂ ਦੇ,
ਰੋਕੇ ਵਾਰ ਅਜੀਤ ਨੇ ਢਾਲ ਉਤੇ।
ਲਾਲ ਲਹੂ ਸਰਹੰਦ ਦੇ ਸੈਨਿਕਾਂ ਦਾ,
ਏਦਾਂ ਭੌਂ ਉਤੇ ਗੇੜੇ ਖਾ ਰਿਹਾ ਸੀ।
ਮੇਘਾ ਨਹਿਰ ਦਾ ਪੱਟ ਕੇ ਜੱਟ ਕੋਈ,
ਜਿਵੇਂ ਪਾਣੀ ਮੁਰੱਬੇ ਨੂੰ ਲਾ ਰਿਹਾ ਸੀ।
ਦਸਮ ਪਿਤਾ ਨੇ ਕਿਹਾ ਅਜੀਤ ਸਿੰਘਾ,
ਵਿਚ ਜੰਗ ਦੇ ਤੇਗ ਚਲਾਈ ਏ ਤੂੰ।
ਲੱਖਾਂ ਫੌਜ ਮੁਕਾ ਕੇ ਦੁਸ਼ਮਣਾਂ ਦੀ,
ਇੱਜ਼ਤ ਕੌਮ ਦੀ ਰੱਖ ਵਖਾਈ ਏ ਤੂੰ।

ਗੁਰੂ ਕੇ ਸਿੰਘ ਹੌਂਸਲਾ ਨਹੀਂ ਹਾਰਦੇ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਧੰਨਵਾਦ ਕਰ ਰਹੇ ਹਨ।

ਡਿੱਠਾ ਬਾਜਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ ਤੇ ਜਨਾਜ਼ਾ ਲੱਖ ਲੱਖ ਦਾ।
ਮਾਰਦਾ ਅਜੀਤ ਸਿੰਘ ਤੀਰ ਕੱਸ ਕੱਸ ਕੇ।
ਵੈਰੀਆਂ ਦੇ ਸੀਨੇ ਵਿਚ ਜਾਣ ਧਸ ਧਸ ਕੇ।
ਮੁੜਦਾ ਪਿਛਾਂਹ ਨੀ ਸੂਰਾ ਜਿਥੇ ਪੈਰ ਰੱਖਦਾ।
ਡਿੱਠਾ ਬਾਜਾਂ ਵਾਲਿਆ..........
ਥੋੜ੍ਹੇ ਜਿਹੇ ਸਿੰਘ ਕੱਚੀ ਗੜ੍ਹੀ ਵਿਚਕਾਰ ਸਨ।
ਟਾਕਰੇ ਤੇ ਵੈਰੀਆਂ ਦੇ ਦਲ ਬੇ ਸ਼ੁਮਾਰ ਸਨ।
ਮੌਤ ਦਾ ਸੁਆਦ ਕੋਈ ਵਿਰਲਾ ਹੀ ਚੱਖਦਾ।
ਡਿੱਠਾ ਬਾਜਾਂ ਵਾਲਿਆ..........

ਅੱਧੀ ਤੋਂ ਵੀ ਵਧ ਫ਼ੌਜ ਹੋ ਚੁਕੀ ਤਬਾਹ ਸੀ।
ਸੜ ਕੇ ਔਰੰਗਜ਼ੇਬ ਹੋ ਗਿਆ ਸੁਆਹ ਸੀ।
ਰਹਿ ਗਿਆ ਵਜ਼ੀਰ ਖਾਨ ਲਖੋਂ ਹੋ ਕੇ ਕੱਖ ਦਾ।
ਡਿੱਠਾ ਬਾਜਾਂ ਵਾਲਿਆ..........

'ਸਫ਼ਰੀ' ਅਜੀਤ ਸਿੰਘ ਤੇਗ਼ ਲਿਸ਼ਕਾਰ ਕੇ।
ਹੋ ਗਿਆ ਸ਼ਹੀਦ ਲੱਖਾਂ ਵੈਰੀਆਂ ਨੂੰ ਮਾਰ ਕੇ।
ਛੁਪ ਗਿਆ ਹਾਏ ! ਚੰਨ ਚੌਧਵੀਂ ਦੇ ਪੱਖ ਦਾ।
ਡਿੱਠਾ ਬਾਜਾਂ ਵਾਲਿਆ..........

ਸਾਹਿਬਜ਼ਾਦਾ ਅਜੀਤ ਸਿੰਘ ਆਪਣੀ ਬਹਾਦਰੀ ਦੇ ਜ਼ੌਹਰ ਦੱਸਕੇ ਸਮੇਤ ਪੰਜਾਂ ਸਿੰਘਾਂ ਦੇ ਜੰਗ ਦੇ ਮੈਦਾਨ ਵਿਚ ਸ਼ਹੀਦੀ ਪਾ ਗਿਆ। ਛੋਟਾ ਸਾਹਿਬਜ਼ਾਦਾ ਜੁਝਾਰ ਸਿੰਘ ਜਿਸ ਦੀ ਅਵਸਥਾ ਕੇਵਲ ਪੰਦਰਾਂ ਕੁ ਵਰਸ਼ਾਂ ਦੀ ਸੀ, ਜੰਗ ਦੇ ਮੈਦਾਨ ਵਿਚ ਜਾਣ ਲਈ ਪਿਤਾ ਕੋਲੋਂ ਆਗਿਆ ਮੰਗਦਾ ਹੈ।

## ਗੀਤ

ਆਖਦਾ ਜੁਝਾਰ ਸਿੰਘ ਪਿਤਾ ਬਾਜਾਂ ਵਾਲਿਆ।
ਤੋਰ ਪਿਤਾ ਤੋਰ ਮੈਨੂੰ ਕਾਹਨੂੰ ਅਟਕਾ ਲਿਆ।

ਉਮਰਾਂ ਦੀ ਪੂੰਜੀ ਅੱਖਾਂ ਸਾਹਮਣੇ ਲੁਟਾ ਕੇ।
ਵੱਡਾ ਸਾਹਿਬਜ਼ਾਦਾ ਵਿਚ ਜੰਗ ਦੇ ਕੁਹਾ ਕੇ।
ਛੋਟਾ ਕਾਹਨੂੰ ਚੁਕ ਕੇ ਕਲੇਜੇ ਨਾਲ ਲਾ ਲਿਆ।
ਆਖਦਾ ਜੁਝਾਰ ਸਿੰਘ...........

ਰੱਤ ਦੀ ਆਹੂਤੀ ਖ਼ੂਨੀ ਜੰਗ ਵਿਚ ਪਾ ਕੇ।
ਹੋਰਨਾਂ ਦੇ ਹੀਰੇ ਪੁੱਤ ਜੰਗ 'ਚ ਕੁਹਾ ਕੇ।
ਪਿਛੋਂ ਲੋਕ ਕਹਿਣ ਨਾ ਕਿ ਆਪਦਾ ਬਚਾ ਲਿਆ।
ਆਖਦਾ ਜੁਝਾਰ ਸਿੰਘ...........

ਚੁਲੀ ਵਿਚ ਰੱਤ ਚੌਹਾਂ ਪੁੱਤਰਾਂ ਦੀ ਪਾ ਕੇ।
ਤਿਲਕ ਬ੍ਰਾਹਮਣਾਂ ਦੇ ਮੱਥੇ ਉਤੇ ਲਾ ਕੇ।
ਫੇਰ ਵੀ ਤੂੰ ਪਲੂ ਗਲੇ ਆਪਣੇ 'ਚ ਪਾ ਲਿਆ।
ਤੋਰ ਪਿਤਾ ਤੋਰ ਮੈਨੂੰ...........

ਇਹ ਪਈਆਂ ਲੋਥਾਂ ਖ਼ੂਨੀ ਰਣ ਵਿਚ ਰਹਿਣੀਆਂ।
ਦੋਹ ਦਾ ਨੀ ਪਤਾ ਕਿਥੇ ਭਜ ਗਈਆ ਟਹਿਣੀਆਂ।
'ਸਫਰੀ' ਤੂੰ ਉਹਨਾਂ ਦੋਹਾਂ ਤਾਈਂ ਵੀ ਬੁਲਾ ਲਿਆ।
ਆਖਦਾ ਜੁਝਾਰ ਸਿੰਘ............

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਦੇ ਬੀਰਤਾ ਭਰੇ ਵਿਚਾਰਾਂ ਨੂੰ ਸੁਣ ਕੇ ਉਸ ਦੇ ਸੀਸ ਤੇ ਆਖਰੀ ਪਿਆਰ ਦਿੱਤਾ ਅਤੇ ਜੰਗ ਦੇ ਮੈਦਾਨ ਵਲ ਖਿੜੇ ਮੱਥੇ ਤੋਰ ਦਿੱਤਾ।

## ਗੀਤ

ਰਣ ਭੂਮੀ ਵਲ ਤੇਗ ਪਕੜ ਕੇ ਅਣਖੀ ਵੀਰ ਜੁਝਾਰ ਗਿਆ।
ਜੋ ਦੁਸ਼ਮਣ ਉਹਦੇ ਨੇੜੇ ਆਇਆ ਮੌਤ ਦੇ ਘਾਟ ਉੱਤਾਰ ਗਿਆ।
ਨਿਕੜੇ ਨਿਕੜੇ ਹੱਥ ਓਸ ਦੇ ਵੱਡੀਆਂ ਵੱਡੀਆਂ ਬਾਤਾਂ ਨੇ।
ਵੈਰੀ ਦਲ ਵਿਚ. ਸਿਖਰ ਦੁਪਹਿਰੇ ਪਾ ਦਿੱਤੀਆਂ ਉਨ ਰਾਤਾਂ ਨੇ।
ਗਿਆ ਸੂਰਮਾ ਗਿਆ ਦਲਾਂ ਵਿਚ ਕਰਦਾ ਮਾਰੋ ਮਾਰ ਗਿਆ।
ਰਣ ਭੂਮੀ ਵਲ ਤੇਗ.........

ਜਰਨੈਲਾਂ ਦੇ ਜਿਗਰ ਸਹਿਮ ਗਏ ਫੌਜਾਂ ਦੀ ਹਿੱਕ ਧੜਕੀ ਏ।
ਖਤਰਨਾਕ ਕੋਈ ਬਿਜਲੀ ਸ਼ਾਹੀ ਸੈਨਾ ਉਤੇ ਕੜਕੀ ਏ।
ਇਹ ਪਾਰਾ ਜਿਸਨੇ ਵੀ ਖਾਧਾ ਆਖਿਰ ਪਰਲੇ ਪਾਰ ਗਿਆ।
ਰਣ ਭੂਮੀ ਵਲ ਤੇਗ.........

ਸਾਲ ਪੰਦਰਵਾਂ ਚੜ੍ਹਿਆ ਹਾਲੀ ਅਲੜ੍ਹ ਜੇਹੀ ਜੁਆਨੀ ਏ।
ਧੰਨ ਧੰਨ ਸਤਿਗੁਰ ਬਾਜਾਂ ਵਾਲਾ ਧੰਨ ਉਸਦੀ ਕੁਰਬਾਨੀ ਏ।
ਹੀਰੇ ਵਰਗੇ ਪੁੱਤਰ ਦਾ ਵੀ ਸੀਨੇ ਸੱਲ ਸਹਾਰ ਗਿਆ।
ਰਣ ਭੂਮੀ ਵਲ ਤੇਗ.........

ਜ਼ੋਰਾਵਰ ਸਿੰਘ ਦਸ ਗਿਆ ਏ ਜੀਵਨ ਕਿਵੇਂ ਖਰੀਦੀ ਦਾ।
ਲੱਖਾਂ ਵੈਰੀ ਅਗਾਹ ਤੋਰ ਦੇ ਪੀ ਗਿਆ ਜਾਮ ਸ਼ਹੀਦੀ ਦਾ।
ਲਹੂਆਂ ਦੇ ਵਿਚ ਡੁੱਬ ਗਿਆ 'ਸਫਰੀ' ਦੇਸ਼ ਦੀ ਬੇੜੀ ਤਾਰ ਗਿਆ।
ਰਣ ਭੂਮੀ ਵਲ ਤੇਗ ਪਕੜ ਕੇ ਅਣਖੀ ਵੀਰ ਜੁਝਾਰ ਗਿਆ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋਵੇਂ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ। ਅੰਤ ਪੰਜਾਂ ਸਿੰਘਾਂ ਨੇ ਗੁਰਮਤਾ ਸੋਧ ਕੇ ਮਹਾਰਾਜ ਕਲਗੀਧਰ ਨੂੰ ਕਿਲ੍ਹਾ ਛੱਡ ਜਾਣ ਲਈ ਮਜ਼ਬੂਰ ਕਰ ਦਿੱਤਾ। ਗੁਰੂ ਜੀ ਦੇ ਨਾਲ ਕੇਵਲ ਤਿੰਨ ਸਿੰਘ ਹੀ ਗਏ।

## ਗੀਤ

ਪੰਥ ਖਾਲਸੇ ਨੂੰ ਫਤਹਿ ਗਜਾ ਕੇ।
ਤਾਲੀ ਜ਼ੋਰ ਦੀ ਹੱਥਾਂ ਦੇ ਨਾਲ ਲਾ ਕੇ।
ਬਾਜ਼ਾਂ ਵਾਲਾ ਔਹ ਚਲਿਆ ! ਬਾਜ਼ਾਂ ਵਾਲਾ ਔਹ....

ਪ੍ਰੇਸ਼ਾਨ ਹੋਏ ਵੈਰੀ ਦਿਲੀ ਤੇ ਲਾਹੌਰ ਦੇ।
ਇਹ ਕੀ ਭਾਣਾ ਬੀਤ ਗਿਆ ਵਿਚ ਚਮਕੌਰ ਦੇ।
ਲੱਖਾਂ ਵੈਰੀਆਂ ਦੀ ਅਲਖ ਮੁਕਾ ਕੇ।
ਕਈ ਖ਼ੂਨ ਦੀਆਂ ਨਦੀਆਂ ਵਹਾ ਕੇ।
ਬਾਜ਼ਾਂ ਵਾਲਾ ਔਹ ਚਲਿਆ..........

ਸੰਗਤ ਸਿੰਘ ਜੀ ਨੂੰ ਬਾਣ ਆਪਣਾ ਪਹਿਨਾ ਕੇ।
ਵੈਰੀਆਂ ਦੀ ਫ਼ੌਜ ਨੂੰ ਭੁਲੇਖੇ ਵਿਚ ਪਾ ਕੇ।
ਸਾਰਾ ਵਤਨਾਂ ਦਾ ਕਰਜ਼ ਚੁਕਾ ਕੇ।
ਖ਼ੂਨੀ ਜੰਗ ਵਿਚ ਲਾਲਾਂ ਨੂੰ ਕੁਹਾ ਕੇ।
ਬਾਜ਼ਾਂ ਵਾਲਾ ਔਹ ਚਲਿਆ..........

ਸਾਰਾ ਵੈਰੀ ਦਲ ਹੀ ਭੁਲੇਖੇ ਵਿਚ ਪੈ ਗਿਆ।
ਬਾਜਾਂ ਵਾਲਾ ਗੁਰੂ ਦੇਖੋ ਬਾਜ਼ੀ ਕਿੱਦਾਂ ਲੈ ਗਿਆ।
ਘੂਕ ਸੁੱਤੀ ਹੋਈ ਫੌਜ ਨੂੰ ਜਗਾ ਕੇ।
ਤੀਰ ਰਾਤ ਦੇ ਨੇਰੇ 'ਚ ਚਮਕਾ ਕੇ।
ਬਾਜ਼ਾਂ ਵਾਲਾ ਔਹ ਚਲਿਆ..........

ਪਿਤਾ ਦਸਮੇਸ਼ ਗਿਆ ਗੜ੍ਹੀ ਵਿਚੋਂ ਗੱਜਦਾ।
ਹੁੰਦਾ ਕੋਈ ਸੂਰਮਾਂ ਤਾਂ ਪਿੱਛੇ ਪਿੱਛੇ ਭੱਜਦਾ।
ਨਾਅਰਾ ਜਿੱਤ ਦਾ ਮੈਦਾਨ ਵਿਚ ਲਾ ਕੇ।
ਔਖਾ ਜ਼ਿੰਦਗੀ ਦਾ ਸਫਰ ਮੁਕਾ ਕੇ।
ਬਾਜ਼ਾਂ ਵਾਲਾ ਔਹ ਚਲਿਆ..........

ਚਮਕੌਰ ਗੜ੍ਹੀ ਵਿਚ ਮਹਾਰਾਜ ਦੇ ਜਾਣ ਪਿਛੋਂ ਸਾਰੀ ਰਾਤ ਗੋਲੀ ਚਲਦੀ ਰਹੀ। ਦਿਨ ਚੜ੍ਹਦਿਆਂ ਸਾਰੀ ਹੀ ਵੈਰੀ ਦਲ ਕਿਲ੍ਹੇ ਦੀਆਂ ਦੀਵਾਰਾਂ ਉਤੇ ਟੁਟ ਪਿਆ। ਪਰ ਧੰਨ ਗੁਰੂ ਕਾ ਖਾਲਸਾ ਜੋ ਆਪਣੀ ਅਣਖ ਅਤੇ ਆਣ ਲਈ ਦੁਸ਼ਮਣਾਂ ਦੀਆਂ ਲਾਸ਼ਾਂ ਤੇ ਨਾਚ ਕਰਦਾ ਹੋਇਆ ਸ਼ਹੀਦੀ ਪਾ ਗਿਆ।

ਏਸੇ ਲਈ ਸਾਰਾ ਭਾਰਤ ਵਰਸ਼ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਜੱਸ ਗਾਉਂਦਾ ਪਿਆ ਸੁਣਾਈ ਦੇਂਦਾ ਏ।

## ਗੀਤ ਕਵਾਲੀ

ਨਹੀਂ ਭਾਰਤ ਹਰਗਿਜ਼ ਭੁਲ ਸਕਦਾ,
ਉਪਕਾਰ ਗੁਰੂ ਗੋਬਿੰਦ ਸਿੰਘ ਦੇ।
ਲੱਖ ਦੀਦੇ ਤਰਸਣ ਕਰਨੇ ਨੂੰ,
ਦੀਦਾਰ ਗੁਰੂ ਗੋਬਿੰਦ ਸਿੰਘ ਦੇ।
ਉਹਦੇ ਹੱਥ ਵਿਚ ਬਾਜ਼ ਸੁਨਹਿਰੀ ਏ,
ਉਹਦੇ ਸੀਸ ਤੇ ਕਲਗੀ ਤੋੜਾ ਏ।
ਹੱਥ ਤੇਗ ਸੁਨਹਿਰੀ ਚਮਕ ਰਹੀ,
ਉਹਦੇ ਹੇਠਾਂ ਨੀਲਾ ਘੋੜਾ ਏ।
ਜੀ ਚਰਨ ਚੁੰਮਣ ਨੂੰ ਕਰਦਾ ਏ,
ਸੌ ਵਾਰ ਗੁਰੂ ਗੋਬਿੰਦ ਸਿੰਘ ਦੇ।
ਨਹੀਂ ਭਾਰਤ ਹਰਗਿਜ਼....

ਦੋ ਵੱਡੇ ਪੁੱਤਰ ਦਸਮੇਸ਼ ਪਿਤਾ,
ਚਮਕੌਰ ਗੜ੍ਹੀ ਵਿਚ ਵਾਰ ਦਿੱਤੇ।
ਸਿੱਖੀ ਦਾ ਮਹਿਲ ਬਣਾਉਣ ਲੱਗਾ,
ਛੋਟੇ ਨੀਂਹਾਂ ਵਿਚ ਖਿਲਾਰ ਦਿੱਤੇ।
ਦਾਦੇ ਦੀ ਗੋਦ 'ਚ ਪਹੁੰਚ ਗਏ,
ਪੁਤ ਚਾਰ ਗੁਰੂ ਗੋਬਿੰਦ ਸਿੰਘ ਦੇ।
ਨਹੀਂ ਭਾਰਤ ਹਰਗਿਜ਼....

ਦਸੋ ਦੁਨੀਆਂ ਵਿਚ ਦਸਮੇਸ਼ ਪਿਤਾ ਦਾ,
ਦੂਸਰਾ ਕਿਹੜਾ ਸਾਨੀ ਏ।
ਦੁਨੀਆਂ ਤੋਂ ਵੱਧ ਬਹਾਦਰ ਹੈ,
ਦੁਨੀਆਂ ਤੋਂ ਵੱਧ ਕੁਰਬਾਨੀ ਏ।
ਬਲਿਹਾਰ ਗੁਰੂ ਗੋਬਿੰਦ ਸਿੰਘ ਦੇ,
ਬਲਿਹਾਰ ਗੁਰੂ ਗੋਬਿੰਦ ਸਿੰਘ ਦੇ।
ਨਹੀਂ ਭਾਰਤ ਹਰਗਿਜ਼....

ਕਿਸੇ ਮੋਮਨ ਹੁੰਦਿਆਂ ਵੀ 'ਸਫ਼ਰੀ',
ਦਿਲ ਦਸਵੇਂ ਪਿਤਾ ਨਾਲ ਲਾਇਆ ਏ।
ਸਰਬੰਸ ਲੁਟਾ ਕੇ ਸਤਿਗੁਰ ਤੋਂ,
ਆਪਾਂ ਵੀ ਘੋਲ ਘੁਮਾਇਆ ਏ।
ਸਨ ਸੱਯਦ ਬੁਧੂ ਸ਼ਾਹ ਵਰਗੇ,
ਵੀ ਯਾਰ ਗੁਰੂ ਗੋਬਿੰਦ ਸਿੰਘ ਦੇ।
ਨਹੀਂ ਭਾਰਤ ਹਰਗਿਜ਼....

ਉਕਤ ਸਾਕਾ ਚਮਕੌਰ ਸਾਹਿਬ ਬੀਬੀ ਨਰਿੰਦਰ ਬੀਬਾ ਤੇ ਉਸਦੀ ਸਮੂੰਹ ਪਾਰਟੀ ਨੇ ਐਚ.ਐਮ.ਵੀ. ਦਿੱਲੀ ਰੀਕਾਰਡ ਕਰਵਾਇਆ।

# ਧੰਨ ਧੰਨ ਸਤਿਗੁਰ ਤੇਗ ਬਹਾਦਰ

ਧੰਨ ਧੰਨ ਸਤਿਗੁਰ ਤੇਗ ਬਹਾਦਰ।
ਭਾਰਤ ਮਾਂ ਦੇ ਸੀਸ ਦੀ ਚਾਦਰ।
ਚਾਂਦਨੀ ਚੌਂਕ ਵਿਚ ਆ ਗਿਆ।
ਗੁਰ ਤੇਗ਼ ਬਹਾਦਰ।
ਸੀਸ ਦੀ ਭੇਟਾ ਚੜ੍ਹਾ ਗਿਆ।
ਗੁਰ ਤੇਗ਼ ਬਹਾਦਰ।

ਦੁਖਾਂ ਵਿਚ ਡੁਬੇ ਸਨ ਹਿੰਦੂ ਕਸ਼ਮੀਰ ਦੇ।
ਗੁਰਾਂ ਦੇ ਦੁਆਰੇ ਆਏ ਸੀਨਿਆਂ ਨੂੰ ਚੀਰ ਦੇ।
ਕਿਸੇ ਨਾ ਸਹਾਇਤਾ ਕੀਤੀ ਦੁਖਾਂ ਦਿਆਂ ਮਾਰਿਆਂ ਦੀ,
ਰੋਂਦਿਆਂ ਨੂੰ ਹਿੱਕ ਨਾਲ ਲਾ ਗਿਆ।
ਗੁਰ ਤੇਗ਼ ਬਹਾਦਰ..............

ਲਾਡਲੇ ਗੋਬਿੰਦ ਰਾਏ ਕਿੰਨਾ ਦੁਖ ਝਲਿਆ।
ਪਿਤਾ ਨੂੰ ਸ਼ਹੀਦ ਹੋਣ ਦਿੱਲੀ ਵਲ ਘਲਿਆ।
ਮਾਪਿਆਂ ਦਾ ਹੁਕਮ ਬਜਾਉਂਦੇ ਪੁੱਤ ਸਦਾ ਆਏ,
ਪੁਤਰਾਂ ਦਾ ਹੁਕਮ ਬਜਾ ਗਿਆ।
ਗੁਰ ਤੇਗ਼ ਬਹਾਦਰ..............

ਆਰਾ ਹਤਿਆਰਾ ਗਿਆ ਖੋਪਰੀ ਨੂੰ ਚੀਰਦਾ।
ਹੋ ਗਿਆ ਦੋ ਫਾੜ ਮਤੀ ਦਾਸ ਦੇ ਸਰੀਰ ਦਾ।
ਉਬਲ ਕੇ ਦਿਆਲਾ ਭਾਈ ਉਬਲਦੀ ਦੇਗ ਵਿਚ,

ਜ਼ਾਲਮਾਂ ਨੂੰ ਚੁਣ ਚੁਣ ਖਾ ਗਿਆ।
ਗੁਰ ਤੇਗ ਬਹਾਦਰ..............

ਹੁੰਦਾ ਨ ਸ਼ਹੀਦ ਨਾਵਾਂ ਗੁਰੂ ਰੂਪ ਰੱਬ ਦਾ।
ਜੰਜੂ ਚੋਟੀ ਵਾਲੜਾ ਨਿਸ਼ਾਨ ਵੀ ਨਾ ਲੱਭਦਾ।
'ਸਫ਼ਰੀ' ਪਿਲਾ ਕੇ ਪਹੁਲ ਪਿਤਾ ਦਸਮੇਸ਼ ਨੇ,
ਗਿੱਦੜਾਂ ਤੋਂ ਸ਼ੇਰ ਬਣਾ ਗਿਆ।
ਗੁਰ ਤੇਗ ਬਹਾਦਰ............

ਰੀਕਾਰਡ- ਬੀਬੀ ਨਰਿੰਦਰ ਬੀਬਾ ਰੇਡੀਉ ਆਰਟਿਸਟ ਦੀ ਅਵਾਜ਼ ਵਿਚ।

# ਪੁੰਨਿਆਂ ਦਾ ਚੰਨ ਚੜ੍ਹਿਆ

ਪੁੰਨਿਆ ਦਾ ਚੰਨ ਚੜ੍ਹਿਆ,
ਹੋ ਗਈ ਕਲਜੁਗ ਵਿਚ ਰੁਸ਼ਨਾਈ।
ਸਤਿਗੁਰ ਨਾਨਕ ਨੇ,
ਆ ਕੇ ਨਾਮ ਵਾਲੀ ਜੋਤ ਜਗਾਈ।
ਪਾਪਾਂ ਵਾਲੀ ਧੁੰਦ ਉਡ ਗਈ,
ਹੋਇਆ ਚਾਨਣਾ ਦਿਲਾਂ ਦੇ ਵਿਚ ਸਾਰੇ।
ਤਾਰੇ ਜਿੰਨੇ ਸਤਿਗੁਰ ਨੇ,
ਓਨੇ ਨਹੀਂ ਅੰਬਰਾਂ ਦੇ ਤਾਰੇ।
ਰੁੜ੍ਹੀ ਜਾਂਦੀ ਦੁਖੀਆਂ ਦੀ,
ਬੇੜੀ ਗੁਰਾਂ ਨੇ ਕਿਨਾਰੇ ਉਤੇ ਲਾਈ।
ਪੁੰਨਿਆਂ ਦਾ ਚੰਨ ਚੜ੍ਹਿਆ.........

ਹੱਥ 'ਚ ਸਤਾਰ ਸੋਂਹਵਦੀ,
ਪਈ ਸਤਿਨਾਮ ਸਤਿਨਾਮ ਬੋਲੇ।
ਤੇਰਾ ਤੇਰਾ ਬੋਲਦਾ ਪਿਆ,
ਦੁਖੀ ਦਿਲਾਂ ਨੂੰ ਅੱਖਾਂ ਦੇ ਵਿਚ ਤੋਲੇ।
ਇਕੋ ਗੁਰੂ ਨਾਨਕ ਨੇ,
ਸਾਰੀ ਧਰਤੀ ਦੀ ਪੀੜ ਵੰਡਾਈ।
ਪੁੰਨਿਆਂ ਦਾ ਚੰਨ ਚੜ੍ਹਿਆ.........

ਰਾਕਸ਼ਾਂ ਨੇ ਨਾਮ ਲੈ ਲਿਆ,
ਵੱਡੇ ਠੱਗ ਵੀ ਠੱਗੀ ਤੋਂ ਬਾਜ ਆਏ।
ਰੋੜਿਆਂ 'ਚ ਖੰਡ ਘੁਲ ਗਈ,
ਮਿੱਠੇ ਸ਼ਬਦ ਗੁਰਾਂ ਨੇ ਜਦੋਂ ਗਾਏ।

ਧੂੜ ਉਹਦੇ ਚਰਨਾਂ ਦੀ,
ਸ਼ੇਸ਼ ਨਾਗ ਨੇ ਮੱਥੇ ਨਾਲ ਲਾਈ।
ਪੁੰਨਿਆਂ ਦਾ ਚੰਨ ਚੜ੍ਹਿਆ.........

ਕੋਧਰੇ 'ਚੋਂ ਦੁੱਧ ਸਿੰਮਿਆ,
ਗੁਰਾਂ ਲਾਲੋ ਨੂੰ ਗਲੇ ਨਾਲ ਲਾਇਆ।
ਪੂੜੀਆਂ 'ਚ ਰੱਤ ਵੇਖ ਕੇ,
ਇਉਂ ਭਾਗੋ ਨੂੰ ਹੁਕਮ ਸੁਣਾਇਆ।
ਤੇਰਾ ਨਹੀਉਂ ਅੰਨ ਛਕਣਾ,
ਇਹ ਹੈ ਹੱਕ ਤੇ ਨਿਹੱਕ ਦੀ ਕਮਾਈ।
ਪੁੰਨਿਆਂ ਦਾ ਚੰਨ ਚੜ੍ਹਿਆ.........

ਰੀਕਾਰਡ- ਬੀਬੀ ਨਰਿੰਦਰ ਬੀਬਾ ਰੇਡੀਉ ਆਰਟਿਸਟ ਦੀ ਅਵਾਜ਼ ਵਿਚ।

# ਸਤਿਗੁਰ ਨਾਨਕ ਦਾ ਅਵਤਾਰ

ਅੱਜ ਹੋਇਆ ਤਲਵੰਡੀ ਦੇ ਵਿਚ,
ਸਤਿਗੁਰ ਦਾ ਨਾਨਕ ਦਾ ਅਵਤਾਰ।
ਜਗਤ ਜਲੰਦਾ ਰੱਖ ਲਿਆ ਏ,
ਜਿਸਨੇ ਆਪਣੀ ਕਿਰਪਾ ਧਾਰ।

ਆਸਮਾਨ ਤੋਂ ਖੁਸ਼ੀਆਂ ਵੱਸੀਆਂ।
ਪੱਤ-ਝੱੜ ਦੇ ਵਿਚ ਕਲੀਆਂ ਹੱਸੀਆਂ।
ਕਾਲੂ ਦੇ ਘਰ ਇਕ ਫੁਲ ਖਿੜਿਆ,
ਲੈ ਕੇ ਆਇਆ ਲੱਖ ਬਹਾਰ।
ਧੁੰਦ ਮਿੱਟੀ ਜੱਗ ਚਾਨਣ ਹੋਇਆ।
ਸੂਰਜ ਨਿਕਲਿਆ ਨ੍ਹੇਰ ਪਲੋਇਆ।
ਸਿੰਘ ਬੁੱਕੇ ਤੇ ਭੱਜ ਜਾਂਦੀ ਏ,
ਜਿਉਂ ਮਿਰਗਾਂ ਦੀ ਡਾਰੋ ਡਾਰ।
ਪੈਰਾਂ ਤੇ ਸਭ ਧਰਮ ਖਲੋਏ।
ਸ਼ੂਦ ਬ੍ਰਾਹਮਣ ਇਕ ਥਾਂ ਹੋਏ।
ਤਪੇ ਹੋਏ ਧਰਤੀ ਦੇ ਸੀਨੇ,
ਠੰਡੀ ਠੰਡੀ ਪਈ ਫੁਹਾਰ।
ਜੇ ਸਤਿਗੁਰ ਨਾ ਜੱਗ ਵਿਚ ਆਉਂਦੇ।
ਨਾ ਧਰਤੀ ਦਾ ਭਾਰ ਵੰਡਾਉਂਦੇ।
ਤਾਂ ਦੁਬਦਾ ਦੀ ਅੱਗ ਦੇ ਅੰਦਰ,
ਭੁਜ ਮਰਦਾ ਸਾਰਾ ਸੰਸਾਰ।

'ਸਫ਼ਰੀ' ਸਚੇ ਰਾਹ ਤੇ ਆਵੇ।
ਗੁਰ ਨਾਨਕ ਦੀ ਬਾਣੀ ਗਾਵੇ।

ਆਪਣਾ ਹਿਰਦਾ ਸਾਫ ਕਰੋ,
ਤੇ ਬੋਲੋ ਮੁਖੋਂ ਸਤਿ-ਕਰਤਾਰ।

ਰੀਕਾਰਡ- ਬੀਬੀ ਨਰਿੰਦਰ ਬੀਬਾ ਰੇਡੀਉ ਆਰਟਿਸਟ ਦੀ ਅਵਾਜ਼ ਵਿਚ।

# ਦੀਦਾਰ ਸ੍ਰੀ ਗੁਰੂ ਨਾਨਕ ਦਾ

ਅੱਜ ਤਲਵੰਡੀ ਵਿਚ ਹੋਇਆ ਏ,
ਅਵਤਾਰ ਸ੍ਰੀ ਗੁਰੂ ਨਾਨਕ ਦਾ।
ਅੱਖੀਉਂ ਨੀ ਕਰ ਲਉ ਰੱਜ ਰੱਜ ਕੇ,
ਦੀਦਾਰ ਸ੍ਰੀ ਗੁਰੂ ਨਾਨਕ ਦਾ।
ਉਹ ਜਨਮ ਮਰਨ ਤੋਂ ਨਿਕਲ ਗਿਆ,
ਜਿਸ ਉਸ ਦਾ ਨਾਮ ਧਿਆਇਆ ਏ।
ਧਰਤੀ ਦੀਆਂ ਪੀੜਾਂ ਹਰਨ ਲਈ,
ਕੋਈ ਵੈਦ ਆਕਾਸ਼ੋਂ ਆਇਆ ਏ।
ਦੁਨੀਆਂ ਨੇ ਤਾਹੀਉਂ ਕੀਤਾ ਏ,
ਸਤਿਕਾਰ ਸ੍ਰੀ ਗੁਰੂ ਨਾਨਕ ਦਾ।
ਇਕ ਮਸਜਦ ਇਕ ਸ਼ਵਾਲਾ ਹੈ।
ਇਕ ਤਸਵੀ ਹੈ ਇਕ ਮਾਲਾ ਹੈ।
ਜੇ ਸਾਫ ਦਿਲਾਂ ਦੇ ਹੋਵਣ ਤਾਂ,
ਰੱਬ ਦੋਹਾਂ ਦਾ ਮਤਵਾਲਾ ਹੈ।
ਬੁਰਿਆਂ ਨਾਲ ਨੇਕੀ ਕਰਨੀ ਏਂ,
ਪਰਚਾਰ ਸ੍ਰੀ ਗੁਰੂ ਨਾਨਕ ਦਾ।
ਵੀਹਾਂ ਦੇ ਵੀਹ ਲੁਟਾ ਆਇਆ।
ਭੁੱਖਿਆਂ ਨੂੰ ਅੰਨ ਛਕਾ ਆਇਆ।
ਇਹਦੇ ਪੂਜ ਪਿਤਾ ਨੂੰ ਆਖ ਦਿਉ,
ਤੇਰਾ ਨਾਨਕ ਖੱਟ ਕਮਾ ਆਇਆ।

ਮੈਂ ਬੜਾ ਅਨੋਖਾ ਤੱਕਿਆ ਏ,
ਬਿਉਪਾਰ ਸ੍ਰੀ ਗੁਰੂ ਨਾਨਕ ਦਾ।

ਐ 'ਸਫ਼ਰੀ' ਸਤਿਗੁਰ ਨਾਨਕ ਨੇ,
ਇਕ ਨਿਰਨਾ ਕਰ ਦਿਖਲਾਇਆ।

ਭਾਗੋ ਨੂੰ ਪਰ੍ਹਾਂ ਹਟਾਇਆ ਏ।
ਲਾਲੋ ਨੂੰ ਹਿੱਕ ਨਾਲ ਲਾਇਆ ਏ।

ਤਾਹੀਉਂ ਤੇ ਵੱਸਦਾ ਹੈ ਸਾਰਾ,
ਸੰਸਾਰ ਸ੍ਰੀ ਗੁਰੂ ਨਾਨਕ ਦਾ।

ਰੀਕਾਰਡ- ਸ੍ਰ: ਅਜੀਤ ਸਿੰਘ ਪ੍ਰਦੇਸੀ, ਨਿਊ ਦਿੱਲੀ

## ਜੇ ਇਕ ਪਲ ਹੇ ਗੁਰੂ ਨਾਨਕ
## ਤੇਰਾ ਦੀਦਾਰ ਹੋ ਜਾਏ

ਜੇ ਇਕ ਪਲ ਹੇ ਗੁਰੂ ਨਾਨਕ,
ਤੇਰਾ ਦੀਦਾਰ ਹੋ ਜਾਏ।
ਅਸਾਂ ਮਸਕੀਨ ਲੋਕਾਂ ਦਾ,
ਵੀ ਬੇੜਾ ਪਾਰ ਹੋ ਜਾਏ।
ਜ਼ਮਾਨਾ ਹੋ ਰਿਹਾ ਏ,
ਨਾਨਕੀ ਦੇ ਵੀਰ ਤੋਂ ਸਦਕੇ।
ਪੀਰਾਂ ਦੇ ਪੀਰ ਵੀ ਹੋ ਗਏ,
ਪੀਰਾਂ ਦੇ ਪੀਰ ਤੋਂ ਸਦਕੇ।
ਮੇਰਾ ਜੇ ਇਕ ਵੀ ਸਜਦਾ,
ਤੇਰੇ ਦਰਬਾਰ ਹੋ ਜਾਏ।
ਅਸਾਂ ਮਸਕੀਨ ਲੋਕਾਂ ਦਾ,
ਵੀ ਬੇੜਾ ਪਾਰ ਹੋ ਜਾਏ।
ਨਿਰਾਲਾ ਰੱਬ ਨਾਨਕ ਦਾ,
ਕਿਸੇ ਨੂੰ ਗ਼ੈਰ ਨਹੀਂ ਕਹਿੰਦਾ।
ਮੰਦਰਾਂ ਵਿਚ ਨੀ ਵੱਸਦਾ,
ਮਸੀਤਾਂ ਵਿਚ ਨੀ ਰਹਿੰਦਾ।
ਦਿਲ ਦੇ ਸਾਫ ਸ਼ੀਸ਼ੇ ਚੋਂ,
ਉਹਦਾ ਦੀਦਾਰ ਹੋ ਜਾਏ।
ਅਸਾਂ ਮਸਕੀਨ ਲੋਕਾਂ ਦਾ,
ਵੀ ਬੇੜਾ ਪਾਰ ਹੋ ਜਾਏ।

ਤੇਰੇ ਜੋ ਨਾਮ ਦੀ ਵਰਖਾ,
ਭਲਾ ਇਕ ਵਾਰ ਹੋ ਜਾਏ।
ਕਲੇਜਾ ਸੜ ਰਿਹਾ ਧਰਤੀ ਦਾ,
ਠੰਡਾ ਠਾਰ ਹੋ ਜਾਏ।
ਕੋਈ ਦੁਖੀਆ ਨਜ਼ਰ ਨਾ ਆਏ,
ਸੁਖੀ ਸੰਸਾਰ ਹੋ ਜਾਏ।
ਅਸਾਂ ਮਸਕੀਨ ਲੋਕਾਂ ਦਾ,
ਵੀ ਬੇੜਾ ਪਾਰ ਹੋ ਜਾਏ।
ਬ੍ਰਾਹਮਣ ਬਣੇ ਕੋਈ 'ਸਫਰੀ',
ਤਾਂ ਕੋਈ ਸ਼ੇਖ ਹੋ ਬੈਠੇ।
ਤੇਰੇ ਦਰਬਾਰ ਵਿਚ ਪਹੁੰਚੇ,
ਤਾਂ ਸਾਰੇ ਏਕ ਹੋ ਬੈਠੇ।
ਜਪੇ ਕਰਤਾਰ ਨੂੰ ਬੰਦਾ ਹੀ,
ਖੁਦ ਕਰਤਾਰ ਹੋ ਜਾਏ।
ਅਸਾਂ ਮਸਕੀਨ ਲੋਕਾਂ ਦਾ,
ਵੀ ਬੇੜਾ ਪਾਰ ਹੋ ਜਾਏ।

ਰੀਕਾਰਡ– ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼

# ਤਾਰਿਆਂ ਤੋਂ ਪੁੱਛਦੀ ਫਿਰਾਂ

ਮੈਨੂੰ ਦੱਸੋ ਨਨਕਾਣੇ ਵਾਲਾ ਰਾਹ ਮੈਂ ਤਾਰਿਆਂ ਤੋਂ ਪੁਛਦੀ ਫਿਰਾਂ।
ਪਾਂਧੇ ਤਾਈਂ ਗੁਰੂ ਆਉਂਦਾ ਹੋਣਾ ਏਂ ਪੜ੍ਹ ਕੇ।
ਭੁੱਖੇ ਸਾਧੂਆਂ ਦੇ ਤਾਈਂ ਭੋਜਨ ਛਕਾ ਕੇ।
ਉਹਦੀ ਕਾਲੇ ਸੱਪਾਂ ਨਾਲ ਵੀ ਸਲਾਹ।
ਮੈਂ ਤਾਰਿਆਂ ਤੋਂ..............
ਭਾਗੋ ਦਾ ਖਿਆਲ ਉੱਕਾ ਦਿਲੋਂ ਹੀ ਭੁਲਾ ਕੇ।
ਬੈਠਾ ਹੋਣਾ ਲਾਲੋ ਦੇ ਦੁਆਰੇ ਡੇਰਾ ਲਾ ਕੇ।
ਉਹਦਾ ਮੁੱਢ ਤੋਂ ਗਰੀਬਾਂ ਨਾਲ ਵਾਹ।
ਮੈਂ ਤਾਰਿਆਂ ਤੋਂ..............
ਵੱਖਰੇ ਵਖਾਏ ਚੋਜ ਨਾਨਕੀ ਦੇ ਵੀਰ ਨੇ।
ਸਿੱਧਾਂ ਨੂੰ ਵੀ ਸਿੱਧ ਕੀਤਾ ਸਿੱਧੇ ਜਿਹੇ ਸਰੀਰ ਨੇ।
ਕੱਟ ਗਿਆ ਏ ਚੁਰਾਸੀ ਵਾਲੇ ਫਾਹ।
ਮੈਂ ਤਾਰਿਆਂ ਤੋਂ..............
'ਸਫਰੀ' ਜਹਾਨ ਸਾਰਾ ਅਸੀਂ ਖੋਜ ਮਾਰਿਆ।
ਨਾਨਕ ਬਗੈਰ ਸਾਨੂੰ ਕਿਸੇ ਨੇ ਨੀ ਤਾਰਿਆ।
ਮੈਨੂੰ ਗੁਰਾਂ ਦੇ ਮਿਲਣ ਦੀ ਹੈ ਚਾਹ।
ਮੈਂ ਤਾਰਿਆਂ ਤੋਂ..............

ਰੀਕਾਰਡ – ਬੀਬੀ ਨਰਿੰਦਰ ਬੀਬਾ ਰੇਡੀਓ ਆਰਟਿਸਟ

# ਹੇ ਗੁਰੂ ਨਾਨਕ ਪਿਆਰੇ ਆ ਵੀ ਜਾਹ

ਹੇ ਗੁਰੂ ਨਾਨਕ ਪਿਆਰੇ ਆ ਵੀ ਜਾਹ।
ਦੀਨ ਦੁਖੀਆਂ ਦੇ ਸਹਾਰੇ ਆ ਵੀ ਜਾਹ।
ਲਾਡਲੇ ਫਰਜ਼ੰਦ ਕਾਲੂ ਰਾਏ ਦੇ,
ਮਾਤਾ ਤ੍ਰਿਪਤਾ ਦੇ ਦੁਲਾਰੇ ਆ ਵੀ ਜਾਹ।
ਪਿਆਰ ਭਿੱਜੀ ਨਾਨਕੀ ਦੀ ਆਤਮਾ,
ਵੀਰਾ ਵੀਰਾ ਪਈ ਪੁਕਾਰੇ ਆ ਵੀ ਜਾਹ।
ਮਲਕ ਭਾਗੋ ਨੂੰ ਤੇਰੀ ਕੀ ਤਾਂਘ ਹੈ,
ਤਰਸਦੇ ਲਾਲੋ ਵਿਚਾਰੇ ਆ ਵੀ ਜਾਹ।
ਦਿਲ ਸੁਲੱਖਣੀ ਜੀ ਦਾ ਹਰਦਮ ਤੜਫਦਾ,
ਰਾਹ ਤੱਕ ਤੱਕ ਨੈਣ ਹਾਰੇ ਆ ਵੀ ਜਾਹ।
ਆਦਮੀ ਦਾ ਲਹੂ ਪੀ ਪੀ ਰਾਕਸ਼ਾਂ,
ਕਰ ਲਏ ਨੇ ਪੇਟ ਭਾਰੇ ਆ ਵੀ ਜਾਹ।
ਹਿੰਦੂ ਮੁਸਲਿਮ ਦਾ ਕੋਈ ਨੀ ਵਿਤਕਰਾ,
ਤਾਂਘਦੇ ਤੈਨੂੰ ਨੇ ਸਾਰੇ ਆ ਵੀ ਜਾਹ।
ਖੌਫ 'ਸਫ਼ਰੀ' ਨੂੰ ਨਹੀਂ ਤੂਫਾਨ ਦਾ।
ਖਾਣ ਨੂੰ ਪੈਂਦੇ ਕਿਨਾਰੇ ਆ ਵੀ ਜਾਹ।

ਰੀਕਾਰਡ– ਕਿਦਾਰਨਾਥ ਨਾਗਪਾਲ, ਨਿਊ ਦਿੱਲੀ

# ਸਾਡਾ ਰੱਬ ਤਲਵੰਡੀ ਵਿਚ ਆਇਆ

ਸਾਡਾ ਰੱਬ ਤਲਵੰਡੀ ਵਿਚ ਆਇਆ,
ਜ਼ਮਾਨਾ ਨੂਰੋ ਨੂਰ ਹੋ ਗਿਆ।
ਉਹਦੇ ਚੰਨ ਨਾਲੋਂ ਚਾਨਣਾ ਸਵਾਇਆ,
ਜ਼ਮਾਨਾ ਨੂਰੋ ਨੂਰ ਹੋ ਗਿਆ।

ਬਾਲਾਂ ਵਿਚ ਇਕ ਬਾਲ ਖੇਡਦਾ ਨਿਆਰਾ ਏ।
ਤ੍ਰਿਪਤਾ ਦਾ ਚੰਨ ਕਾਲੂ ਰਾਏ ਦਾ ਦੁਲਾਰਾ ਏ।
ਉਹਦੀ ਰੋਸ਼ਨੀ ਤੋਂ ਜੱਗ ਰੁਸ਼ਨਾਇਆ,
ਜ਼ਮਾਨਾ ਨੂਰੋ ਨੂਰ ਹੋ ਗਿਆ।
ਸਾਡਾ ਰੱਬ ਤਲਵੰਡੀ ਵਿਚ ਆਇਆ।
ਇਕ ਪਾਂਧਾ ਨਹੀਂ ਇਹ ਸਾਰੇ ਜੱਗ ਨੂੰ ਪੜ੍ਹਾਏਗਾ।
ਕਾਲੂ ਦੇ ਹਨੇਰੇ ਵਿਚ ਰੋਸ਼ਨੀ ਦਿਖਾਏਗਾ।
ਆ ਕੇ ਸੱਚ ਵਾਲਾ ਸੂਰਜ ਚੜ੍ਹਾਇਆ।
ਜ਼ਮਾਨਾ ਨੂਰੋ ਨੂਰ ਹੋ ਗਿਆ,
ਸਾਡਾ ਰੱਬ ਤਲਵੰਡੀ ਵਿਚ ਆਇਆ।
ਭਾਗੋ ਦਾ ਹੰਕਾਰ ਗੁਰਾਂ ਚੰਗੀ ਤਰ੍ਹਾਂ ਭੰਨਿਆ।
ਜਾਣਾ ਨਹੀਉਂ ਪਾਪੀ ਦੇ ਮਹੱਲਾਂ ਵਿਚ ਮੰਨਿਆ।
ਭਾਈ ਲਾਲੋ ਨੂੰ ਕਲੇਜੇ ਨਾਲ ਲਾਇਆ।
ਜ਼ਮਾਨਾ ਨੂਰੋ ਨੂਰ ਹੋ ਗਿਆ,
ਸਾਡਾ ਰੱਬ ਤਲਵੰਡੀ ਵਿਚ ਆਇਆ।

ਮੋਹ ਦਿਆਂ ਕੰਡਿਆਂ ਤੋਂ ਪਲੜਾ ਛੁਡਾ ਕੇ।
'ਸਫਰੀ' ਦੁਆਰੇ ਬਹਿ ਜਾ ਨਾਨਕ ਦੇ ਜਾ ਕੇ।
ਝੂਠੀ ਕੰਮ ਨੀ ਕਦੇ ਵੀ ਆਉਣਾ ਮਾਤਿਆ।
ਜ਼ਮਾਨਾ ਨੂਰੋ ਨੂਰ ਹੋ ਗਿਆ,
ਸਾਡਾ ਰੱਬ ਤਲਵੰਡੀ ਵਿਚ ਆਇਆ।

ਰੀਕਾਰਡ- ਬੀਬੀ ਸਤਿੰਦਰ ਬੀਬਾ ਨੇ ਕਰਵਾਇਆ

## ਹੇ ਨਾਨਕ ਕਿਧਰੇ ਹੋ ਜਾਵੇ
## ਦੀਦਾਰ ਤੇਰੇ ਨਨਕਾਣੇ ਦਾ

ਹੇ ਨਾਨਕ ਕਿਧਰੇ ਹੋ ਜਾਵੇ,
ਦੀਦਾਰ ਤੇਰੇ ਨਨਕਾਣੇ ਦਾ।
ਕਰਵਟ ਵੀ ਸਕਦਾ ਬਦਲ ਨਹੀਂ,
ਬਿਮਾਰ ਤੇਰੇ ਨਨਕਾਣੇ ਦਾ।
ਭੁੱਖਿਆਂ ਨੂੰ ਅੰਨ ਛਕਾਇਆ ਤੂੰ,
ਪਹਿਲਾਂ ਘਰ ਆਪਣਾ ਪੱਟਿਆ ਏ।
ਵੀਹਾਂ ਦੇ ਵੀਹ ਲੁਟਾ ਕੇ ਤੇ,
ਫਿਰ ਵੀ ਤੂੰ ਕਹਿਣਾ ਖੱਟਿਆ ਏ।
ਮੈਂ ਬੜਾ ਅਨੋਖਾ ਤੱਕਿਆ ਏ,
ਬਿਉਪਾਰ ਤੇਰੇ ਨਨਕਾਣੇ ਦਾ।
ਕਰਵਟ ਵੀ ਸਕਦਾ ਬਦਲ ਨਹੀਂ,
ਬਿਮਾਰ ਤੇਰੇ ਨਨਕਾਣੇ ਦਾ।
ਹੇ ਨਾਨਕ ਭੁਲ ਕੇ ਹੋ ਜਾਵੇ,
ਦੀਦਾਰ ਤੇਰੇ ਨਨਕਾਣੇ ਦਾ।
ਹਰ ਵਸਤੂ ਹੋਣੀ ਨਾਸ਼ ਮਗਰ,
ਨਾਨਕ ਦਾ ਨਾਂ ਅਬਨਾਸ਼ੀ ਏ।
ਨਨਕਾਣਾ ਸਾਡਾ ਮੱਕਾ ਏ,
ਨਨਕਾਣਾ ਸਾਡੀ ਕਾਂਸ਼ੀ ਏ।
ਇਕ ਮੈਂ ਨਹੀਂ ਕੁਲ ਆਸ਼ਕ ਹੈ,
ਸੰਸਾਰ ਤੇਰੇ ਨਨਕਾਣੇ ਦਾ।

ਕਰਵਟ ਵੀ ਸਕਦਾ ਬਦਲ ਨਹੀਂ,
ਬਿਮਾਰ ਤੇਰੇ ਨਨਕਾਣੇ ਦਾ।
ਹੇ ਨਾਨਕ ਕਿਧਰੇ ਹੋ ਜਾਏ,
ਦੀਦਾਰ ਤੇਰੇ ਨਨਕਾਣੇ ਦਾ।
'ਸਫਰੀ' ਇਹ ਬਾਣੀ ਨਾਨਕ ਦੀ,
ਇਕ ਤੋਹਫਾ ਹੈ ਸੰਸਾਰ ਲਈ।
ਸੱਜਣ ਠੱਗ ਠੱਗੀਉਂ ਪਰਤ ਗਿਆ,
ਕੌਡੇ ਨੇ ਜੂਨ ਸੁਧਾਰ ਲਈ।
ਸੁਫਨੇ ਵਿਚ ਦਰਸ਼ਨ ਕਰ ਬੈਠਾ,
ਇਕ ਵਾਰ ਤੇਰੇ ਨਨਕਾਣੇ ਦਾ।
ਕਰਵਟ ਵੀ ਸਕਦਾ ਬਦਲ ਨਹੀਂ,
ਬਿਮਾਰ ਤੇਰੇ ਨਨਕਾਣੇ ਦਾ।
ਹੇ ਨਾਨਕ ਕਿਧਰੇ ਹੋ ਜਾਏ,
ਦੀਦਾਰ ਤੇਰੇ ਨਨਕਾਣੇ ਦਾ।

ਰੀਕਾਰਡ- ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼

# ਬੋਲ ਸਤਿਨਾਮ ਬੋਲ ਵਾਹਿਗੁਰੂ

ਬੋਲ ਸਤਿਨਾਮ ਬੋਲ ਵਾਹਿਗੁਰੂ।

ਨਾਮ ਜਪ ਲੈ ਜੇ ਜਨਮ ਸੁਧਾਰਨਾ।
ਬੇੜਾ ਸੱਚਿਆਂ ਗੁਰਾਂ ਨੇ ਤੇਰਾ ਤਾਰਨਾ।
ਬੋਲ ਸਤਿਨਾਮ ਬੋਲ ਵਾਹਿਗੁਰੂ।

ਠੰਡੀ ਠੰਡੀ ਹਵਾ ਨਨਕਾਣੇ ਵਲੋਂ ਆਈ ਏ।
ਵੈਰ ਤੇ ਵਿਰੋਧ ਵਾਲੀ ਅਗਨ ਬੁਝਾਈ ਏ।
ਇਹਨੇ ਜਗਤ ਜਲੰਦੇ ਤਾਈਂ ਠਾਰਨਾ।
ਨਾਮ ਜਪ ਲੈ ਜੇ ਜਨਮ ਸੁਧਾਰਨਾ।
ਬੋਲ ਸਤਿਨਾਮ.........

ਲਾਲੋ ਜੇਹਾਂ ਦੇ ਵੀ ਗਏ ! ਲਹੂ ਨੂੰ ਨਚੋੜ ਕੇ।
ਹਾਏ ! ਕੀ ਖੱਟਿਆ ਭਾਗੋ ਨੇ ਧਨ ਜੋੜ ਕੇ।
ਕਾਹਨੂੰ ਜਨਮ ਜੂਏ ਦੇ ਵਿਚ ਹਾਰਨਾ।
ਨਾਮ ਜਪ ਲੈ ਜੇ ਜਨਮ ਸੁਧਾਰਨਾ।
ਬੋਲ ਸਤਿਨਾਮ.........

ਮੇਰਾ ਮਾਹੀ ਮੁਖੋਂ ਪਿਆ ਤੇਰਾਂ ਤੇਰਾਂ ਬੋਲਦਾ।
ਨੈਣਾਂ ਵਾਲੀ ਕੰਡੀ ਸੌਦਾ ਨਾਮ ਵਾਲਾ ਤੋਲਦਾ।
ਸੀਸ ਉਹਦਿਆਂ ਚਰਨਾਂ ਉਤੋਂ ਵਾਰਨਾ।
ਨਾਮ ਜਪ ਲੈ ਜੇ ਜਨਮ ਸੁਧਾਰਨਾ।
ਬੋਲ ਸਤਿਨਾਮ.........

ਆ ਜਾ ਮਾਤਾ ਤ੍ਰਿਪਤਾ ਦੇ ਨੈਣਾਂ ਦਿਆ ਤਾਰਿਆ।
ਸਾਡੇ ਜੇਹਾਂ ਪਾਪੀਆਂ ਨੂੰ ਕਾਹਨੂੰ ਤੂੰ ਵਸਾਰਿਆ।

ਤੈਨੂੰ 'ਸਫਰੀ' ਨੇ ਕਦੀ ਨੀ ਵਸਾਰਨਾ।
ਨਾਮ ਜਪ ਲੈ ਜੇ ਜਨਮ ਸੁਧਾਰਨਾ।
ਬੋਲ ਸਤਿਨਾਮ.........

ਰੀਕਾਰਡ :- ਸ੍ਰ: ਅਜੀਤ ਸਿੰਘ ਪ੍ਰਦੇਸੀ, ਨਿਊ ਦਿੱਲੀ

# ਬੜਾ ਹੀ ਅਨੋਖਾ ਤੇਰਾ ਤੋਲ ਓ ਵਪਾਰੀਆ

ਬੜਾ ਹੀ ਅਨੋਖਾ ਤੇਰਾ ਤੋਲ ਓ ਵਪਾਰੀਆ।
ਰਾਸ ਕਿੱਥੇ ਛੱਡ ਆਇਓਂ ਬੋਲ ਓ ਵਪਾਰੀਆ।
ਲਿਆ ਕੀ ਰੁਪਈਏ ਤੇਰੇ ਬੋਝੇ ਵੀਹ ਪਾ ਕੇ।
ਭੱਜ ਆਇਓਂ ਅੰਨ ਭੁੱਖੇ ਸਾਧਾਂ ਨੂੰ ਛਕਾ ਕੇ।
ਲੁੱਚੇ ਪੁੱਟੇ ਗਏ ਅਣਭੋਲ ਓ ਵਪਾਰੀਆ।
ਰਾਸ ਕਿੱਥੇ ਛੱਡ ਆਇਓਂ..........

ਇਕ ਹੱਥ ਗੀਤਾ ਦੂਜੇ ਹੱਥ 'ਚ ਕੁਰਾਨ ਹੈ।
ਥੋੜਾ ਜਿਹਾ ਹੋਰ ਪੂਜਾ ਪਾਠ ਦਾ ਸਮਾਨ ਹੈ।
ਹੋਰ ਹੈਗਾ ਕੀ ਤੇਰੇ ਕੋਲ ਓ ਵਪਾਰੀਆ।
ਰਾਸ ਕਿੱਥੇ ਛੱਡ ਆਇਓਂ..........

ਪਿਤਾ ਨੇ ਚਪੇੜਾਂ ਮਾਰ ਕੌੜਾ ਛਿਕਾ ਕਹਿ ਲਿਆ।
ਨਾਨਕੀ ਨੇ ਵੀਰ ਨੂੰ ਕੁਲਾਵੇ ਵਿਚ ਲੈ ਲਿਆ।
ਜਿੰਦ ਜਾਨ ਦਿਆਂ ਤੈਥੋਂ ਘੋਲ ਓ ਵਪਾਰੀਆ।
ਰਾਸ ਕਿੱਥੇ ਛੱਡ ਆਇਓਂ..........

ਪਤਾ ਨਹੀਂ ਤੇਰੇ ਨੈਣਾਂ ਵਿਚ ਜਾਦੂ ਕੀ ਏ।
ਤੈਨੂੰ ਦੇਖ ਦੇਖ ਕੇ ਜਹਾਨ ਰਿਹਾ ਜੀਅ ਏ।
ਸਾਰਾ ਜੱਗ ਰਿਹਾ ਤੈਨੂੰ ਟੋਲ ਓ ਵਪਾਰੀਆ।
ਰਾਸ ਕਿਥੇ ਛੱਡ ਆਇਓਂ ਬੋਲ ਓ ਵਪਾਰੀਆ।

ਰੀਕਾਰਡ– ਸਰੂਪ ਸਿੰਘ ਸਰੂਪ ਰੇਡੀਓ ਸਿੰਗਰ ਨੇ ਕਰਵਾਇਆ।

# ਲਹੂ ਦੀਆਂ ਬਾਤਾਂ

ਲਹੂ ਦੀਆਂ ਬਾਤਾਂ ਸਾਥੋਂ ਪਾਈਆਂ ਨਹੀਉਂ ਜਾਂਦੀਆਂ।
ਸੁਣੀਆਂ ਨਹੀਂ ਜਾਂਦੀਆਂ, ਸੁਣਾਈਆਂ ਨਹੀਉਂ ਜਾਂਦੀਆਂ।
ਪੰਜਵੇਂ ਗੁਰਾਂ ਨੇ ਤਨ ਤਵੀ ਤੇ ਜਲਾ ਲਿਆ।
ਤੱਤਾ ਤੱਤਾ ਰੇਤਾ ਉਤੇ ਤਨ ਦੇ ਪੁਆ ਲਿਆ।
ਇਹੋ ਜਿਹੀਆਂ ਸੂਰਤਾਂ ਜਲਾਈਆਂ ਨਹੀਉਂ ਜਾਂਦੀਆਂ।
ਲਹੂ ਦੀਆਂ ਬਾਤਾਂ ਸਾਥੋਂ..........
ਨੀਂਹ ਥੱਲੇ ਆਏ ਲਾਲ ਜ਼ਰਾ ਵੀ ਨੀ ਹੰਭਦੇ।
ਸੂਬੇ ਦੇ ਸਿਪਾਹੀ ਦੇਖੇ ਥਰ ਥਰ ਕੰਬਦੇ।
ਜ਼ਾਲਮਾਂ ਤੋਂ ਇੱਟਾਂ ਵੀ ਫੜਾਈਆਂ ਨਹੀਉਂ ਜਾਂਦੀਆਂ।
ਲਹੂ ਦੀਆਂ ਬਾਤਾਂ ਸਾਥੋਂ..........
ਪੁੱਤ ਦਾ ਕਲੇਜਾ ਹਾਏ ਛੁਰੀ ਨਾਲ ਕੱਢ ਕੇ।
ਬੰਦੇ ਦੀ ਜ਼ਬਾਨ ਉਤੇ ਰੱਖ ਦਿੱਤਾ ਵੱਢ ਕੇ।
ਇਹ ਖੂਨੀ ਝਾਕੀਆਂ ਵਖਾਈਆਂ ਨਹੀਉਂ ਜਾਂਦੀਆਂ।
ਲਹੂ ਦੀਆਂ ਬਾਤਾਂ ਸਾਥੋਂ..........
'ਸਫਰੀ' ਸਿੰਘਾਂ ਨੂੰ ਰਹੀ ਇਹ ਮੁਢੋਂ ਲਾਲਸਾ।
ਜੁਗ ਜੁਗ ਜੀਵੇ ਸਾਡਾ ਗੁਰੂ ਪੰਥ ਖਾਲਸਾ।
ਬਧੋ-ਬਧੀ ਈਨਾਂ ਮਨਵਾਈਆਂ ਨਹੀਉਂ ਜਾਂਦੀਆਂ।
ਲਹੂ ਦੀਆਂ ਬਾਤਾਂ ਸਾਥੋਂ..........

ਆਸਾ ਸਿੰਘ ਮਸਤਾਨਾ

# ਵਾਹ ਧੰਨ ਧੰਨ ਗੁਰੂ ਹਰਿਗੋਬਿੰਦ

ਵਾਹ ਧੰਨ ਧੰਨ ਗੁਰੂ ਹਰਿਗੋਬਿੰਦ।
ਮੇਰੇ ਦੇਸ਼ ਦੀ ਜਾਨ ਮੇਰੇ ਦੇਸ਼ ਦੀ ਜਿੰਦ।
ਜਦ ਇਸ ਧਰਤੀ ਤੇ ਆਏ।
ਨੀਲੇ ਅੰਬਰਾਂ ਨੇ ਫੁਲ ਵਰਸਾਏ।
ਮਿੱਧੇ ਹੋਏ ਫੁੱਲ ਮਹਿਕੇ ਕਲੀਆਂ ਵੀ ਮਹਿਕੀਆਂ।
ਗੁਰੂ ਕੀ ਵਡਾਲੀ ਦੀਆਂ ਗਲੀਆਂ ਵੀ ਮਹਿਕੀਆਂ।
ਲਾਲੋ ਦੇ ਘਰਾਣੇ ਨਾਲ ਕੀਤਾ ਸੀ ਪਿਆਰ ਉਹਨਾਂ,
ਭਾਗ ਬਸਤੀ ਸ਼ੇਖ ਨੂੰ ਲਾਏ।
ਨੀਲੇ ਅੰਬਰਾਂ ਨੇ ਫੁਲ ਵਰਸਾਏ।
ਆਨ ਬਾਦਸ਼ਾਹੀ ਦੀ ਸ਼ਾਨ ਸੀ ਫਕੀਰੀ ਦੀ।
ਇਕ ਤੇਗ ਮੀਰੀ ਦੀ ਤੇ ਇਕ ਤੇਗ ਪੀਰੀ ਦੀ।
ਫਟਾਫਟ ਇਕ ਮਾਰੇ ਫੱਟ ਕਈ ਜ਼ਾਲਮਾਂ ਨੂੰ,
ਦੂਜੀ ਫੱਟਾਂ ਤੇ ਮਲ੍ਹਮਾਂ ਲਾਏ।
ਨੀਲੇ ਅੰਬਰਾਂ ਨੇ ਫੁਲ ਵਰਸਾਏ।
ਹੱਥ ਜੋੜ ਮੰਗੀ ਸੀ ਸੁਲੱਖਣੀ ਨੇ ਭਿੱਖਿਆ।
ਏਕੇ ਵਾਲੀ ਥਾਂ ਉਤੇ ਸਾਤਾ ਗਿਆ ਲਿਖਿਆ।
ਸੱਚੇ ਦਿਲੋਂ ਜਿਹੜਾ ਵੀ ਧਿਆਵੇ ਛੇਵੇਂ ਪਾਤਸ਼ਾਹ,
ਮੂੰਹ ਮੰਗੀਆਂ ਮੁਰਾਦਾਂ ਪਾਏ।
ਨੀਲੇ ਅੰਬਰਾਂ ਨੇ ਫੁਲ ਵਰਸਾਏ।
'ਸਫਰੀ' ਗੁਰਾਂ ਦਾ ਪਿਆਰ ਸੀਨੇ ਵਿਚ ਵਧਿਆ।
ਵੈਰੀ ਸਾਡੀ ਹੱਦ ਵਿਚੋਂ ਹਾਰ ਖਾ ਕੇ ਨੱਸਿਆ।
ਇਕ ਲੱਖ ਵੈਰੀ ਦੇ ਸਿਪਾਹੀਆਂ ਕੋਲੋਂ ਜਦੋਂ ਅਸਾਂ,
ਰਣ ਵਿਚ ਹਥਿਆਰ ਸੁਟਾਏ।
ਨੀਲੇ ਅੰਬਰਾਂ ਨੇ ਫੁਲ ਵਰਸਾਏ।

ਆਸਾ ਸਿੰਘ ਮਸਤਾਨਾ।

# ਪਟਨੇ ਸ਼ਹਿਰ ਚੋਂ ਉਠੀ ਰੌਸ਼ਨੀ

ਪਟਨੇ ਸ਼ਹਿਰ ਚੋਂ ਉਠੀ ਰੌਸ਼ਨੀ,
ਕੁਲ ਆਲਮ ਰੁਸ਼ਨਾਇਆ।
ਜਗਮਗ ਜਗਮਗ ਹੋਈ ਵਤਨ ਵਿਚ,
ਗੁਰੂ ਗੋਬਿੰਦ ਸਿੰਘ ਆਇਆ।
ਨਾਵੇਂ ਸਤਿਗੁਰ ਲਾਲ ਦੇ ਉਤੋਂ,
ਲੱਖ ਲੱਖ ਲਾਲ ਲੁਟਾਏ।
ਮਾਂ ਗੁਜਰੀ ਦੇ ਚਰਨ ਚੁੰਮਣ ਨੂੰ,
ਚੰਨ ਸਤਾਰੇ ਆਏ।
ਘਰ ਘਰ ਖੁਸ਼ੀਆਂ ਘਰ ਘਰ ਹਾਸੇ,
ਘਰ ਘਰ ਮੰਗਲ ਗਾਇਆ।
ਜਗਮਗ ਜਗਮਗ ਹੋਈ ਵਤਨ ਵਿਚ,
ਕੁਲ ਆਲਮ ਰੁਸ਼ਨਾਇਆ।
ਪੰਡਤ ਨੇ ਸੰਧੂਰ ਘੋਲਿਆ,
ਮੱਥੇ ਤਿਲਕ ਸਜਾਇਆ।
ਮੰਦਰ ਦੇ ਵਿਚ ਮੂਰਤੀਆਂ ਦੇ,
ਮੂੰਹ ਤੇ ਖੇੜਾ ਆਇਆ।
ਤਿਲਕ ਜਨੇਊ ਜੀਉਂਦੇ ਹੋ ਗਏ,
ਜਾਦੂ ਕੋਈ ਦਿਖਾਇਆ।
ਜਗਮਗ ਜਗਮਗ ਹੋਈ ਵਤਨ ਵਿਚ,
ਕੁਲ ਆਲਮ ਰੁਸ਼ਨਾਇਆ।
ਸੱਯਦ ਭੀਖਨ ਸ਼ਾਹ ਪੀਰ ਵੀ,
ਕੀਤੀ ਬਾਤ ਨਿਆਰੀ।

ਲਹਿੰਦਾ ਪਾਸਾ ਛੱਡ ਕੇ ਚੜ੍ਹਦੇ,
ਵਲ ਨਿਮਾਜ਼ ਗੁਜਾਰੀ।
ਮੇਰਾ ਮੱਕਾ, ਮੇਰਾ ਕਾਅਬਾ,
ਪਟਨੇ ਦੇ ਵਿਚ ਆਇਆ।
ਜਗਮਗ ਜਗਮਗ ਹੋਈ ਵਤਨ ਵਿਚ,
ਕੁਲ ਆਲਮ ਰੁਸ਼ਨਾਇਆ।
ਹੱਥ ਸੁਨਹਿਰਾ ਬਾਜ਼ ਸੁਹਾਵੇ,
ਸੀਸ ਤੇ ਕਲਗੀ ਤੋੜਾ।
ਨੀਲ ਗਗਨ ਤੋਂ ਆਏ ਸਤਿਗੁਰ,
ਲੈ ਕੇ ਨੀਲਾ ਘੋੜਾ।
'ਸਫਰੀ' ਉਹਦੇ ਚਰਨਾਂ ਉਤੇ,
ਸਭ ਨੇ ਸੀਸ ਨਿਵਾਇਆ।
ਜਗਮਗ ਜਗਮਗ ਹੋਈ ਵਤਨ ਵਿਚ,
ਗੁਰੂ ਗੋਬਿੰਦ ਸਿੰਘ ਆਇਆ।

ਰੀਕਾਰਡ– ਬੀਬੀ ਨਰਿੰਦਰ ਬੀਬਾ ਨੇ ਕਰਵਾਇਆ।

# ਡਿੱਠਾ ਬਾਜ਼ਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ

ਡਿੱਠਾ ਬਾਜ਼ਾਂ ਵਾਲਿਆ,
ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ,
ਤੇ ਜਨਾਜ਼ਾ ਲੱਖ ਦਾ।
ਪਿਤਾ ਦਸਮੇਸ਼ ਦੀਨ ਦੁਖੀਆਂ ਦਾ ਵਾਲੀ ਏ।
ਜੋਤ ਉਹਦੀ ਸਾਰੇ ਸੰਸਾਰ ਤੋਂ ਨਿਰਾਲੀ ਏ।
ਚੰਨ ਜਿਵੇਂ ਹੁੰਦਾ ਸੋਹਣਾ ਚੌਧਵੀ ਦੇ ਪੱਖ ਦਾ।
ਡਿੱਠਾ ਬਾਜ਼ਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ..........
ਸੋਧ ਅਰਦਾਸਾ ਦਸਮੇਸ਼ ਨੂੰ ਧਿਆ ਕੇ।
ਜ਼ਾਲਮ ਦੇ ਸੀਸ ਨਾਲ ਤੇਗ ਨੂੰ ਉਠਾ ਕੇ।
ਦੀਪ ਸਿੰਘ ਡਿੱਠਾ ਸੀਸ ਤਲੀ ਉਤੇ ਰੱਖਦਾ।
ਡਿੱਠਾ ਬਾਜ਼ਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ..........
ਪਾਹੁਲ ਤੂੰ ਪਿਲਾਈ ਦਾਤਾ ਜਿਹਨੂੰ ਖੰਡੇ ਧਾਰ ਦੀ।
ਮੌਤ ਵੀ ਅਗਾੜੀ ਉਹਦੇ ਦਮ ਨਹੀਉਂ ਮਾਰਦੀ।
ਤੇਗ ਨਾਲ ਗਿਉਂ ਲਹੂ ਵੈਰੀਆਂ ਦਾ ਚੱਖਦਾ।
ਡਿੱਠਾ ਬਾਜਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ..........
'ਸਫਰੀ' ਜਿਨ੍ਹਾਂ ਵੀ ਮੱਥਾ ਗੁਰਾਂ ਨਾਲ ਲਾਇਆ ਏ।
ਕਰਕੇ ਕਸੂਰ ਪਿਛੋਂ ਬੜਾ ਪਛਤਾਇਆ ਏ।
ਲੱਖੋਂ ਹੋ ਕੇ ਰਹਿ ਗਿਆ ਔਰੰਗਜ਼ੇਬ ਕੱਖ ਦਾ।
ਡਿੱਠਾ ਬਾਜ਼ਾਂ ਵਾਲਿਆ ਇਸ਼ਾਰਾ ਤੇਰੀ ਅੱਖ ਦਾ।
ਕੱਲਾ ਕੱਲਾ ਸਿੰਘ..........

ਰੀਕਾਰਡ - ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼।

## ਕਲਗੀਧਰ ਦਾ ਸਾਨੀ ਕੋਈ

ਕਲਗੀਧਰ ਦਾ ਸਾਨੀ ਕੋਈ,
ਦੁਨੀਆਂ ਦੇ ਵਿਚ ਹੋਇਆ ਨਾ।
ਚਾਰ ਪੁੱਤ ਉਹਨੇ ਵਤਨਾਂ ਤੋਂ ਵਾਰੇ,
ਇਕ ਵੀ ਲਾਲ ਲੁਕੋਇਆ ਨਾ।

ਦੁਖੀ ਪੰਡਿਤ ਕਸ਼ਮੀਰ ਦੇ ਆਏ,
ਰੋਂਦੇ ਹੋਏ ਦਿਲ ਚੀਰਦੇ ਆਏ,
ਨਾਵੇਂ ਸਤਿਗੁਰੂ ਬਾਝੋਂ ਹਾਏ,
ਸੇਕ ਕਿਸੇ ਨੂੰ ਪੋਹਿਆ ਨਾ।

ਦੁਨੀਆਂ ਵਿਚ ਅਵਤਾਰ ਵੀ ਆਏ,
ਦਾਤੇ ਤੇ ਬਲਕਾਰ ਵੀ ਆਏ,
ਧਰਮ ਕਰਮ ਦਾ ਬੀਜ ਕਿਸੇ ਨੇ,
ਸਤਿਗੁਰੂ ਬਾਝੋਂ ਬੋਇਆ ਨਾ।

ਮਾਛੀਵਾੜੇ ਸੂਲਾਂ ਤੇ ਡੇਰਾ,
ਯਾਰੜੇ ਦਾ ਸਾਨੂੰ ਸੱਥਰ ਚੰਗੇਰਾ,
ਯਾਦ ਕਿਸੇ ਦੀ ਅੰਦਰ ਤਾਂ ਵੀ,
ਪਲਕਾਂ ਦਾ ਦਰ ਢੋਇਆ ਨਾ।

ਗਿੱਦੜਾਂ ਤੋਂ ਉਹਨੇ ਸ਼ੇਰ ਬਣਾਏ,
ਚਿੜੀਆਂ ਕੋਲੋਂ ਉਹਨੇ ਬਾਜ਼ ਤੁੜਾਏ,
ਇੱਕ ਇੱਕ ਸਿੰਘ ਦੇ ਅੱਗੇ ਵੈਰੀ,
ਇੱਕ ਇੱਕ ਲੱਖ ਖੜੋਇਆ ਨਾ।

ਰਦੇ ਦੀਵਾਰ ਦੇ ਫੁੱਟ ਫੁੱਟ ਹੋਏ,
ਫੁੱਟ ਫੁੱਟ ਕੇ ਜਲਾਦ ਵੀ ਰੋਏ,
ਲਾਲਾਂ ਦੀ ਤੱਕ ਸ਼ਹੀਦੀ 'ਸਫਰੀ',
ਦਿਲ ਕਿਹਦਾ ਸੀ ਜੋ ਰੋਇਆ ਨਾ।

ਰੀਕਾਰਡ- ਬੀਬੀ ਨਰਿੰਦਰ ਬੀਬਾ ਰੇਡੀਓ ਆਰਟਿਸਟ ਦੀ ਅਵਾਜ਼ ਵਿਚ

# ਉਪਕਾਰ ਗੁਰੂ ਗੋਬਿੰਦ ਸਿੰਘ ਦੇ

ਨਹੀਂ ਭਾਰਤ ਹਰਿਗਜ਼ ਭੁੱਲ ਸਕਦਾ,
ਉਪਕਾਰ ਗੁਰੂ ਗੋਬਿੰਦ ਸਿੰਘ ਦੇ।

ਲੱਖ ਦੀਦੇ ਤਰਸਣ ਕਰਨੇ ਨੂੰ,
ਦੀਦਾਰ ਗੁਰੂ ਗੋਬਿੰਦ ਸਿੰਘ ਦੇ।

ਉਹਦੇ ਹੱਥ ਵਿਚ ਬਾਜ਼ ਸੁਨਹਿਰੀ ਏ,
ਉਹਦੇ ਸੀਸ ਤੇ ਕਲਗੀ ਤੋੜਾ ਏ।

ਜੱਗ ਘੋੜੀਆਂ ਗਾਉਂਦਾ ਉਸ ਦੀਆਂ,
ਜਿਹਦੇ ਹੇਠਾਂ ਨੀਲਾ ਘੋੜਾ ਏ।
ਜੀਅ ਚਰਨ ਚੁੰਮਣ ਨੂੰ ਕਰਦਾ ਏ,
ਇਕ ਵਾਰ ਗੁਰੂ ਗੋਬਿੰਦ ਸਿੰਘ ਦੇ।

ਦੋ ਲਾਲ ਵੱਡੇ ਦਸਮੇਸ਼ ਪਿਤਾ,
ਚਮਕੌਰ ਗੜ੍ਹੀ ਵਿਚ ਵਾਰ ਦਿੱਤੇ।
ਸਿੱਖੀ ਦਾ ਮਹਿਲ ਬਨਾਉਣ ਲੱਗਾ,
ਦੋ ਨੀਂਹਾਂ ਵਿਚ ਖਲਿਆਰ ਦਿੱਤੇ।

ਦਾਦੇ ਦੀ ਗੋਦ 'ਚ ਪਹੁੰਚ ਗਏ,
ਪੁੱਤ ਚਾਰ ਗੁਰੂ ਗੋਬਿੰਦ ਸਿੰਘ ਦੇ।

ਇਸ ਦੁਨੀਆਂ ਵਿਚ ਦਸਮੇਸ਼ ਪਿਤਾ,
ਦਾ ਦੂਸਰਾ ਕਿਹੜਾ ਸਾਨੀ ਏ।
ਦੁਨੀਆਂ ਤੋਂ ਵੱਧ ਬਹਾਦਰ ਹੈ,
ਦੁਨੀਆਂ ਤੋਂ ਵੱਧ ਕੁਰਬਾਨੀ ਏ।

ਜੱਗ ਸਾਰਾ ਤਾਹੀਓਂ ਗਾਂਦਾ ਏ,
ਬਲਿਹਾਰ ਗੁਰੂ ਗੋਬਿੰਦ ਸਿੰਘ ਦੇ।

ਰੀਕਾਰਡ– ਬੀਬੀ ਨਰਿੰਦਰ ਬੀਬਾ ਰੇਡੀਓ ਆਰਟਿਸਟ ਦੀ ਅਵਾਜ਼ ਵਿਚ

# ਦੀਨ ਦੁਖੀ ਦੀ ਖਾਤਿਰ ਪੰਥ ਚਲਾਇਆ ਕਲਗੀਆਂ ਵਾਲੇ

ਦੀਨ ਦੁਖੀ ਦੀ ਖਾਤਿਰ ਪੰਥ ਚਲਾਇਆ ਕਲਗੀਆਂ ਵਾਲੇ ਨੇ।
ਇਸ ਭਾਰਤ ਤੋਂ ਜੀਵਨ ਘੋਲ ਘੁਮਾਇਆ ਕਲਗੀਆਂ ਵਾਲੇ ਨੇ।

ਦਿੱਲੀ ਦੇ ਵਿਚ ਪਿਤਾ ਘੁਮਾਇਆ,
ਰੁੜ੍ਹਦਾ ਹੋਇਆ ਧਰਮ ਬਚਾਇਆ।
ਦੋ ਪੁੱਤਰ ਉਨ੍ਹੇ ਜੰਗ 'ਚ ਵਾਰ੍ਹੇ,
ਦੋਹਾਂ ਨੂੰ ਨੀਹਾਂ ਵਿਚ ਚਿਣਾਇਆ।
ਕੀ ਜਾਣੇ ਕੋਈ ਕਿਤਨਾ ਖੂਨ ਬਹਾਇਆ,
ਕਲਗੀ ਵਾਲੇ ਨੇ।
ਇਸ ਭਾਰਤ ਤੋਂ ਆਪਾ ਘੋਲ ਘੁਮਾਇਆ,
ਕਲਗੀ ਵਾਲੇ ਨੇ।

ਦਸਮ ਪਿਤਾ ਨੇ ਯੁਧ ਮਚਾਏ,
ਦੇਸ਼ ਦੇ ਦੁਸ਼ਮਣ ਮਾਰ ਭਜਾਏ।
ਨਾ ਉਨ ਆਪਣਾ ਆਪ ਬਚਾਇਆ,
ਨਾ ਉਨ ਆਪਣਾ ਆਪ ਬਚਾਇਆ।
ਜੰਜੂ ਚੋਟੀ ਟਿੱਕਾ ਆਣ ਬਚਾਇਆ,
ਕਲਗੀ ਵਾਲੇ ਨੇ।
ਇਸ ਭਾਰਤ ਤੋਂ ਆਪਾ............

ਦਸਮ ਪਿਤਾ ਦਾ ਕੋਈ ਨੀ ਸਾਨੀ,
ਦੁਨੀਆਂ ਤੋਂ ਵੱਖਰੀ ਕੁਰਬਾਨੀ।
ਪੰਜ ਬਾਣੀਆਂ ਪੰਜ ਪਿਆਰੇ,
ਪੰਜੇ ਕੱਕੇ ਨੇਕ ਨਿਸ਼ਾਨੀ।
ਪੰਜਾਂ ਦੇ ਵਿਚ ਹੀ ਪਰਮੇਸ਼ਰ ਪਾਇਆ,
ਕਲਗੀ ਵਾਲੇ ਨੇ।
ਇਸ ਭਾਰਤ ਤੋਂ ਆਪਾ............

ਰੀਕਾਰਡ – ਬੀਬੀ ਨਰਿੰਦਰ ਬੀਬਾ ਟੈਲੀਵੀਜ਼ਨ ਆਰਟਿਸਟ

# ਸਰਸਾ ਨਦੀ

ਪਾਣੀ ਸਰਸਾ ਨਦੀ ਦਾ ਠਾਠਾਂ ਮਾਰਦਾ,
ਦੇਖੋ ਸਿੰਘਾਂ ਦੀ ਅਣਖ ਨੂੰ ਵੰਗਾਰਦਾ।
ਧੰਨ ਮਾਤਾ ਗੁਜਰੀ ਜੀ ਦਾ ਹੌਂਸਲਾ,
ਕਿਵੇਂ ਝੱਲਿਆ ਵਿਛੋੜਾ ਪਰਿਵਾਰ ਦਾ।
ਪਾਣੀ ਸਰਸਾ ਨਦੀ ਦਾ ਠਾਠਾਂ..............
ਪਾਣੀ ਸਰਸਾ ਨਦੀ ਦਾ ਸੱਪ ਸ਼ੂਕਦਾ,
ਸੱਪ ਸ਼ੂਕਦਾ ਕਿਨਾਰਿਆਂ ਨੂੰ ਛੂਕਦਾ।
ਤਰ ਜਾਏਗਾ ਬਗੈਰ ਚੱਪੂ ਲਾਉਣ ਦੇ,
ਜਿਹੜਾ ਸਤਿਨਾਮ ਸਤਿਨਾਮ ਕੂਕਦਾ।
ਸੱਚੇ ਗੁਰਾਂ ਨੇ ਦਿਖਾਉਣਾ ਕੰਢਾ ਪਾਰ ਦਾ,
ਪਾਣੀ ਸਰਸਾ ਨਦੀ ਦਾ ਠਾਠਾਂ..............
ਕਹਿੰਦਾ ਫਤਹਿ ਸਿੰਘ ਨਦੀ ਨੂੰ ਵੰਗਾਰ ਕੇ,
ਮੈਂ ਵੀ ਦੇਖਣੀ ਨਦੀ 'ਚ ਛਾਲ ਮਾਰ ਕੇ।
ਜਿਥੇ ਪਿਤਾ ਨੇ ਹਜ਼ਾਰਾਂ ਮੋਹਰਾਂ ਵਾਰੀਆਂ,
ਮੈਂ ਵੀ ਜ਼ਿੰਦਗੀ ਨੂੰ ਦੇਖਣਾ ਏਂ ਵਾਰ ਕੇ।
ਸਾਥ ਛੱਡਿਆ ਅਜੀਤ ਤੇ ਜੁਝਾਰ ਦਾ,
ਪਾਣੀ ਸਰਸਾ ਨਦੀ ਦਾ ਠਾਠਾਂ..............
ਨੀਲਾ ਟੱਪਿਆ ਨਦੀ ਨੂੰ ਛਾਲ ਮਾਰ ਕੇ,
ਸਿੰਘ ਵੈਰੀਆਂ ਨੂੰ ਲੰਘ ਗਏ ਵੰਗਾਰ ਕੇ।
ਪਾਈਆਂ ਨਦੀ ਵਿਚ ਕਈਆਂ ਨੇ ਸ਼ਹੀਦੀਆਂ,
ਦੁੱਖ ਦੇਸ਼ ਪਿਛੇ 'ਸਫਰੀ' ਸਹਾਰ ਕੇ।
ਕਦੇ ਖਾਲਸਾ ਧਰਮ ਨਹੀਂਊਂ ਹਾਰਦਾ,
ਪਾਣੀ ਸਰਸਾ ਨਦੀ ਦਾ ਠਾਠਾਂ...........

ਰੀਕਾਰਡ- ਬੀਬੀ ਨਰਿੰਦਰ ਬੀਬਾ ਟੈਲੀਵੀਜ਼ਨ ਆਰਟਿਸਟ

# ਹਾਏ! ਮਾਸ ਬੰਦੇ ਦਾ ਜਮੂਰਾਂ ਨਾਲ ਤੋੜਿਆ

ਹਾਏ ! ਮਾਸ ਬੰਦੇ ਦਾ ਜਮੂਰਾਂ ਨਾਲ ਤੋੜਿਆ।
ਸੂਰਮੇਂ ਨੇ ਸਿੱਖੀ ਵਲੋਂ ਮੁਖ ਨਹੀਉਂ ਮੋੜਿਆ।

ਸੁਣੀ ਜਦੋਂ ਬੰਦੇ ਨੇ ਕਹਾਣੀ ਖ਼ੂਨੀ ਕੰਧ ਦੀ।
ਇੱਟ ਇੱਟ ਕੀਤੀ ਜਾ ਕੇ ਸ਼ਹਿਰ ਸਰਹੰਦ ਦੀ।
ਫੜ ਕੇ ਵਜ਼ੀਰ ਖਾਂ ਨੂੰ ਗਿੱਚੀਉਂ ਮਰੋੜਿਆ,
ਸੂਰਮੇਂ ਨੇ ਸਿੱਖੀ..........

ਬੰਦਾ ਸਿੰਘ ਕਿਲ੍ਹੇ ਵਿਚੋਂ ਬਾਹਰ ਜਦ ਆ ਗਿਆ।
ਭੁੱਖੇ ਸ਼ੇਰ ਵਾਂਗੂੰ ਸੈਆਂ ਵੈਰੀਆਂ ਨੂੰ ਖਾ ਗਿਆ।
ਨਿੰਬੂਆਂ ਵਾਂਗੂੰ ਲਹੂ ਵੈਰੀ ਦਾ ਨਿਚੋੜਿਆ,
ਸੂਰਮੇਂ ਨੇ ਸਿੱਖੀ..........

ਫੁੱਟ ਚੰਦਰੀ ਦਾ ਲਾਵਾ ਸਿੰਘਾਂ ਵਿਚ ਫੁੱਟਿਆ।
ਜ਼ਾਲਮਾਂ ਨੇ ਬੰਦੇ ਨੂੰ ਜੰਜ਼ੀਰਾਂ ਵਿਚ ਜੁੱਟਿਆ।
ਦਸਮ ਪਿਤਾ ਨੂੰ ਤਾਂ ਵੀ ਦਿਲੋਂ ਨਾ ਵਿਛੋੜਿਆ,
ਸੂਰਮੇਂ ਨੇ ਸਿੱਖੀ..........

ਪੁੱਤ ਦਾ ਕਲੇਜਾ ਜਦੋਂ ਮੁਖ ਉਤੇ ਮਾਰਿਆ।
ਸਤਿਨਾਮ ਵਾਹਿਗੁਰੂ ਬੰਦੇ ਨੇ ਉਚਾਰਿਆ।
ਗੁਰਾਂ ਦਾ ਪ੍ਰੀਤ ਨਾਲ ਮਨ ਚਿਤ ਜੋੜਿਆ,
ਸੂਰਮੇਂ ਨੇ ਸਿੱਖੀ..........

ਧੰਨ ਬਾਬਾ ਬੰਦਾ ਧੰਨ ਓਸ ਦੀ ਕਮਾਈ ਏ।
'ਸਫਰੀ' ਸ਼ਹੀਦੀ ਉਹਨੇ ਸਿੱਖੀ ਉਤੋਂ ਪਾਈ ਏ।
ਆਪਣੇ ਲਹੂ 'ਚ ਬੇੜਾ ਜ਼ਾਲਮਾਂ ਦਾ ਬੋੜਿਆ,
ਸੂਰਮੇਂ ਨੇ ਸਿੱਖੀ..........

ਰੀਕਾਰਡ- ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼

## ਸੂਬਾ ਸਰਹੰਦ ਤੇ ਸਾਹਿਬਜ਼ਾਦਿਆਂ ਦੇ ਸਵਾਲ ਜਵਾਬ

ਸੂਬਾ- ਓ ਫਤਹਿ ਸਿੰਘਾ ! ਜ਼ੋਰਾਵਰ ਸਿੰਘਾ !
ਤੁਸੀਂ ਬਾਗ਼ੀ ਹੋ ਮੁਗ਼ਲ ਸਰਕਾਰ ਦੇ।
ਪਾਪੀ ਸੂਬੇ ਦੇ ਸਿਪਾਹੀ ਵਾਜਾਂ ਮਾਰਦੇ।
ਓ ਫਤਹਿ ਸਿੰਘਾ !

ਸਾਹਿਬਜ਼ਾਦੇ- ਓ ਵਜ਼ੀਰ ਖਾਨਾ।
ਵੱਡੇ ਬੇਈਮਾਨਾ।
ਅਸੀਂ ਲਾਡਲੇ ਦਸਮ ਅਵਤਾਰ ਦੇ।
ਤੇਰੀ ਤੇਗ ਦੇ ਕੋਲੋਂ ਨੀ ਅਸੀਂ ਹਾਰਦੇ।

ਸੂਬਾ- ਤੁਹਾਡੇ ਫੁੱਲਾਂ ਤੋਂ ਵੀ ਮੁਖੜੇ ਮਲੂਕ ਨੇ।
ਫੂਕ ਸੁੱਟਣੇ ਸ਼ੇਰਾਂ ਦੀ ਇਕੋ ਫੂਕ ਨੇ।
ਜ਼ਰਾ ਖੌਫ ਖਾਉ।
ਸਾਡੇ ਕੋਲ ਆਉ।
ਨਹੀਂ ਤਾਂ ਦੇਖ ਲਿਓ ਹੱਥ ਤਲਵਾਰ ਦੇ।
ਪਾਪੀ ਸੂਬੇ ਦੇ ਸਿਪਾਹੀ..........

ਸਾਹਿਬਜ਼ਾਦੇ- ਜਿਹੜੀ ਦਾਦੀ ਨੇ ਸਿਖਾਈ ਸਾਨੂੰ ਗੱਲ ਹੈ।
ਸੂਬੇ ਉਹ ਹੀ ਸਾਡਾ ਫੈਸਲਾ ਅਟੱਲ ਹੈ।
ਅਸੀਂ ਨਹੀਂ ਕੱਚੇ।
ਸਾਡੇ ਦਿਲ ਸੱਚੇ।
ਅਸੀਂ ਜਾਨਾਂ ਧਰਮ ਉਤੋਂ ਵਾਰਦੇ।
ਤੇਰੀ ਤੇਗ ਦੇ ਕੋਲੋਂ ਨੀ ਅਸੀਂ ਹਾਰਦੇ।

ਸੂਬਾ- ਲੜੀ ਟੁੱਟ ਜਾਣੀ ਹੀਰਿਆਂ ਦੇ ਹਾਰ ਦੀ।
ਦਾਦੀ ਟੋਲਦੀ ਫਿਰਦੀ ਵਾਜਾਂ ਮਾਰਦੀ।
ਸਾਡਾ ਮੰਨੋ ਕਹਿਣਾ।
ਤੁਸੀਂ ਨ੍ਹੀਂ ਰਹਿਣਾ।
ਫੁੱਲ ਮਿੱਧੇ ਜਾਣੇ ਖਿੜੀ ਗੁਲਜ਼ਾਰ ਦੇ।
ਪਾਪੀ ਸੂਬੇ ਦੇ ਸਿਪਾਹੀ..........

ਸਾਹਿਬਜ਼ਾਦੇ- ਬੜਾ ਦਾਦੀ ਜੀ ਦਾ ਹੌਂਸਲਾ ਬੁਲੰਦ ਹੈ।
ਉਹਦੇ ਦਿਲ ਵਿਚ 'ਸਫਰੀ' ਅਨੰਦ ਹੈ।
ਬੇੜੇ ਤਾਰ ਦਿੱਤੇ।
ਦਾਦੀ ਵਾਰ ਦਿੱਤੇ।
ਸਾਰੇ ਜੀ ਆਪਣੇ ਪ੍ਰਵਾਰ ਦੇ।
ਤੇਰੀ ਤੇਗ ਦੇ...............

ਰੀਕਾਰਡ- ਸੁਰਿੰਦਰ ਕੌਰ ਤੇ ਆਸਾ ਸਿੰਘ ਮਸਤਾਨਾ।

# ਹੇ ਕਾਲ ਕਲੋਟੀ ਰਾਤੜੀਏ

ਹੇ ਕਾਲ ਕਲੋਟੀ ਰਾਤੜੀਏ,
ਦੱਸ? ਕਿੱਤ ਵੱਲ ਉੱਚ ਦਾ ਪੀਰ ਗਿਆ।
ਕੋਈ ਕੌਤਕ ਕਲਗੀਧਰ ਦਾ ਸੀ,
ਦੁਸ਼ਮਣ ਦੀਆਂ ਫੌਜਾਂ ਚੀਰ ਗਿਆ।
ਇਕ ਨਬੀ ਖਾਨ ਇਕ ਗਨੀ ਖਾਨ,
ਦੋ ਸੱਚੇ ਸੁੱਚੇ ਮੁਸਲਮਾਨ।
ਜਦ ਪਲੰਘ ਉਠਾਇਆ ਕੰਧਿਆਂ ਤੇ,
ਲੱਗ ਸ਼ਰ੍ਹਾ ਦੇ ਸੀਨੇ ਤੀਰ ਗਿਆ।
ਨੀ ਕਾਲ ਕਲੋਟੀ ਰਾਤੜੀਏ,
ਦੱਸ ਕਿਤ ਵੱਲ ਉੱਚ ਦਾ ਪੀਰ ਗਿਆ।
ਕੋਈ ਕੌਤਕ ਕਲਗੀਧਰ ਦਾ ਸੀ,
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ।
ਸਾਡਾ ਰਾਜ਼ੀ ਹੋ ਰਸੂਲ ਗਿਆ,
ਸਾਡਾ ਹੱਜ ਵੀ ਹੋ ਕਬੂਲ ਗਿਆ।
ਸਾਡੇ ਲਈ ਗੁਰੂ ਗੋਬਿੰਦ ਸਿੰਘ ਤਾਂ,
ਕਾਅਬੇ ਦੀ ਬਣ ਤਸਵੀਰ ਗਿਆ।
ਹੇ ਕਾਲ ਕਲੋਟੀ ਰਾਤੜੀਏ,
ਦੱਸ ਕਿਤ ਵੱਲ ਉੱਚ ਦਾ ਪੀਰ ਗਿਆ।
ਕੋਈ ਕੌਤਕ ਕਲਗੀਧਰ ਦਾ ਸੀ,
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ।
ਵਤਨਾਂ ਦਾ ਕਰਜ਼ ਚੁਕਾ ਚਲਿਆ,
ਚਾਰੇ ਹੀ ਲਾਲ ਖੁਹਾ ਚਲਿਆ।

ਨਹੀਂ ਚਾਨਣ ਦਿੱਸਦੇ ਅੱਖਿਆਂ ਦੇ,
ਤਾਂ ਵੀ ਨਹੀਂ ਅੱਖੀਉਂ ਨੀਰ ਗਿਆ।
ਹੇ ਕਾਲ ਕਲੋਟੀ ਰਾਤੜੀਏ,
ਦੱਸ ਕਿਤ ਵੱਲ ਉੱਚ ਦਾ ਪੀਰ ਗਿਆ।
ਕੋਈ ਕੌਤਕ ਕਲਗੀਧਰ ਦਾ ਸੀ,
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ।
ਉਹ 'ਸਫਰੀ' ਸੰਤ ਸਿਪਾਹੀ ਏ,
ਇਕ ਵੱਖਰੀ ਮੰਜ਼ਿਲ ਦਾ ਰਾਹੀ ਏ।
ਜ਼ਿੰਦਗੀ ਦੀਆਂ ਘੜੀਆਂ ਭੰਨ ਭੰਨ ਕੇ,
ਭਾਰਤ ਦੀ ਘੜ ਤਕਦੀਰ ਗਿਆ।
ਹੇ ਕਾਲ ਕਲੋਟੀ ਰਾਤੜੀਏ,
ਦੱਸ ਕਿਤ ਵੱਲ ਉੱਚ ਦਾ ਪੀਰ ਗਿਆ।
ਕੋਈ ਕੌਤਕ ਕਲਗੀਧਰ ਦਾ ਸੀ,
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ।

ਰੀਕਾਰਡ– ਬੀਬੀ ਨਰਿੰਦਰ ਬੀਬਾ ਟੈਲੀਵੀਜ਼ਨ ਆਰਟਿਸਟ

# ਸਾਨੂੰ ਨੀਂਹਾਂ ਵਿਚ ਸੂਬਿਆ ਚਿਣਾ ਦੇ

ਸਾਨੂੰ ਨੀਂਹਾਂ ਵਿਚ ਸੂਬਿਆ ਚਿਣਾ ਦੇ,
ਅਸਾਂ ਨੀ ਤੇਰੀ ਗੱਲ ਮੰਨਣੀ।
ਸਾਨੂੰ ਮੌਤ ਦੇ ਪੰਜੇ ਦੇ ਵਿਚ ਪਾ ਦੇ,
ਅਸਾਂ ਨੀ ਤੇਰੀ ਗੱਲ ਮੰਨਣੀ।
ਸਾਡਾ ਵੀ ਸੁਭਾਅ ਬੜਾ ਅੜੀਖੋਰ ਅੱਥਰਾ।
ਪੱਥਰ ਬਣਾ ਲੈ ਤੂੰ ਵੀ ਕਾਲਜੇ ਨੂੰ ਪੱਥਰਾ।
ਸਾਨੂੰ ਨਗਾਂ ਵਾਂਗੂੰ ਇੱਟਾਂ 'ਚ ਜੜਾ ਦੇ,
ਅਸਾਂ ਨੀ ਤੇਰੀ................
ਕੁਫਰ ਦੀ ਕਿਤਾਬ ਕਾਹਨੂੰ ਘੜੀ ਮੁੜੀ ਫੋਲਦੈਂ।
ਦੇਸ਼ ਦੀਆਂ ਵਾਵਾਂ ਵਿਚ ਜ਼ਹਿਰ ਕਾਹਨੂੰ ਘੋਲਦੈਂ।
ਜਿਹੜਾ ਹੁਕਮ ਸੁਣਾਉਣਾ ਤੂੰ ਸੁਣਾ ਦੇ,
ਅਸਾਂ ਨੀ ਤੇਰੀ................
ਸਾਨੂੰ ਪੀਰ ਬੁੱਧੂ ਸ਼ਾਹ ਦੀ ਅੱਖ ਨੇ ਪਛਾਣਿਆ।
ਹਸਨ ਤੇ ਹੁਸੈਨ ਨਾਲੋਂ ਵਧ ਸਾਨੂੰ ਜਾਣਿਆ।
ਭਾਵੇਂ ਦੂਸਰੀ ਕਰਬਲਾ ਬਣਾ ਦੇ,
ਅਸਾਂ ਨੀ ਤੇਰੀ................
'ਸਫਰੀ' ਗੁਲਾਮੀ ਵਿਚ ਜੀਊਦਾ ਧ੍ਰਿਗਕਾਰ ਹੈ।
ਕਰ ਦੇ ਸ਼ਹੀਦ ਸਾਡਾ ਉਤੇ ਇੰਤਜ਼ਾਰ ਹੈ।
ਸਾਨੂੰ ਦਾਦੇ ਕੋਲ ਛੇਤੀ ਨਾ ਪੁਜਾ ਦੇ,
ਅਸਾਂ ਨੀ ਤੇਰੀ................

# ਮਾਤਾ ਸੁੰਦਰੀ ਨੇ ਸੀਸ ਅੱਗੇ ਗੁਰਾਂ ਦੇ ਨਿਵਾਇਆ

ਮਾਤਾ ਸੁੰਦਰੀ ਨੇ ਸੀ ਅੱਗੇ ਗੁਰਾਂ ਦੇ ਨਿਵਾਇਆ।
ਉਹਦੇ ਰੱਤ ਭਿੱਜੇ ਨੈਣਾਂ ਨੇ ਸਵਾਲ ਇਕ ਪਾਇਆ।
ਤੁਸੀਂ ਆਏ ਓ ਸੁਆਮੀ ਜੀਉ ਧੰਨ ਭਾਗ ਮੇਰੇ,
ਮੇਰੇ ਚੌਂਹ ਲਾਲਾਂ ਵਿਚੋਂ ਹਾਏ ! ਇਕ ਵੀ ਨੀ ਆਇਆ।
ਜ਼ੋਰਾਵਰ ਫਤਹਿ ਸਿੰਘ ਨੀਂਹਾਂ 'ਚ ਚਿਣਾ ਕੇ,
ਅਜੀਤ ਤੇ ਜੁਝਾਰ ਨੂੰ ਵੀ ਜੰਗ 'ਚ ਕੁਹਾ ਕੇ।
ਇਹ ਚ-ਮੁਖੀਆ ਚਿਰਾਗ ਮੇਰਾ ਕਾਸਨੂੰ ਬੁਝਾਇਆ,
ਮੇਰੇ ਚੌਂਹ ਲਾਲਾਂ ਵਿਚੋਂ ਹਾਏ ਇਕ ਵੀ ਨੀ ਆਇਆ।
ਮਾਤਾ ਸੁੰਦਰੀ ਨੇ ਸੀਸ ਅੱਗੇ ......................
ਲੱਗਾ ਹੋਇਆ ਪਾਤਸ਼ਾਹਾਂ ਪਿਛੇ ਕਿਹੜੀ ਗੱਲ ਦੇ।
ਪੁੱਤਰਾਂ ਦੀ ਪੀੜ ਤਾਂ ਪੰਖੇਰੂ ਵੀ ਨੀ ਝਲ ਦੇ।
ਹੋਣੀ ਚੰਦਰੀ ਮੇਰੇ ਕਿਉਂ ਕਲੇਜੇ ਹੱਥ ਪਾਇਆ।
ਮੇਰੇ ਚੌਂਹ ਲਾਲਾਂ ਵਿਚੋਂ ਹਾਏ ਇਕ ਵੀ ਨੀ ਆਇਆ।
ਮਾਤਾ ਸੁੰਦਰੀ ਨੇ ਸੀਸ ਅੱਗੇ ......................
ਅੱਗੋਂ ਦਸਮੇਸ਼ ਪਿਤਾ ਬੋਲੇ ਮੁਸਕਰਾ ਕੇ।
ਭਾਗਵਾਨੇ ਆਇਆ ਹਾਂ ਮੈਂ ਫਰਜ਼ ਨਿਭਾ ਕੇ।
ਇਹ ਮੈਂ ਮਸਾਂ ਮਸਾਂ ਵਤਨਾਂ ਦਾ ਕਰਜ਼ਾ ਚੁਕਾਇਆ,
ਮੇਰੇ ਚੌਂਹ ਲਾਲਾਂ ਵਿਚੋਂ ਹਾਏ ਇਕ ਵੀ ਨੀ ਆਇਆ।
ਮਾਤਾ ਸੁੰਦਰੀ ਨੇ ਸੀਸ ਅੱਗੇ ......................
'ਸਫਰੀ' ਜੇ ਦਸਮੇਸ਼ ਲਾਲਾਂ ਨੂੰ ਨਾ ਵਾਰਦੇ।
ਮਿੱਟੀ ਵਿਚ ਰੁਲ ਜਾਂਦੇ ਫੁਲ ਗੁਲਜ਼ਾਰ ਦੇ।
ਚੌਂਹ ਪੁੱਤਰਾਂ ਦੀ ਥਾਂ ਮੈ ਕਰੋੜ ਪੱਲੇ ਪਾਇਆ।
ਭਾਵੇਂ ਚੌਂਹ ਪੁੱਤਰਾਂ ਦੀ ਥਾਂ ਇਕ ਵੀ ਨੀ ਆਇਆ।
ਮਾਤਾ ਸੁੰਦਰੀ ਨੇ ਸੀਸ ਅੱਗੇ ......................

ਰੀਕਾਰਡ- ਸਰੂਪ ਸਿੰਘ ਸਰੂਪ ਤੇ ਊਸ਼ਾ ਰਾਣੀ ਦੀ ਅਵਾਜ਼ 'ਚ

# ਦਿਉ ਗੁਰਾਂ ਨੂੰ ਵਧਾਈ

ਸੱਭੇ ਰਲ ਮਾਈ ਭਾਈ ਦਿਉ ਗੁਰਾਂ ਨੂੰ ਵਧਾਈ।
ਇਕ ਲਾਲਾਂ ਦੀ ਜੋੜੀ ਹਾਏ ! ਨੀਂਹ ਥੱਲੇ ਆਈ।
ਪਾਪ ਪਾਪੀਆਂ ਕਮਾਇਆ ਲਾਲਾਂ ਤਾਈਂ ਧਮਕਾਇਆ,
ਲਾਲ ਅੱਖ ਵੀ ਵਖਾਈ ਕੀਤਾ ਖੌਫ ਨਾ ਕਾਈ।
ਇਕ ਲਾਲਾਂ ਦੀ ਜੋੜੀ ਹਾਏ ! ਨੀਂਹ ਥੱਲੇ ਆਈ।
ਇਕ ਲਾਲਾਂ ਦੀ ਜੋੜੀ......................
ਦੇਖੋ ਆਸ਼ਕਾਂ ਦੀ ਗੱਲ ਹੋਇਆ ਬਚਨ ਅਟੱਲ।
ਪੱਕਾਂ ਕਰਾਂਗੇ ਪਿਆਰੇ ਅਸੀਂ ਸਿੱਖੀ ਦਾ ਮਹੱਲ।
ਕੀਤੀ ਇੱਟਾਂ ਦੀ ਥਾਂ ਹਾਏ ! ਸਿਰਾਂ ਦੀ ਚਿਣਾਈ,
ਇਕ ਲਾਲਾਂ ਦੀ ਜੋੜੀ......................
ਜਦੋਂ ਲਾਲਾਂ ਤੇ ਉੱਸਰੀ ਦੀਵਾਰ ਫੁੱਟ ਫੁੱਟ।
ਉਦੋਂ ਕਲਗੀਧਰ ਰੋਏ ਜ਼ਾਰੋ-ਜ਼ਾਰ ਫੁੱਟ ਫੁੱਟ।
ਹੋਇਆ ਕਹਿਰ ਸੀ ਖੁਦਾ ਦਾ ਸਾਰੀ ਕੰਬ ਗਈ ਖੁਦਾਈ,
ਇਕ ਲਾਲਾਂ ਦੀ ਜੋੜੀ......................
ਸਾਨੀ ਦਸਵੇਂ ਪਿਤਾ ਦਾ ਕੋਈ 'ਸਫਰੀ' ਨਾ ਹੋਏ।
ਲਾਲ ਜ਼ਰਾ ਵੀ ਨਾ ਡੋਲੇ ਲਾਲ ਜ਼ਰਾ ਵੀ ਨਾ ਰੋਏ।
ਅੰਤ ਪਾ ਗਏ ਸ਼ਹੀਦੀ ਫਤਹਿ ਗੱਜ ਕੇ ਬੁਲਾਈ,
ਇਕ ਲਾਲਾਂ ਦੀ ਜੋੜੀ......................

ਰੀਕਾਰਡ- ਸ੍ਰ: ਅਜੀਤ ਸਿੰਘ ਬੇਦੀ ਜਗਾਧਰੀ

# ਜਦੋਂ ਲਹੂ ਦੀਆਂ ਬਾਤਾਂ
# ਬੀਰ ਖਾਲਸੇ ਨੇ ਪਾਈਆਂ

ਜਦੋਂ ਲਹੂ ਦੀਆਂ ਬਾਤਾਂ ਬੀਰ ਖਾਲਸੇ ਨੇ ਪਾਈਆਂ।
ਆਏ ਦੇਵਤੇ ਅਕਾਸ਼ੋਂ ਦੇਣ ਗੁਰਾਂ ਨੂੰ ਵਧਾਈਆਂ।

ਜਿੰਦ ਵਾਰਨੋਂ ਦਰੇਗ ਉਹਦੇ ਖਾਲਸੇ ਨਾ ਕੀਤਾ।
ਲਹੂ ਆਪਣਾ ਪਿਲਾਇਆ ਲਹੂ ਵੈਰੀਆਂ ਦਾ ਪੀਤਾ।
ਤੇਗਾਂ ਜ਼ਾਲਮਾਂ ਦੇ ਲਹੂ ਦੀਆਂ ਅਜੇਂ ਵੀ ਤਿਹਾਈਆਂ।
ਆਏ ਦੇਵਤੇ ਅਕਾਸ਼ੋਂ......................

ਦੇਖੀ ਦਸਵੇਂ ਪਿਤਾ ਦੀ ਬਾਤ ਜੱਗ ਤੇ ਨਿਆਰੀ।
ਸਾਨੂੰ ਉਹੋ ਜੇਹਾ ਕੋਈ ਹੋਰ ਦਿੱਸੇ ਨਾ ਲਿਖਾਰੀ।
ਲੜੀਆਂ ਆਪਣੇ ਸਮੇਂ ਦੇ ਵਿਚ ਪੰਦਰਾਂ ਲੜਾਈਆਂ।
ਆਏ ਦੇਵਤੇ ਅਕਾਸ਼ੋਂ......................

ਹੱਦ ਦਸਵੇਂ ਪਿਤਾ ਨੇ ਬਲੀਦਾਨ ਦੀ ਮੁਕਾਈ।
ਦੋਂਹ ਲਾਲਾਂ ਦੀ ਜੋੜੀ ਵਿਚ ਜੰਗ ਦੇ ਕੁਹਾਈ।
ਦੋ ਸੋਹਣੀਆਂ ਮਾਸੂਮ ਜਿੰਦਾਂ ਨੀਂਹਾਂ 'ਚ ਚਿਣਾਈਆਂ।
ਆਏ ਦੇਵਤੇ ਅਕਾਸ਼ੋਂ......................

ਘੇਰਾ ਗਜ਼ਨੀ ਦੇ ਡਾਕੂਆਂ ਨੂੰ ਖਾਲਸੇ ਨੇ ਪਾਇਆ।
ਦੇਸ਼ ਆਪਣੇ ਚੋਂ ਵੈਰੀਆਂ ਨੂੰ ਮਾਰ ਕੇ ਭਜਾਇਆ।
ਨਾਲੇ 'ਸਫਰੀ' ਹਜ਼ਾਰਾਂ ਢੰਗਾਂ ਬੱਧੀਆਂ ਛੁਡਾਈਆਂ।
ਆਏ ਦੇਵਤੇ ਅਕਾਸ਼ੋਂ ਦੇਣ ਗੁਰਾਂ ਨੂੰ ਵਧਾਈਆਂ।

ਰੀਕਾਰਡ- ਸਰੂਪ ਸਿੰਘ

# ਪੀ ਓ ਖਾਲਸਾ ਪੀ

ਪੀ ਓ ਖਾਲਸਾ ਪੀ,
ਅੰਮ੍ਰਿਤ ਭਰੇ ਸਰੋਵਰ ਵਿਚੋਂ
ਦੋ ਘੁੱਟ ਅੰਮ੍ਰਿਤ ਪੀ,
ਪੀ ਓ ਖਾਲਸਾ ਪੀ।

ਕੇਸਗੜ੍ਹ ਵਿਚ ਗੁਰੂ ਗੋਬਿੰਦ ਸਿੰਘ ਨੂਰੀ ਤੇਗ਼ ਉਭਾਰੀ,
ਪੰਜ ਪਿਆਰੇ ਸੀਸ ਦੇਣ ਲਈ ਨਿੱਤਰੇ ਵਾਰੋ ਵਾਰੀ।
ਹੱਸਦੇ ਹੱਸਦੇ ਸੀਸ ਕਟਾ ਗਏ ਕਿਸੇ ਨਾ ਕੀਤੀ ਸੀ,
ਪੀ ਓ ਖਾਲਸਾ ਪੀ.......................

ਇਸ ਅੰਮ੍ਰਿਤ ਦੀ ਸ਼ਕਤੀ ਚਿੜੀਆਂ ਕੋਲੋਂ ਬਾਜ਼ ਤੁੜਾਏ।
ਚਾਲੀ ਚਾਲੀ ਸਿੰਘ ਗੁਰਾਂ ਨੇ ਲੱਖਾਂ ਨਾਲ ਲੜਾਏ।
ਮਾਰ ਭਜਾਏ ਦੁਸ਼ਮਣ ਰਣ ਚੋਂ ਕੋਈ ਨਾ ਦਿੱਸਿਆ ਜੀ।
ਪੀ ਓ ਖਾਲਸਾ ਪੀ.......................

ਖੋਪਰ ਤੀਕ ਲੁਹਾ ਗਏ ਸੂਰੇ ਚਰਖੜੀਆਂ ਤੇ ਚੜ੍ਹ ਗਏ।
ਆਰਿਆਂ ਥੱਲੇ ਤਨ ਚਰਵਾ ਗਏ ਦੇਗਾਂ ਦੇ ਵਿਚ ਕੜ੍ਹ ਗਏ।
ਦਸਮ ਪਿਤਾ ਤੈਨੂੰ ਸਿੱਖੀ ਬਖਸ਼ੀ ਹੋਰ ਤੂੰ ਲੈਣਾ ਕੀ।
ਪੀ ਓ ਖਾਲਸਾ ਪੀ.......................

ਅੰਮ੍ਰਿਤ ਦੀ ਇਕ ਬੂੰਦ ਓ 'ਸਫਰੀ' ਜਿਸ ਨੇ ਬੁਲ੍ਹੀਂ ਲਾਈ।
ਮਰ ਕੇ ਉਹ ਸੁਰਜੀਤ ਹੋ ਗਿਆ ਨਵੀਂ ਜ਼ਿੰਦਗੀ ਪਾਈ।
ਜ਼ਖਮ ਈਰਖਾ ਵਾਲੇ 'ਸਫਰੀ' ਬਾਣੀ ਪੜ੍ਹ ਕੇ ਸੀ।
ਪੀ ਓ ਖਾਲਸਾ ਪੀ.......................

ਰੀਕਾਰਡ- ਸ੍ਰ: ਅਜੀਤ ਸਿੰਘ ਦੀ ਅਵਾਜ਼

# ਗੁਰੂ ਘਰ ਦਾ ਪ੍ਰੇਮੀ ਜਿਹੜਾ ਗੁਰੂ ਘਰ ਆਵੇ

ਗੁਰੂ ਘਰ ਦਾ ਪ੍ਰੇਮੀ ਜਿਹੜਾ ਗੁਰੂ ਘਰ ਆਏ।
ਮੂੰਹੋਂ ਮੰਗੀਆਂ ਮੁਰਾਦਾਂ ਸੱਚੇ ਗੁਰਾਂ ਕੋਲੋਂ ਪਾਏ।
ਜਪੇ ਜਪੁਜੀ ਨੂੰ ਜਿਹੜਾ ਨਾਲੇ ਹੋਰਾਂ ਨੂੰ ਜਪਾਏ।
ਸੁਖਮਨੀ ਨੂੰ ਉਚਾਰੇ ਤਾਂ ਉਹ ਸਦਾ ਸੁਖ ਪਾਏ।
ਨ੍ਹਾਕੇ ਨੂਰ ਕੁੰਡ ਵਿਚ ਤਾਂ ਉਹ ਨੂਰ ਬਣ ਜਾਏ।
ਮੂੰਹੋਂ ਮੰਗੀਆਂ ਮੁਰਾਦਾਂ ਸੱਚੇ ਗੁਰਾਂ ਕੋਲੋਂ ਪਾਏ।
ਗੁਰੂ ਘਰ ਦਾ ਪ੍ਰੇਮੀ.......
ਮੰਗੋ ਸਭਨਾਂ ਦਾ ਭਲਾ ਇਹਦਾ ਮੁੱਲ ਨਹੀਉਂ ਕੋਈ।
ਦਾਨ ਦੇਣ ਵਾਲੇ ਸਿੱਖਾ ਤੇਰੇ ਤੁਲ ਨਹੀਉਂ ਕੋਈ।
ਤੇਰੇ ਹੱਥਾਂ ਦੀ ਕਮਾਈ ਜ਼ਰਾ ਸਫਲੀ ਹੋ ਜਾਏ।
ਮੂੰਹੋਂ ਮੰਗੀਆਂ ਮੁਰਾਦਾਂ ਸੱਚੇ ਗੁਰਾਂ ਕੋਲੋਂ ਪਾਏ।
ਗੁਰੂ ਘਰ ਦਾ ਪ੍ਰੇਮੀ.......
ਗੁਰੂ ਪੰਜਵੇਂ ਨੇ ਸਾਨੂੰ ਇਕ ਰੋਸ਼ਨੀ ਦਿਖਾਈ।
ਦਸਾਂ ਗੁਰਾਂ ਦਾ ਸਰੂਪ ਗ੍ਰੰਥ ਸਾਹਿਬ ਮੇਰੇ ਭਾਈ।
ਗੁਰੂ ਗ੍ਰੰਥ ਨੂੰ ਜੇ ਕੋਈ ਸੀਸ ਆਪਣਾ ਨਿਵਾਏ।
ਮੂੰਹੋਂ ਮੰਗੀਆਂ ਮੁਰਾਦਾਂ ਸੱਚੇ ਗੁਰਾਂ ਕੋਲੋਂ ਪਾਏ।
ਗੁਰੂ ਘਰ ਦਾ ਪ੍ਰੇਮੀ.......
ਗੁਰੂ ਘਰ ਦਾ ਪਿਆਰਾ ਚੱਲ ਗੁਰਾਂ ਕੋਲ ਆਏ।
ਗੁਰੂ ਕਟੇ ਪੈਂਡਾ ਅੱਗੇ ਹੋ ਕੇ ਲੈਣ ਉਹਨੂੰ ਜਾਏ।
ਹੁੰਦਾ ਹੱਕ ਜੋ ਬਿਗਾਨਾ ਉਸ ਸੂਰ ਉਸ ਗਾਏ।
ਮੂੰਹੋਂ ਮੰਗੀਆਂ ਮੁਰਾਦਾਂ ਸੱਚੇ ਗੁਰਾਂ ਕੋਲੋਂ ਪਾਏ।
ਗੁਰੂ ਘਰ ਦਾ ਪ੍ਰੇਮੀ.......

ਐਚ.ਐਮ.ਵੀ. ਰੀਕਾਰਡ-ਆਸਾ ਸਿੰਘ ਮਸਤਾਨਾ

# ਸਤਿ ਕਰਤਾਰ ਬੋਲੋ ਸਤਿ ਕਰਤਾਰ

ਸਤਿ ਸਤਿ ਬੋਲੇ ਸਤਿਗੁਰਾਂ ਦੀ ਸਤਾਰ।
ਸਤਿ ਕਰਤਾਰ ਬੋਲੋ ਸਤਿ ਕਰਤਾਰ।

ਗੁਰੂ ਗ੍ਰੰਥ ਸਾਹਿਬ ਦਸਾਂ ਗੁਰਾਂ ਦਾ ਸਰੂਪ ਹੈ।
ਅਰੂਪ ਹੈ, ਅਨੂਪ ਹੈ, ਅਜੂਪ ਹੈ, ਅਭੂਪ ਹੈ।
ਇਕ ਇਕ ਪੰਨੇ ਉਤੇ ਇਕ ਓਂਕਾਰ,
ਸਤਿ ਕਰਤਾਰ ਬੋਲੋ ਸਤਿ ਕਰਤਾਰ।

ਏਸ ਨੂਰ ਕੁੰਡ ਵਿਚ ਸੰਗਤਾਂ ਨੇ ਨਹਾਉਂਦੀਆਂ।
ਨਿੱਤ ਮੂੰਹੋਂ ਮੰਗੀਆਂ ਮੁਰਾਦਾਂ ਇਥੋਂ ਪਾਉਂਦੀਆਂ।
ਰੱਬ ਦੀਆਂ ਰਹਿਮਤਾਂ ਦੇ ਭਰੇ ਹੋਏ ਭੰਡਾਰ।
ਸਤਿ ਕਰਤਾਰ ਬੋਲੋ ਸਤਿ ਕਰਤਾਰ।

ਗੁਰੂ ਬਾਣੀ ਸੰਗਲ ਚੁਰਾਸੀ ਵਾਲੇ ਕੱਟਦੀ।
ਕਾਲ ਚੰਦਰੇ ਨੂੰ ਵੀ ਪਛਾੜ ਕੇ ਹੈ ਸੱਟਦੀ।
ਦੁੱਖਾਂ ਦੇ ਸਮੁੰਦਰਾਂ ਚੋਂ ਲਾਏ ਸਾਨੂੰ ਪਾਰ।
ਸਤਿ ਕਰਤਾਰ ਬੋਲੋ ਸਤਿ ਕਰਤਾਰ।

ਮਿੱਠੀ-ਮਿੱਠੀ ਪੈਂਦੀ ਕੀਰਤਨ ਦੀ ਫੁਹਾਰ ਹੈ।
ਸੰਗਤਾਂ ਦੇ ਨੈਣਾਂ ਵਿਚ ਨਾਮ ਦਾ ਖੁਮਾਰ ਹੈ।
ਧੰਨ ਨਿਰੰਕਾਰ ਬੋਲ ਧੰਨ ਨਿਰੰਕਾਰ।
ਸਤਿ ਕਰਤਾਰ ਬੋਲੋ ਸਤਿ ਕਰਤਾਰ।

'ਸਫਰੀ' ਗੁਰਾਂ ਦਾ ਨਨਕਾਣਾ ਭਾਵੇਂ ਦੂਰ ਹੈ।
ਉਹਦੇ ਨੂਰ ਨਾਲ ਸਾਰਾ ਜੱਗ ਨੂਰੋ ਨੂਰ ਹੈ।
ਜਾਣਾ ਏਂ ਜ਼ਰੂਰ ਅਸੀਂ ਕੀਤਾ ਇਕਰਾਰ।
ਸਤਿ ਕਰਤਾਰ ਬੋਲੋ ਸਤਿ ਕਰਤਾਰ।

ਰੀਕਾਰਡ- ਸੁਰਜੀਤ ਕੌਰ ਰੇਡੀਓ ਤੇ ਟੈਲੀਵੀਜ਼ਨ ਆਰਟਿਸਟ

# ਰੰਘਰੇਟੇ ਗੁਰੂ ਕੇ ਬੇਟੇ

ਰੰਘਰੇਟੇ ਗੁਰੂ ਕੇ ਬੇਟੇ,
ਸੀਸ ਗੁਰਾਂ ਦਾ ਲੈ ਕੇ ਆਏ।
ਫੁੱਲਾਂ ਵਿਚ ਲਪੇਟੇ,
ਰੰਘਰੇਟੇ ਗੁਰੂ ਕੇ ਬੇਟੇ।
ਸ੍ਰੀ ਅਨੰਦਪੁਰ ਜੈਤਾ ਆਇਆ,
ਨਾਵੇਂ ਪਿਤਾ ਦਾ ਸੀਸ ਲਿਆਇਆ।
ਧੁਰ ਦਰਗਾਹ ਦੀਆਂ ਲਿਖੀਆਂ ਹੋਈਆਂ,
ਲਿਖਤਾਂ ਕਿਹੜਾ ਮੇਟੇ।
ਰੰਘਰੇਟੇ ਗੁਰੂ ਕੇ ਬੇਟੇ..........
ਸੀਸ ਪਿਤਾ ਦਾ ਹਿੱਕ ਨਾਲ ਲਾ ਕੇ,
ਗੋਬਿੰਦ ਬੋਲੇ ਤੇਗ ਉਠਾ ਕੇ।
ਮੈਂ ਦੁਸ਼ਮਣ ਨੂੰ ਸੂਤ ਕਰੂੰ ਜੇ,
ਇਕ ਵਾਰ ਚੜ੍ਹ ਗਿਆ ਟੋਟੇ।
ਰੰਘਰੇਟੇ ਗੁਰੂ ਕੇ ਬੇਟੇ..........
ਸੀਸ ਤੱਕਣ ਨੂੰ ਭੰਵਰਾ ਤਰਸੇ,
ਹਰ ਬੁਲਬੁਲ ਦੇ ਨੇਤਰ ਵਰਸੇ।
ਕਿਲਿਆਂ ਦੇ ਸੰਗ ਬੱਝੀਆਂ ਹੋਈਆਂ,
ਗਊਆਂ ਖਾਣ ਘੁਮੇਟੇ।
ਰੰਘਰੇਟੇ ਗੁਰੂ ਕੇ ਬੇਟੇ..........
ਜੈਤੇ ਜੀ ਨੂੰ ਗਲ ਨਾਲ ਲਾਇਆ,
ਦਸਮ ਪਿਤਾ ਨੇ ਇਹ ਫੁਰਮਾਇਆ।
'ਸਫਰੀ' ਤੇਰੀ ਦੁਖੀ ਕੌਮ ਵੇ,
ਦੁਖੜੇ ਗਏ ਸਮੇਟੇ।
ਰੰਘਰੇਟੇ ਗੁਰੂ ਕੇ ਬੇਟੇ..........

ਰੀਕਾਰਡ– ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼

# ਸਿੰਘ ਸਿਰ ਕਟਵਾਉਣੋਂ ਨਹੀਂ ਮੁੜਦੇ

ਸਿੰਘ ਸਿਰ ਕਟਵਾਉਣੋਂ ਨਹੀਂ ਮੁੜਦੇ,
ਮੁੜ ਜਾਂਦੇ ਮੂੰਹ ਤਲਵਾਰਾਂ ਦੇ।
ਨਿੱਤ ਮੌਤ ਕਸ਼ੀਦੇ ਪੜ੍ਹਦੀ ਏ,
ਇਹਨਾਂ ਸਿਰ ਲੱਥਿਆਂ ਸਰਦਾਰਾਂ ਦੇ।
ਪੁੱਤ ਕਲਗੀਧਰ ਦੇ ਚਾਰੇ ਸਨ,
ਮਾਤਾ ਸੁੰਦਰੀ ਦੀ ਅੱਖ ਦੇ ਤਾਰੇ ਸਨ।
ਦੋ ਰਣ ਭੂਮੀ ਵਿਚ ਵਾਰੇ ਸਨ,
ਦੋ ਚਿਣ ਗਿਆ ਵਿਚ ਦੀਵਾਰਾਂ ਦੇ,
ਸਿੰਘ ਸਿਰ ਕਟਵੌਣੋਂ..............
ਸਿੰਘ ਚਰਖੜੀਆਂ ਤੇ ਚੜ੍ਹਦੇ ਰਹੇ,
ਦੇਗਾਂ ਵਿਚ ਪੈ ਪੈ ਕੜ੍ਹਦੇ ਰਹੇ।
ਭੱਠੀਆਂ ਵਿਚ ਪੈ ਪੈ ਸੜਦੇ ਰਹੇ,
ਸੀ ਦਿਲ ਵਿਚ ਸ਼ੌਕ ਦੀਦਾਰਾਂ ਦੇ।
ਸਿੰਘ ਸਿਰ ਕਟਵੌਣੋਂ..............
ਧੜ ਲੜਦਾ ਧੜ ਤੇ ਸੀਸ ਨਹੀਂ,
ਬਾਬਾ ਦੀਪ ਸਿੰਘਾ ਤੇਰੀ ਰੀਸ ਨਹੀਂ।
ਕੋਈ ਬੀਸ ਨਹੀਂ ਕੋਈ ਤੀਸ ਨਹੀਂ,
ਸਿਰ ਵੱਢਦਾ ਗਿਆ ਹਜ਼ਾਰਾਂ ਦੇ।
ਸਿੰਘ ਸਿਰ ਕਟਵੌਣੋਂ..............
'ਸਫਰੀ' ਸਿੰਘ ਜਾਨਾਂ ਵਾਰ ਗਏ,
ਮੇਰੇ ਦੇਸ਼ ਦੀ ਕਿਸ਼ਤੀ ਤਾਰ ਗਏ।
ਰੱਤ ਪਾ ਕੇ ਹੋਰ ਨਿਖਾਰ ਗਏ,
ਰੰਗ ਵਤਨ ਦੀਆਂ ਗੁਲਜ਼ਾਰਾਂ ਦੇ।
ਸਿੰਘ ਸਿਰ ਕਟਵੌਣੋਂ..............

ਰੀਕਾਰਡ- ਸਰੂਪ ਸਿੰਘ ਨਵਾਂ ਸ਼ਹਿਰ ਵਾਲਿਆਂ ਦੀ ਅਵਾਜ਼ 'ਚ

# ਨਾਮ ਜਪੋ

ਨਾਮ ਜਪੋ ਕਿਰਤ ਕਰੋ,
ਵੰਡ ਛਕੋ ਤੇ ਦਾਨ ਕਰੋ।
ਅੰਮ੍ਰਿਤ ਵੇਲੇ ਉਠੋ ਖਾਲਸਾ,
ਅੰਮ੍ਰਿਤਸਰ ਇਸ਼ਨਾਨ ਕਰੋ।
ਨਨਕਾਣੇ ਦੇ ਨੂਰ 'ਚ ਨ੍ਹਾਵੋ,
ਪਟਨੇ ਸ਼ਹਿਰ ਤੋਂ ਬਲ ਬਲ ਜਾਵੋ।
ਸੀਸ ਗੰਜ ਨੂੰ ਸੀਸ ਨਿਵਾਵੋ,
ਤਨ ਮਨ ਧਨ ਕੁਰਬਾਨ ਕਰੋ।
ਅੰਮ੍ਰਿਤ ਵੇਲੇ ਉਠੋ ਖਾਲਸਾ........
ਗੁਰੂ ਗ੍ਰੰਥ ਦੀ ਬਾਤ ਬਡਾਣੀ,
ਹੋਈ ਉਜਾਗਰ ਰੱਬੀ ਬਾਣੀ।
ਇਹ ਬਾਣੀ ਰਤਨਾਂ ਦੀ ਖਾਣੀ,
ਪੜ੍ਹੋ ਤੇ ਅੰਮ੍ਰਿਤ ਪਾਨ ਕਰੋ।
ਅੰਮ੍ਰਿਤ ਵੇਲੇ ਉਠੋ ਖਾਲਸਾ........
ਗੁਰੂ ਦੁਆਰੇ ਦੇ ਵਿਚ ਆ ਕੇ,
ਸੁਣੋ ਕੀਰਤਨ ਮਨ ਚਿਤ ਲਾ ਕੇ।
ਗੁਰ ਚਰਨਾਂ ਤੇ ਸੀਸ ਨਿਵਾ ਕੇ,
ਜੀਵਨ ਦਾ ਕਲਿਆਣ ਕਰੋ।
ਅੰਮ੍ਰਿਤ ਵੇਲੇ ਉਠੋ ਖਾਲਸਾ........
ਕੇਸ, ਕੰਘਾ, ਕੜਾ, ਕੱਛ, ਕਿਰਪਾਨ,
ਦਸਮ ਪਿਤਾ ਦੇ ਪੰਜ ਨਿਸ਼ਾਨ।
'ਸਫਰੀ' ਸਾਡੀ ਇਹ ਜਿੰਦ ਜਾਨ,
ਇਹਨਾਂ ਦਾ ਸਨਮਾਨ ਕਰੋ,
ਅੰਮ੍ਰਿਤ ਵੇਲੇ ਉਠੋ ਖਾਲਸਾ........

ਰੀਕਾਰਡ:- ਸ੍ਰ: ਅਜੀਤ ਸਿੰਘ ਪ੍ਰਦੇਸੀ ਦੀ ਅਵਾਜ਼

# ਤੇਰੀ ਨੀਂਦ ਨੇ ਪੁਆੜਾ ਸਾਰਾ ਪਾਇਆ

ਤੇਰੀ ਨੀਂਦ ਨੇ ਪੁਆੜਾ ਸਾਰਾ ਪਾਇਆ,
ਓ ਸ਼ੇਰਾ ਸਾਡੇ ਵਤਨਾਂ ਦਿਆ।
ਤੇਰੀ ਮੜ੍ਹੀ ਨੇ ਵਿਯੋਗ ਸਾਨੂੰ ਲਾਇਆ,
ਓ ਸ਼ੇਰਾ ਸਾਡੇ ਵਤਨਾਂ ਦਿਆ।
ਕਾਬਲੋਂ ਪਰੇਡੇ ਕਦੇ ਹੱਦ ਸੀ ਪੰਜਾਬ ਦੀ।
ਦੂਰ ਤਕ ਮਹਿਕ ਖਿੰਡੀ ਹੋਈ ਸੀ ਗੁਲਾਬ ਦੀ।
ਸ਼ਾਮ ਸਿੰਘ ਬਿਨਾਂ ਸ਼ਾਮ ਪਈ ਏ ਅਟਾਰੀ ਉਤੇ,
ਸ਼ਾਮ ਕੋਈ ਲਾਹੌਰ ਉਤੇ ਛਾਇਆ।
ਓ ਸ਼ੇਰਾ ਸਾਡੇ..................
ਫੂਲਾ ਸਿੰਘ, ਸ਼ਾਮ ਸਿੰਘ ਤੇਰੇ ਜਥੇਦਾਰ ਸਨ।
ਹਰੀ ਸਿੰਘ ਜੈਸੇ ਤੇਰੀ ਸੈਨਾ ਦੇ ਸ਼ਿੰਗਾਰ ਸਨ।
ਅਟਕ ਦੇ ਅੱਗੇ ਕੋਈ ਜ਼ਰਾ ਨਾ ਅਟਕਦਾ ਸੀ,
ਅਟਕ ਨੂੰ ਵੀ ਤੂੰ ਅਟਕਾਇਆ।
ਓ ਸ਼ੇਰਾ ਸਾਡੇ..................
ਮਾਲੀਆਂ ਨੇ ਦਿੱਤਾ ਅੱਜ ਓਪਰਾ ਦਿਲਾਸਾ ਏ।
ਕਲੀਆਂ ਦੇ ਮੂੰਹਾਂ ਉਤੇ ਫਿੱਕਾ ਫਿੱਕਾ ਹਾਸਾ ਏ।
ਅੱਜ ਦੀ ਬਹਾਰ ਪੱਤਝੜ ਨਾਲੋਂ ਚੰਦਰੀ ਏ,
ਫੁੱਲਾਂ ਉਤੇ ਸਹਿਮ ਕੋਈ ਛਾਇਆ।
ਓ ਸ਼ੇਰਾ ਸਾਡੇ..................
'ਸਫਰੀ' ਸਹਾਰੇ ਸਨ ਤੇਰੀ ਤਲਵਾਰ ਦੇ।
ਹੱਦ ਤੇ ਖਲੋ ਕੇ ਵੈਰੀ ਦਮ ਸੀ ਮਾਰਦੇ।
ਅੱਜ ਲੋੜਾਂ ਤੇਰੀਆਂ ਰਣਜੀਤ ਸਿੰਘ ਵਤਨਾਂ ਨੂੰ,
ਤਰੇ ਬਿਨਾਂ ਦਿਲ ਘਬਰਾਇਆ।
ਓ ਸ਼ੇਰਾ ਸਾਡੇ..................

ਰੀਕਾਰਡ:- ਸੁਰਜੀਤ ਕੌਰ ਜਲੰਧਰ

# ਸਾਕਾ ਨਨਕਾਣਾ ਸਾਹਿਬ

## (21 ਫਰਵਰੀ 1924)

ਸਰਦਾਰ ਲਛਮਣ ਸਿੰਘ ਆਪਣੇ ਨਗਰ ਦੇ ਸਜੇ ਦੀਵਾਨ ਵਿਚ ਢਾਡੀ ਸਿੰਘਾਂ ਦਾ ਕੀਰਤਨ ਸੁਣ ਰਿਹਾ ਹੈ। ਅਚਨਚੇਤ ਇਕ ਸਿੰਘ ਨੇ ਆਕੇ ਲਛਮਣ ਸਿੰਘ ਨੂੰ ਇਉਂ ਖਬਰ ਦਿੱਤੀ :-

ਲਛਮਣ ਸਿੰਘ ਸਰਦਾਰ ਨੂੰ ਕਿਸੇ ਖਬਰ ਦਿੱਤੀ ਸੂ ਜਾ,
ਗੁਰੂ ਨਾਨਕ ਦੇ ਦਰਬਾਰ ਨੂੰ ਕੋਈ ਬਹਿ ਗਿਆ ਘੇਰਾ ਪਾ।
ਰੱਤ ਪੀਣੇ ਉਸ ਮਹੰਤ ਨੂੰ ਸੈ ਡਾਕੂ ਲਏ ਮੰਗਾ,
ਉਨ੍ਹਾਂ ਕੋਲ ਬੰਦੂਕਾਂ ਬਰਛੀਆਂ ਤੇ ਨੇਜ਼ੇ-ਮੌਤ-ਨੁਮਾ।
ਉਨ੍ਹਾਂ ਮਸ਼ਕਾਂ ਨਾਲ ਸ਼ਰਾਬ ਦੇ ਲਈਆਂ ਮੂੰਹੋਂ ਮੂੰਹ ਭਰਾ,
ਉਹ ਵੱਢ ਵੱਢ ਖਾਂਦੇ ਬੱਕਰੇ ਤੇ ਦਾਰੂ ਰਹੇ ਚੜ੍ਹਾ।
ਜਿਥੇ ਹਰ ਦਮ ਲੰਗਰ ਵਰਤਦਾ ਉਥੇ ਝਾਂਡੇ ਸਫਨ ਸਫਾ,
ਜਿਥੇ ਬਾਣੀ ਪੜ੍ਹਕੇ ਖਾਲਸੇ ਓਥੇ ਕਾਵਾਂ ਪਾਈ ਕਹਾ।
ਕੋਈ ਉਠੇ ਮਾਂ ਦਾ ਲਾਡਲਾ ਜਿੰਦ ਤਲੀ ਤੇ ਲਵੇ ਟਕਾ,
ਅੱਜ ਗੁਰਧਾਮਾਂ ਦੀ ਆਬਰੂ ਲਾਵੇ ਦੂਤੀ ਕੋਲੋਂ ਬਚਾ।

ਸਰਦਾਰ ਲਛਮਣ ਸਿੰਘ ਨੇ ਅੰਮ੍ਰਿਤਧਾਰੀ ਸਿੰਘਾਂ ਦਾ ਜੱਥਾ ਤਿਆਰ ਕੀਤਾ, ਅਰਦਾਸਾ ਸੋਧ ਕੇ ਨਨਕਾਣੇ ਸਾਹਿਬ ਵੱਲ ਨੂੰ ਤੁਰ ਪਿਆ, ਅਗੋਂ ਉਸਦੇ ਸਬੰਧੀ ਉਸਨੂੰ ਰੋਕਦੇ ਹਨ।

ਅੱਜ ਚੜ੍ਹਦੇ ਲਛਮਣ ਸਿੰਘ ਨੂੰ ਕਿਹਾ ਮਾਂ ਨੇ ਤਰਲਾ ਪਾ,
ਮੇਰੇ ਦਿਲ ਦੇ ਸੋਹਣੇ ਟੁਕੜਿਆ ਮੇਰੀ ਛਾਤੀ ਛੇਕ ਨਾ ਪਾ।
ਅਸੀਂ ਕਾਜ ਰਚਾਇਆ ਧੀ ਦਾ ਤੂੰ ਲਗਦੈਂ ਸਕਾ ਭਰਾ,
ਤੂੰ ਇਕ ਦਿਹਾੜਾ ਠਹਿਰ ਜਾ ਸਾਡਾ ਬਹਿ ਕੇ ਹੱਥ ਵਟਾ।
ਘਰ ਜੰਞ ਆਉਣੀ ਏਂ ਭੈਣ ਦੀ ਤੂੰ ਹੋ ਗਿਉਂ ਅੱਜ ਵਿਦਾ,
ਤੂੰ ਤੁਰ ਜਾਈਂ ਦੋ ਦਿਨ ਠਹਿਰ ਕੇ ਸਾਡੀ ਅੱਜ ਦੀ ਘੜੀ ਨਿਭਾ।
ਤੈਨੂੰ ਆਖਿਆ ਬੁੱਢੜੇ ਬਾਪ ਨੇ ਵੀ ਸੌ ਸੌ ਤਰਲਾ ਪਾ,
ਤੂੰ ਘਰ ਵਿਚ ਇਕੋ ਸੂਰਮਾ ਤੇਰਾ ਅੱਥਰਾ ਜਿਹਾ ਸੁਭਾਅ।

ਮੈਂ ਆਪੇ ਦੌਲਤ ਖਰਚ ਲਊਂ ਤੂੰ ਕੌਡੀ ਇਕ ਨਾ ਲਾ,
ਪਰ ਡੋਲੀ ਆਪਣੀ ਭੈਣ ਦੀ ਤੂੰ ਹੱਥੀਂ ਆਪ ਸਜਾ।
ਤੇਰੀ ਨਾਰ ਖਲੋਤੀ ਆਖਦੀ ਏ ਗਲ ਵਿਚ ਪੱਲੂ ਪਾ,
ਨਨਕਾਣੇ ਮੌਤ ਉਡੀਕਦੀ ਨਨਕਾਣੇ ਵੱਲ ਨਾ ਜਾ।

ਸਰਦਾਰ ਲਛਮਣ ਸਿੰਘ ਨੇ ਬੜੀ ਅਧੀਨਗੀ ਨਾਲ ਆਪਣੇ ਬੁਢੜੇ ਮਾਤਾ ਪਿਤਾ ਤੇ ਸਿੰਘਾਂ ਨੂੰ ਅਰਜ਼ੋਈ ਕੀਤੀ ਮੈਂ ਕਿਸੇ ਹਾਲਤ ਵਿਚ ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਦੀ ਬੇ-ਹੁਰਮਤੀ ਨਹੀਂ ਬਰਦਾਸ਼ਤ ਕਰ ਸਕਦਾ। ਦੁਨੀਆਂ ਦੇ ਸਾਰੇ ਕਾਰ ਵਿਹਾਰ ਮੈਂ ਨਾ ਵੀ ਹੋਇਆ ਤਾਂ ਚਲਦੇ ਰਹਿਣਗੇ।

## ਸਾਡਾ ਸਿਰ ਜਾਏ ਤਾਂ ਜਾਏ

ਹੋ ਕੇ ਸਿੰਘ ਸਰਦਾਰ,
ਪੀ ਕੇ ਪਾਹੁਲ ਖੰਡੇ ਧਾਰ।
ਅਸੀਂ ਆਪਣੇ ਧਰਮ ਤੋਂ ਨਹੀਂ ਹਾਰਨਾ।
ਸੀਸ ਗੁਰਾਂ ਦੇ ਦੁਆਰੇ ਉਤੋਂ ਵਾਰਨਾ।
ਸ਼ਹਿਰ ਨਨਕਾਣਾ ਹੀ ਟਕਾਣਾ ਸਾਡਾ ਪੱਕਾ ਏ।
ਇਹ ਸਾਡੀ ਕਾਸ਼ੀ ਹੈ ਤੇ ਇਹ ਸਾਡਾ ਮੱਕਾ ਏ।
ਅਸਾਂ ਕੀਤੀ ਅਰਦਾਸ।
ਦੇਣੇ ਹੱਸ ਕੇ ਸੁਆਸ।
ਅਪਮਾਨ ਨਹੀਉਂ ਜ਼ਰਾ ਵੀ ਸਹਾਰਨਾ।
ਸੀਸ ਗੁਰਾਂ ਦੇ ਦੁਆਰੇ ਉਤੋਂ ਵਾਰਨਾ।
ਤ੍ਰਿਪਤਾ ਦੇ ਵਿਹੜੇ ਖੂਨੀ ਖੇਡ ਖੇਡੀ ਗਈ ਏ,
ਲਹੂ ਵਿਚ ਬੂਹੇ ਦੀ ਦਹਿਲੀਜ਼ ਰੰਗੀ ਪਈ ਏ।
ਗਈਆਂ ਗੋਲੀਆਂ ਚਲਾਈਆਂ।
ਖੂਨੀ ਨਦੀਆਂ ਬਹਾਈਆਂ।
ਨਹੀਂ ਚਾਹੀਦਾ ਸੀ ਕਹਿਰ ਇਹ ਗੁਜ਼ਾਰਨਾ।
ਸੀਸ ਗੁਰਾਂ ਦੇ ਦੁਆਰੇ ਉਤੋਂ ਵਾਰਨਾ।
ਗੁਰੂ ਧਾਮਾਂ ਵਿਚ ਪਾਪੀ ਪਾਪ ਨੇ ਕਮਾਂਵਦੇ।
ਪੀਂਦੇ ਨੇ ਸ਼ਰਾਬਾਂ ਮਾਸ ਬੰਦਿਆਂ ਦਾ ਖਾਂਵਦੇ।
ਸੁਖੀ ਵੱਸੇ ਨਨਕਾਣਾ।
ਜੀ ਜ਼ਰੂਰ ਓਥੇ ਜਾਣਾ।
ਬੇੜਾ ਸੱਚਿਆਂ ਗੁਰਾਂ ਨੇ ਸਾਡਾ ਤਾਰਨਾ।
ਸੀਸ ਗੁਰਾਂ ਦੇ ਦੁਆਰੇ ਉਤੋਂ ਵਾਰਨਾ।

ਸੂਰਮੇ ਸਿੰਘ ਗੁਰੂ ਮਹਾਰਾਜ ਦੀ ਬਾਣੀ ਦਾ ਪਾਠ ਕਰਦੇ ਕਰਦੇ ਗੁਰਦੁਆਰੇ ਦੀ ਚਾਰ-ਦੀਵਾਰੀ ਵਿਚ ਜਾ ਦਾਖਲ ਹੋਏ। ਅਜੇ ਸ੍ਰ: ਲਛਮਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਵਾਕ ਲੈਣਾ ਸ਼ੁਰੂ ਹੀ ਕੀਤਾ ਸੀ ਕਿ ਤੜ-ਤੜ ਗੋਲੀਆਂ ਦੀ ਆਵਾਜ਼ ਆਉਣ ਲੱਗ ਪਈ।

## ਕੋਰੜਾ ਛੰਦ

ਖਾਲਸੇ ਗੁਰੂ ਦੇ ਲਗੇ ਵਾਕ ਲੈਣ ਜੀ।
ਉਪਰੋਂ ਸਿੰਘਾਂ ਨੂੰ ਪੈ ਗਈ ਮੌਤ ਡੈਣ ਜੀ।
ਜ਼ਾਲਮਾਂ ਦੇ ਹੱਥੀਂ ਸੀ ਬੰਦੂਕਾਂ ਪੱਕੀਆਂ।
ਮੰਦੀਆਂ ਦਲੀਲਾਂ ਸੀ ਦਿਲਾਂ 'ਚ ਤੱਕੀਆਂ।
ਜ਼ਾਲਮ੍ ਬੰਦੂਕਾਂ ਦੇ ਸੀ ਘੋੜੇ ਨੱਪਦੇ।
ਵਾਹਿਗੁਰੂ ਵਾਹਿਗੁਰੂ ਸਿੰਘ ਜਪਦੇ।
ਤਿੱਖੇ ਤਿੱਖੇ ਸੀਨਿਆਂ 'ਚ ਨੇਜ਼ੇ ਵੱਜਦੇ।
ਖਾਲਸੇ ਮੈਦਾਨ ਚੋਂ ਕਦੀ ਨੀ ਭੱਜਦੇ।
ਜ਼ਾਲਮਾਂ ਨੇ ਕਰ ਲਏ ਕੁਆੜ ਬੰਦ ਜੀ।
ਚੰਦਰੇ ਨਰੈਣੂ ਨੇ ਚੜ੍ਹਾਏ ਚੰਦ ਜੀ।
ਗੋਲੀਆਂ ਦੀ ਹੋਣ ਆ ਬੁਛਾੜ ਲਗ ਪਈ।
ਜਗ੍ਹਾ ਜਗ੍ਹਾ ਲਹੂ ਦੀ ਤਨੀਰੀ ਵਗ ਪਈ।
ਗੁਰੂ ਗ੍ਰੰਥ ਸਾਹਿਬ ਜਿਹਦੀ ਸਾਨੂੰ ਟੇਕ ਜੀ।
ਉਹਦੇ 'ਚ ਵੀ ਗੋਲੀਆਂ ਦੇ ਪੈ ਗਏ ਛੇਕ ਜੀ।
ਕੀਤੇ ਨਹੀਉਂ ਵੈਰੀਆਂ ਕਮਾਮ ਚੱਜਦੇ।
ਖਾਲਸੇ ਮੈਦਾਨ ਚੋਂ ਕਦੇ ਨੀ ਭੱਜਦੇ।
ਜਿਨਾਂ ਦੇ ਦਿਲਾਂ ਦੇ ਵਿਚ ਗੁਰੂ ਵੱਸਦੇ।
ਸਦਾ ਬੈਠੇ ਮੌਤ ਦੇ ਸਰ੍ਹਾਣੇ ਹੱਸਦੇ।
ਭੰਵਟਾਂ ਦੇ ਵਾਂਗਰਾਂ ਜੁਆਨੀ ਵਾਰਦੇ।
ਸਿੰਘ ਸੂਰੇ ਹੌਂਸਲੇ ਕਦੇ ਨੀ ਹਾਰਦੇ।
ਸ਼ੇਰਾਂ ਵਾਂਗੂੰ ਸੂਰਮੇ ਹਮੇਸ਼ਾਂ ਗੱਜਦੇ।
ਖਾਲਸੇ ਮੈਦਾਨ ਚੋਂ ਕਦੇ ਨੀ ਭੱਜਦੇ।
ਦੇਖੋ ਕਿਵੇਂ ਗੋਲੀਆਂ ਦੇ ਮੀਂਹ ਵੱਸਦੇ।
ਅੱਗ ਉਤੇ ਭੱਜ ਗਏ ਗੁਲਾਬ ਹੱਸਦੇ।
ਅੰਮ੍ਰਿਤ ਪੀ ਕੇ ਖੰਡੇ ਦੀ ਧਾਰ ਦਾ।
ਮੌਤ ਕੋਲੋਂ ਸਿੰਘ ਨੀ ਕਦੇ ਵੀ ਹਾਰਦਾ।
ਮੌਤ ਨੂੰ ਸਮਝਦੇ ਨੇ ਗੱਲ ਓਪਰੀ।
ਰੰਬੀਆਂ ਨਾਲ ਨੇ ਲਹਾਉਂਦੇ ਖੋਪਰੀ।

ਬੰਦ ਬੰਦ ਆਪਣਾ ਕਟੀਂਦੇ ਸੱਜਦੇ।
ਖਾਲਸੇ ਮੈਦਾਨ ਚੋਂ ਕਦੇ ਨੀ ਭੱਜਦੇ।

ਕਰਾਏ ਤੇ ਲਿਆਂਦੇ ਹੋਏ ਕਾਬਲੀ ਪਠਾਣ ਨਿਹੱਥੇ ਸਿੰਘਾਂ ਉਤੇ ਸੰਗੀਨਾ ਦੇ ਵਾਰ ਕਰ ਰਹੇ ਹਨ। ਸਿੰਘਾਂ ਦੀਆਂ ਛਾਤੀਆਂ ਗੋਲੀਆਂ ਨਾਲ ਛਲਣੀ ਛਲਣੀ ਹੋ ਰਹੀਆਂ ਹਨ। ਪਰ ਕੀ ਮਜਾਲ ਜੇ ਕਿਸੇ ਸਿੰਘ ਨੇ ਮੁੱਖ ਤੋਂ ਹਾਏ ! ਵੀ ਕਿਹਾ ਹੋਵੇ।

ਲਛਮਣ ਸਿੰਘ ਸਰਦਾਰ ਵੀ ਖਿੜੇ ਮਥੇ,
ਡੂੰਘੇ ਜ਼ਖ਼ਮ ਸੰਗੀਨਾ ਦੇ ਖਾ ਰਿਹਾ ਸੀ।
ਦੂਰ ਬੈਠਾ ਮਹੰਤ ਵੀ ਤੜਫ ਰਹੀਆਂ,
ਲੋਥਾਂ ਵਲ ਤਕ ਤਕ ਮੁਸਕਰਾ ਰਿਹਾ ਸੀ।
ਉਛਲ ਉਛਲ ਸ਼ਹੀਦਾਂ ਦਾ ਖ਼ੂਨ ਹਾਏ !
ਏਦਾਂ ਭੌਂ ਉਤੇ ਗੇੜੇ ਖਾ ਰਿਹਾ ਸੀ।
ਮੋਘਾ ਨਹਿਰ ਦਾ ਪੱਟ ਕੇ ਜੱਟ ਕੋਈ,
ਜਿਵੇਂ ਪਾਣੀ ਮੁਰੱਬੇ ਨੂੰ ਲਾ ਰਿਹਾ ਸੀ।

ਪਾਪੀ ਮਹੰਤ ਦੇ ਖ਼ੂਨੀ ਧਾੜਵੀਆਂ ਨੇ ਪੰਥ ਦੇ ਅਣਖੀਲੇ ਜਰਨੈਲ ਸਰਦਾਰ ਲਛਮਣ ਸਿੰਘ ਨੂੰ ਬੜੀ ਬੇਰਹਿਮੀ ਨਾਲ ਜੰਡ ਦੇ ਰੁੱਖ ਨਾਲ ਪੁੱਠਾ ਲਟਕਾ ਕੇ ਅੱਗ ਲਾ ਦਿੱਤੀ। ਸੂਰਮੇ ਨੇ ਹੱਸਦੇ-ਹੱਸਦੇ ਸ਼ਹੀਦੀ ਪਾਈ ਤੇ ਗੁਰੂ ਚਰਨਾਂ ਵਿਚ ਜਾ ਨਿਵਾਸ ਕੀਤਾ।

ਲਛਮਣ ਸਿੰਘ ਸ਼ਹੀਦ ਵਤਨ ਦਾ,
ਉਹਦੀ ਲਾਸ਼ ਜੰਡ ਨਾਲ ਲਟਕੇ।
ਇਕ ਨਿਰਦਈ ਜਲਾਦ ਪੈਰਾਂ ਨੂੰ,
ਫੜ ਫੜ ਦੇਵੇ ਝਟਕੇ।
ਲਾਸ਼ ਵੀ ਜਲ ਗਈ ਕੇਸ ਵੀ ਜਲ ਗਏ,
ਜਲੀਆਂ ਜੰਡ ਦੀਆਂ ਟ੍ਹਾਣਾਂ।
ਆਖਿਰ ਵਾਜ਼ ਅਕਾਸ਼ੋਂ ਆਈ,
ਮੇਰਾ ਸੁਖੀ ਵੱਸੇ ਨਨਕਾਣਾ।
ਜ਼ਿੰਦਗੀਆਂ ਦੇ ਢੋਏ ਢੋ ਢੋ,
ਅਸੀਂ ਗੁਰਧਾਮ ਆਜ਼ਾਦ ਕਰਾਏ।
ਸਾਡਾ ਸਿਰ ਜਾਏ ਤਾਂ ਜਾਏ,
ਸਾਡਾ ਸਿੱਖੀ ਸਿਦਕ ਨਾ ਜਾਏ।

ਉਪਰੋਕਤ ਸਾਰੀ ਦੁਖਦਾਈ ਘਟਨਾ ਜੰਗਲ ਦੀ ਅੱਗ ਵਾਂਗੂੰ ਸਾਰੇ ਪ੍ਰਾਂਤ ਵਿਚ ਫੈਲ ਗਈ। ਜਦ ਸਰਦਾਰ ਦਲੀਪ ਸਿੰਘ ਨੇ ਇਹ ਸਾਰਾ ਖ਼ੂਨੀ ਸਾਕਾ ਸੁਣਿਆ ਤਾਂ ਉਹ ਇਕ ਦਮ ਨਨਕਾਣੇ ਸਾਹਿਬ ਵੱਲ ਨੂੰ ਜਾਨ ਤਲੀ ਤੇ ਰੱਖ ਕੇ ਤੁਰ ਪਿਆ। ਗਾਉਂਦਾ ਜਾਂਦਾ ਹੈ-

ਸਾਡਾ ਸਿਰ ਜਾਏ ਤਾਂ ਜਾਏ ਸਾਡਾ ਸਿੱਖੀ ਸਿਦਕ ਨਾ ਜਾਏ।

ਇਹ ਸਿੰਘਾਂ ਦਾ ਪੰਥ ਨਿਆਰਾ।
ਹੱਥ ਵਿਚ ਚੌਰੀ ਸੀਸ ਤੇ ਆਰਾ।
ਬੰਦ ਬੰਦ ਕਟਵਾਏ।
ਸਾਡਾ ਸਿੱਖੀ ਸਿਦਕ ਨਾ ਜਾਏ।
ਚਰਖੜੀਆਂ ਤੇ ਹੱਸ ਹੱਸ ਚੜ੍ਹਦੇ।
ਦੇਗਾਂ ਦੇ ਵਿਚ ਪੈ ਪੈ ਕੜ੍ਹਦੇ।
ਖੋਪਰ ਤੀਕ ਲੁਹਾਏ।
ਸਾਡਾ ਸਿੱਖੀ ਸਿਦਕ ਨਾ ਜਾਏ।
ਜੇ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।
ਸਤਿਗੁਰ ਇਹ ਫੁਰਮਾਏ।
ਸਾਡਾ ਸਿੱਖੀ ਸਿਦਕ ਨਾ ਜਾਏ।
ਸਿੰਘ ਨਹੀਂ ਮਰਨੋਂ ਹਰਗਿਜ਼ ਡਰਦੇ।
ਸੀਸ ਆਪਣਾ ਤਲੀ ਤੇ ਧਰਦੇ।
ਭਾਣਾ ਮੰਨਦੇ ਆਏ।
ਸਾਡਾ ਸਿੱਖੀ ਸਿਦਕ ਨਾ ਜਾਏ।
ਅੱਖੀਂ ਦੇਖਿਆ ਜਾ ਕੇ ਦਲੀਪ ਸਿੰਘ ਨੇ,
ਖ਼ੂਨੀ ਸਾਕਾ ਨਨਕਾਣੇ 'ਚ ਹੋ ਗਿਆ ਏ।
ਜਿਥੇ ਰੱਬ ਦਾ ਨੂਰ ਵਰਸਦਾ ਸੀ,
ਓਥੇ ਲਹੂ ਇਨਸਾਨ ਦਾ ਚੋ ਗਿਆ ਏ।
ਕਰਕੇ ਕਾਹਲੀਆਂ ਗੁਰੂ ਦੁਆਰੇ ਪੁਜਾ,
ਗੱਲ ਗੱਲ ਉਤੇ ਸਾਥੀ ਟੋਕਦੇ ਰਹੇ।
ਐਵੇਂ ਰੇਤ ਦੀਆਂ ਵੱਟਾਂ ਬੰਨ੍ਹ ਬੰਨ੍ਹ ਕੇ,
ਚੜ੍ਹੇ ਹੋਏ ਤੂਫਾਨ ਨੂੰ ਰੋਕਦੇ ਰਹੇ।
ਦਲੀਪ ਸਿੰਘ ਮਹੰਤ ਨੂੰ ਕਹਿਣ ਲੱਗਾ,
ਇਹ ਤੂੰ ਪਾਪੀਆ ਕਹਿਰ ਗੁਜ਼ਾਰਿਆ ਏ।
ਲਛਮਨ ਸਿੰਘ ਨੂੰ ਕੀਤਾ ਸ਼ਹੀਦ ਨਹੀਂ ਤੂੰ,
ਛੁਰਾ ਪੰਥ ਦੇ ਸੀਨੇ 'ਚ ਮਾਰਿਆ ਏ।
ਗੁਰੂ ਗ੍ਰੰਥ ਪਿਆਰੇ ਦੀ ਦਿਹ ਵਿਚੀਂ,

ਜਿਹੜੀ ਪਾਪੀਆਂ ਗੋਲੀ ਲੰਘਾਈ ਏ ਤੂੰ।
ਦਸਾਂ ਗੁਰਾਂ ਦੇ ਸੀਨੇ 'ਚ ਛੇਕ ਪਾ ਕੇ,
ਓਸ ਰੱਬ ਦੀ ਰੂਹ ਤੜਪਾਈ ਏ ਤੂੰ।
ਗੁੱਸੇ ਵਿਚ ਮਹੰਤ ਦੇ ਨੈਣ ਭੜਕੇ,
ਸਖਤੀ ਨਾਲ ਦਲੀਪ ਨੂੰ ਕਹਿਣ ਲੱਗਾ।
ਜਾਹ ਉਹ ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ,
ਨਹੀਂ ਤਾਂ ਤੂੰ ਵੀ ਨਹੀਂ ਜੀਊਂਦਾ ਰਹਿਣ ਲੱਗਾ।
ਅਗੋਂ ਗਰਜ ਕੇ ਕਿਹਾ ਦਲੀਪ ਸਿੰਘ ਨੇ,
ਜੇ ਤੂੰ ਜ਼ਾਲਮਾਂ ਜ਼ੁਲਮ ਤੋਂ ਰੁਕਣਾ ਨਹੀਂ।
ਦੁਨੀਆਂ ਕਰੂ ਸ਼ਹੀਦਾਂ ਨੂੰ ਯਾਦ ਹਰਦਮ,
ਤੇਰੇ ਮੂੰਹ ਤੇ ਕਿਸੇ ਨੇ ਥੁਕਣਾ ਨਹੀਂ।
ਆ ਕੇ ਗੁੱਸੇ ਵਿਚ ਦਲੀਪ ਸਿੰਘ ਤੇ,
ਕਰ ਪਾਪੀ ਨੇ ਗੋਲੀ ਦਾ ਵਾਰ ਦਿੱਤਾ।
ਡਿੱਗਦੇ ਹੋਏ ਦਲੀਪ ਨੇ ਕਿਹਾ ਮੂੰਹੋ,
ਲੈ ਮੈਂ ਪੰਥ ਦਾ ਕਰਜ਼ ਉਤਾਰ ਦਿੱਤਾ।
ਦੋ ਹੋਰ ਵੀ ਪਾਪੀ ਜਲਾਦ ਆ ਗਏ,
ਉਹਨਾਂ ਜ਼ੁਲਮ ਦੀ ਹੱਦ ਮੁਕਾ ਦਿੱਤੀ।
ਲਾਸ਼ ਸਿਸਕਦੀ ਹੋਈ ਦਲੀਪ ਸਿੰਘ ਦੀ,
ਜਲਦੇ ਭੱਠੇ ਦੇ ਵਿਚ ਜਲਾ ਦਿੱਤੀ।
ਬੋਲੀ ਲੋਥ ਨਹੀਂ ਆਤਮਾ ਸੜਨ ਲੱਗੀ,
ਕੇਵਲ ਅੱਗ ਤਾਂ ਸਾੜ ਸਰੀਰ ਰਹੀ ਏ।
ਭਖਦੇ ਭੱਠ ਦੀ ਅੱਗ ਦੇ ਸੇਕ ਅੰਦਰ,
ਮੇਰੀ ਕੌਮ ਦੀ ਪੱਕੀ ਤਕਦੀਰ ਰਹੀ ਏ।
ਜਲਦੇ ਜੰਡ ਨੇ ਪੁਛਿਆ ਭਥ ਕੋਲੋਂ,
ਸੜ ਕੇ ਮਰਨ ਵਾਲਾ ਸੜ ਕੇ ਮਰ ਗਿਆ ਏ।
ਭਖਦੇ ਭੱਠ ਨੇ ਅਗੋਂ ਜਵਾਬ ਦਿੱਤਾ,
ਉਹ ਤਾਂ ਮੈਨੂੰ ਵੀ ਠੰਡਿਆਂ ਕਰ ਗਿਆ ਏ।

ਰੀਕਾਰਡ:- ਐਚ.ਐਮ.ਵੀ. ਬੀਬੀ ਨਰਿੰਦਰ ਬੀਬਾ ਟੈਲੀਵੀਜ਼ਨ ਆਰਟਿਸਟ

# ਧੰਨ ਧੰਨ ਗੁਰੂ ਗੋਬਿੰਦ ਸਿੰਘ

ਧੰਨ ਧੰਨ ਗੁਰੂ ਗੋਬਿੰਦ ਸਿੰਘ,
ਲੀਤਾ ਪੰਟਨੇ ਵਿਚ ਅਵਤਾਰ।
ਦੇਵਤਿਆਂ ਨੇ ਫੁੱਲ ਬਰਸਾਏ,
ਜੱਗ ਵਿਚ ਜੈ ਜੈ ਕਾਰ।
ਧੰਨ ਧੰਨ ਸਤਿਗੁਰੂ ਤੇਗ ਬਹਾਦਰ,
ਧੰਨ ਧੰਨ ਗੁਜਰੀ ਮਾਤਾ।
ਧੰਨ ਪਟਨੇ ਦੀ ਧਰਤੀ ਜਿਹਨੇ,
ਦੇਸ਼ ਦਾ ਦਰਦ ਪਛਾਤਾ।
ਸੋਢੀ ਬੰਸ ਵਿਚ ਇਕ ਫੁੱਲ ਖਿੜਿਆ,
ਮਹਿਕੀ ਲੱਖ ਬਹਾਰ, ਦੇਵਤਿਆਂ....
ਨੀਲਾ ਅੰਬਰ ਨੀਲਾ ਘੋੜਾ,
ਨੀਲਾ ਨੀਲਾ ਬਾਣਾ।
ਸੀਸ ਤੇ ਸੋਹੇ ਨੂਰੀ,
ਕਲਗੀ ਸੁੰਦਰ ਰੂਪ ਸੁਹਾਣਾ।
ਅੱਜ ਸੰਗਤ ਦੇ ਚਿਹਰੇ ਵੇਖੋ,
ਖਿੜੀ ਹੋਈ ਗੁਲਜ਼ਾਰ, ਦੇਵਤਿਆਂ...
ਮੰਦਰ ਅਤੇ ਪੁਜਾਰੀ ਜਾਗੇ,
ਜਾਗੇ ਸ਼ੁਭ ਖਿਆਲ।
ਸੰਖਾਂ ਦੀ ਆਵਾਜ਼ ਜਾਗ ਪਈ,
ਜਾਗ ਪਏ ਘੜਿਆਲ।
ਜੋ ਜ਼ਾਲਮ ਦਾ ਖੂਨ ਪੀਏਗੀ,
ਜਾਗ ਪਈ ਤਲਵਾਰ, ਦੇਵਤਿਆਂ...

ਅੱਜ ਪਟਨੇ ਦੀਆਂ ਸੁੰਨੀਆਂ ਗਲੀਆਂ,
ਹੋਈਆਂ ਨੂਰੋ ਨੂਰ।
ਅੱਜ ਧਰਮੀ ਦੀ ਸਦੀਆਂ ਪਿਛੋਂ,
ਅਰਜ਼ ਹੋਈ ਮਨਜ਼ੂਰ।
ਅੱਜ ਭਾਰਤ ਦੇ ਸਿਰ ਤੋਂ,
ਹੋਇਆ 'ਸਫਰੀ' ਹੌਲਾ ਭਾਰ, ਦੇਵਤਿਆਂ........

ਰੀਕਾਰਡः- ਬੀਬੀ ਨਰਿੰਦਰ ਬੀਬਾ ਨੇ ਰੀਕਾਰਡ ਕਰਵਾਇਆ।

# ਤੇਗ ਦੀ ਧਾਰ ਉਤੇ ਨੱਚ ਓ ਖਾਲਸਾ!

ਤੇਗ਼ ਦੀ ਧਾਰ ਉਤੇ ਨੱਚ ਓ ਖਾਲਸਾ !
ਪੰਥ ਦੇ ਗ਼ਦਾਰਾਂ ਕੋਲੋਂ ਬੱਚ ਓ ਖਾਲਸਾ !

ਦੀਪ ਸਿੰਘ ਬਾਬਾ, ਦੇਖੋ ਪ੍ਰਣ ਨਿਭਾ ਗਿਆ।
ਸੀਸ ਕੱਟ ਗਿਆ ਲਾਸ਼ਾਂ ਧੜ ਹੀ ਵਿਛਾ ਗਿਆ।
ਕਰਕੇ ਵਿਖਾਇਆ ਇਹ ਤੂੰ ਸੱਚ ਓ ਖਾਲਸਾ !
ਤੇਗ ਦੀ ਧਾਰ ਉਤੇ...............

ਜਿਹੜੇ ਸਿੰਘ ਸੱਚ ਪਿਛੇ ਸੀਸ ਕਟਵਾਣਗੇ।
ਪੰਥ ਦੇ ਸ਼ਹੀਦਾਂ ਵਿਚ ਓਹੀ ਗਿਣੇ ਜਾਣਗੇ।
ਬਾਕੀ ਦਾ ਜ਼ਮਾਨਾ ਕੂੜ ਕੱਚ ਓ ਖਾਲਸਾ !
ਤੇਗ਼ ਦੀ ਧਾਰ ਉਤੇ...............

ਰਹਿਤ ਰੱਖ ਸਿੰਘਾ ਪੀ ਲੈ ਪਾਹੁਲ ਖੰਡੇ ਧਾਰ ਦੀ।
ਦੇਸ਼ ਨੂੰ ਹੈ ਅੱਜ ਲੋੜ ਤੇਰੀ ਤਲਵਾਰ ਦੀ।
ਸ਼ੇਰਾਂ ਦੀ ਕਤਾਰ ਵਿਚ ਜੱਚ ਓ ਖਾਲਸਾ।
ਤੇਗ਼ ਦੀ ਧਾਰ ਉਤੇ...............

ਜਿਹੜੀ ਕੌਮ ਦੇਸ਼ ਦੀ ਆਜ਼ਾਦੀ ਪਿਛੇ ਲੜੀ ਏ।
ਉਹੀ ਅੱਜ 'ਸਫ਼ਰੀ' ਮੁਸੀਬਤਾਂ ਨੂੰ ਫੜੀ ਏ।
ਆਪਣੇ ਲਹੂ 'ਚ ਗਹਿ-ਗੱਚ ਓ ਖਾਲਸਾ !
ਤੇਗ ਦੀ ਧਾਰ ਉਤੇ...............

# ਲਾਲਾਂ ਨੂੰ ਦੀਵਾਰ ਪੁੱਛਦੀ

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।
ਕਿੱਡਾ ਕੁ ਕਲੇਜਾ ਉਸ ਦਾ,
ਜਿਹਨਾਂ ਨੀਂਹਾਂ ਵਿਚ ਪੁੱਤ ਚਿਣਵਾਏ।
ਦਾਦੀ ਮਾਂ ਦਾ ਧੰਨ ਹੌਂਸਲਾ,
ਜਿਨ ਝੱਲਿਆ ਕਲੇਜੇ ਦੁੱਖ ਭਾਰਾ।
ਪੁੱਤਾਂ ਤੋਂ ਪਿਆਰੇ ਪੋਤਰੇ,
ਹੁੰਦਾ ਮੂਲ ਤੋਂ ਬਿਆਜ ਪਿਆਰਾ।
ਨੀਂਹ ਥੱਲੇ ਦੇ ਕੇ ਲਾਡਲੇ,
ਇੱਕ ਵਾਰ ਨੀ ਆਖਿਆ ਹਾਏ।
ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।
ਕੇਸਾਂ ਉਤੇ ਹੱਥ ਫੇਰ ਕੇ,
ਫਤਹਿ ਸਿੰਘ ਨੂੰ ਜੱਲਾਦ ਏਦਾਂ ਕਹਿੰਦਾ।
ਚੰਨਾ ! ਤੂੰ ਤਾਂ ਛਿੱਪ ਚਲਿਆ,
ਰੰਦਾ ਆਖਰੀ ਲਗਾਉਣਾ ਰਹਿੰਦਾ।
ਫਤਹਿ ਸਿੰਘ ਅੱਗੋਂ ਆਖਿਆ,
'ਅਸੀਂ ਹੱਸ ਕੇ ਮਰਨ ਲਈ ਆਏ'।
ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।
ਚੂੱਲੀ ਚੂੱਲੀ ਕਾਲਜੇ ਦਾ,
ਅਸੀਂ ਖੂਨ ਇੱਟਾਂ ਉਤੇ ਪਾਇਆ।

ਮਾਏ ! ਤੇਰੇ ਪੀਤੇ ਦੁੱਧ ਦਾ,
ਸਾਥੋਂ ਗਿਆ ਨੀ ਹਿਸਾਬ ਚੁਕਾਇਆ।
ਮਿਲੇ ਕਿਤੇ ਮਾਤਾ ਸੁੰਦਰੀ,
ਉਹਨੂੰ ਆਖ ਦਈਂ ਪੂਰੇ ਦੀਏ ਵਾਏ !
ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।
ਮਿਲੇ ਨਾ ਮਿਸਾਲ 'ਸਫ਼ਰੀ',
ਵੇਖੀ ਦੁਨੀਆਂ ਖੋਜ ਕੇ ਸਾਰੀ।
ਪਿਤਾ ਦਸਮੇਸ਼ ਨੇ ਜਿਹੜੀ,
ਹਾਏ ! ਸਿਰ ਉਤੇ ਬਿਪਤਾ ਸਹਾਰੀ।
ਪੁੱਤਰ ਕੁਹਾ ਕੇ ਆਪਣੇ,
ਦੁਖੀ ਹਿੰਦੀਆਂ ਦੇ ਪੁੱਤ ਬਚਾਏ।
ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।

ਰੀਕਾਰਡ- ਸ: ਸਰੂਪ ਸਿੰਘ ਨਵਾਂ ਸ਼ਹਿਰ

# ਤੇਗ ਦਸਮੇਸ਼ ਦੀ ਦੁਹਾਈ ਓ ਦੁਹਾਈ!!

ਤੇਗ਼ ਦਸਮੇਸ਼ ਦੀ ਦੁਹਾਈ ਓ ਦੁਹਾਈ !
ਜ਼ਾਲਮਾਂ ਦੇ ਦਲਾਂ ਉਤੇ ਆਫ਼ਤਾਂ ਲਿਆਈ।
ਤੇਗ਼ ਦਸਮੇਸ਼ ਦੀ................
ਕੇਸਗੜ੍ਹ ਤੇਗ਼ ਦਸਮੇਸ਼ ਨੇ ਉਭਾਰੀ।
ਪੰਜ ਸੀਸ ਸਿੰਘਾਂ ਨੇ ਕਟਾਏ ਵਾਰੋ ਵਾਰੀ।
ਫਤਿਹ ਦਾ ਜੈਕਾਰਾ ਜਦੋਂ ਲਾਇਆ ਬੀਰ ਖਾਲਸੇ ਨੇ,
ਮੌਤ ਨੇ ਵੀ ਮਸਾਂ ਜਾਨ ਲੁੱਕ ਕੇ ਬਚਾਈ।
ਤੇਗ਼ ਦਸਮੇਸ਼ ਦੀ................
ਅੱਧੀ ਕੁ ਮਿਆਨ ਵਿਚੋਂ ਬਾਹਰ ਜਦੋਂ ਆਈ।
ਦਸ ਲੱਖ ਵੈਰੀਆਂ ਦੀ ਫੌਜ ਘਬਰਾਈ।
ਬੋਲਿਆ ਔਰੰਗਜ਼ੇਬ ਤੇਗ਼ ਦਸਮੇਸ਼ ਦੀ ਕਿ,
ਕਾਲਕਾ ਦੀ ਜੀਭ ਸਾਡਾ ਲਹੂ ਪੀਣ ਆਈ।
ਤੇਗ਼ ਦਸਮੇਸ਼ ਦੀ................
ਪਾਹੁਲ ਖੰਡੇਧਾਰ ਬੰਦੇ ਬੀਰ ਨੂੰ ਪਿਲਾਈ।
ਸੂਰਮੇਂ ਨੂੰ ਦੇਖੋ ਜੀ ਤਰੇਲੀ ਕਿੱਦਾਂ ਆਈ।
ਮਾਰਿਆ ਵਜ਼ੀਦਾ ਸਰਹੰਦ ਸ਼ਹਿਰ ਫੂਕ ਦਿੱਤਾ,
ਇੱਟ ਨਾਲ ਗਈ ਉਹਦੀ ਇੱਟ ਖੜਕਾਈ।
ਤੇਗ਼ ਦਸਮੇਸ਼ ਦੀ................
'ਸਫ਼ਰੀ' ਗੁਰਾਂ ਨੇ ਦਿੱਤੇ ਜ਼ਾਲਮਾਂ ਨੂੰ ਦੰਡ ਸੀ।
ਹੱਥ ਵਿਚ ਤੇਗ਼ ਨੂਰੀ, ਤੇਜ਼ ਪਰਚੰਡ ਸੀ।
ਆਏ ਬਾਈਧਾਰੀਦੇ ਚੰਡਾਲ ਜਦੋਂ ਟਾਕਰੇ ਤੇ,
ਚੰਡ ਚੰਡ ਰੱਖੀ ਗਈ ਚੰਡਕਾਂ ਦੀ ਜਾਈ।
ਤੇਗ਼ ਦਸਮੇਸ਼ ਦੀ ਦੁਹਾਈ ਓ ਦੁਹਾਈ !!

# ਸਿੱਖੀ ਦਾ ਰਾਹ ਆਸਾਨ ਨਹੀਂ

ਸਿੱਖੀ ਦਾ ਰਾਹ ਆਸਾਨ ਨਹੀਂ,
ਏਥੇ ਕਦਮ ਟਕਾਉਣਾ ਮੁਸ਼ਕਲ ਹੈ।
ਤੁਰ ਤੁਰ ਕੇ ਤਿੱਖੀਆਂ ਤੇਗ਼ਾਂ ਤੇ,
ਮੰਜ਼ਲ ਦਾ ਪਾਉਣਾ ਮੁਸ਼ਕਲ ਹੈ।

ਇਹ ਗੁਰ ਨਾਨਕ ਦੀ ਸਿੱਖੀ ਹੈ।
ਵਾਲੋਂ ਨਿੱਕੀ ਖੰਨਿਓਂ ਤਿੱਖੀ ਹੈ।
ਸਰ ਦੇ ਕੇ ਲੱਭਦੀ ਸਰਦਾਰੀ,
ਪਰ ਸਰ ਕਟਵਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ........

ਸਿੱਖ ਸਬਕ ਅਨੋਖੇ ਪੜ੍ਹਦਾ ਏ।
ਸਰ ਕੱਟ ਜਾਂਦਾ ਧੜ ਲੜਦਾ ਏ।
ਤਾਂ ਵਾਂਗ ਦੀਪ ਸਿੰਘ ਬਾਬੇ ਦੇ,
ਇੱਕ ਸਿਰੜ ਨਿਭਾਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ........

ਸੀ ਟੋਡਰ ਮਲ ਉਪਕਾਰ ਕੀਤਾ।
ਸੀ ਲਾਲਾਂ ਦਾ ਸਸਕਾਰ ਕੀਤਾ।
ਕਪੜਾ ਤਾਂ ਲੋਕ ਵਿਛਾ ਦੇਂਦੇ,
ਮੋਹਰਾਂ ਦਾ ਵਿਛਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ........

ਮਤੀ ਦਾਸ ਨੇ ਇਸ਼ਕ ਕਮਾਇਆ ਸੀ।
ਸਿਰ ਨੌਵੇਂ ਗੁਰ ਦਾ ਸਾਇਆ ਸੀ।
ਆ ਥੱਲੇ ਖੂਨੀ ਆਰੇ ਦੇ,
ਹਾਂ ਸੀਸ ਚਿਰਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ........

# ਦਾਦੀ ਸਾਹਿਬਜ਼ਾਦਿਆਂ ਨੂੰ ਤਾਕੀਦਾਂ ਕਰਦੀ ਏ

ਸੋਹਣਿਓ ! ਸੁਣਾਓ ਜਾਂਦੀ ਵਾਰ ਦੀਆਂ ਗੱਲਾਂ;
ਸਿੱਖੀ ਤੋਂ ਬਗੈਰ ਹੋਰ ਗੱਲਾਂ ਸੱਭੇ ਝੂਠ ਬੀਬਾ !
ਭੁੱਲਿਓ ਨਾ ਸਿੱਖੀ ਦੇ ਪਿਆਰ ਦੀਆਂ ਗੱਲਾਂ।

ਦਾਦੇ ਨੇ ਵੀ ਸੀਸ ਜਾ ਕੇ ਦਿੱਲੀ ਵਿਚ ਵਾਰਿਆ।
ਮਤੀ ਦਾਸ ਸਤੀ ਦਾਸ ਹੌਂਸਲਾ ਨੀ ਹਾਰਿਆ।
ਉਬਲਦੇ ਦੇਗੇ 'ਚ ਦਿਆਲੇ ਨੇ ਉਬਾਲ ਖਾਧੇ,
ਕਰੀ ਗਏ ਸੱਤ ਕਰਤਾਰ ਦੀਆਂ ਗੱਲਾਂ।
ਭੁੱਲਿਓ ਨਾ ਸਿੱਖੀ ਦੇ.......................

ਵੱਡੇ ਸਾਹਿਬਜ਼ਾਦੇ ਵਿਚ ਜੰਗ ਦੇ ਕੁਹਾਏ ਗਏ।
ਨੰਨ੍ਹੇ ਨੰਨ੍ਹੇ ਲਾਲ ਵਿਚ ਨੀਂਹਾਂ ਦੇ ਚਿਣਾਏ ਗਏ।
ਨੀਲੇ ਨੀਲੇ ਅੰਬਰਾਂ ਤੇ ਰੋਜ਼ ਨਿਤ ਹੁੰਦੀਆਂ ਨੇ,
ਦਸਵੇਂ ਪਿਤਾ ਦੇ ਪਰਵਾਰ ਦੀਆਂ ਗੱਲਾਂ।
ਭੁੱਲਿਓ ਨਾ ਸਿੱਖੀ ਦੇ.......................

ਕੱਲ੍ਹ ਬੀਬਾ ਅੰਮੜੀ ਨੂੰ ਨਜ਼ਰੀ ਨਾ ਆਉਗੇ।
ਅੱਥਰੀ ਦੀਵਾਰ ਵਿਚ ਦੋਵੇਂ ਚਿਣੇ ਜਾਉਗੇ।
ਜਿਹੜੀ ਕੰਧ ਵਿਚ ਬੀਬਾ ਮੁਖੜੇ ਛੁਪਾਉਣੇ ਤੁਸਾਂ,
ਹੋਣੀਆਂ ਓਸੇ ਹੀ ਦੀਵਾਰ ਦੀਆਂ ਗੱਲਾਂ।
ਭੁੱਲਿਓ ਨਾ ਸਿੱਖੀ ਦੇ.......................

'ਸਫ਼ਰੀ' ਤੂੰ ਗਾਈਂ ਏਸ ਦੌਰ ਦੀਆਂ ਗੱਲਾਂ।
ਸਰਹੰਦ ਦੀਆਂ ਗੱਲਾਂ, ਚਮਕੌਰ ਦੀਆਂ ਗੱਲਾਂ।
ਇੱਕੋ ਗੱਲ ਸਿੱਖੀ ਦੀ ਵਸਾ ਕੇ ਰੱਖ ਸੀਨੇ ਵਿਚ,
ਬਾਕੀ ਛੱਡ ਸਾਰੇ ਸੰਸਾਰ ਦੀਆਂ ਗੱਲਾਂ।
ਭੁੱਲਿਓ ਨਾ ਸਿੱਖੀ ਦੇ ਪਿਆਰ ਦੀਆਂ ਗੱਲਾਂ।

# ਬੜਾ ਹੀ ਸੁਨੱਖਾ ਸਈਉ!

ਬੜਾ ਹੀ ਸੁਨੱਖਾ ਸਈਉ ਨਾਨਕੀ ਦਾ ਵੀਰ ਹੈ।
ਮੁੱਖ ਤੇ ਜਲਾਲ ਹੈ ਨਜ਼ੀਰ ਬੇਨਜ਼ੀਰ ਹੈ।

ਬਾਲੇ ਹੱਥ ਚੌਰ ਮਰਦਾਨੇ ਦੇ ਰਬਾਬ ਹੈ।
ਕੀਰਤਨ ਬਾਣੀ ਦਾ ਵੀ ਬੜਾ ਲਾਜਵਾਬ ਹੈ।
ਮਾਖਿਉਂ ਤੋਂ ਮਿੱਠੀ-ਮਿੱਠੀ ਉਹਦੀ ਤਕਰੀਰ ਹੈ।
ਮੁੱਖ ਤੇ ਜਲਾਲ ਹੈ..................
ਬੜਾ ਹੀ ਤਪੱਸਵੀ ਤੇ ਬੜਾ ਹੀ ਤਿਆਗੀ ਏ।
ਉਹਦੇ ਜਾਗਣ 'ਨਾ ਸਾਰੀ ਕਾਇਨਾਤ ਜਾਗੀ ਏ।
ਸ਼ਾਹਾਂ ਦਾ ਸ਼ਹਿਨਸ਼ਾਹ ਫਕੀਰਾਂ ਦਾ ਫਕੀਰ ਹੈ।
ਮੁੱਖ ਤੇ ਜਲਾਲ ਹੈ..................
ਬੇਬੇ ਨਾਨਕੀ ਨੂੰ ਕਿਹਾ ਰੋ ਕੇ ਸੁਲੱਖਣੀ।
ਪੈ ਗਈ ਏ ਵਿਛੋੜਿਆਂ ਦੀ ਅੱਗ ਸਾਨੂੰ ਫੱਕਣੀ।
ਸੀਨੇ ਵਿਚ ਅੱਗ ਸਾਡੇ ਨੈਣਾਂ ਵਿਚ ਨੀਰ ਹੈ।
ਮੁੱਖ ਤੇ ਜਲਾਲ ਹੈ..................
ਓਸੇ ਨੇ ਬਣਾਈ ਸਾਡੇ ਮੱਥੇ ਦੀ ਲਕੀਰ ਹੈ।
ਗੁਰੂਆਂ ਦਾ ਗੁਰੂ ਹੈ ਤੇ ਪੀਰਾਂ ਦਾ ਪੀਰ ਹੈ।
'ਸਫ਼ਰੀ' ਗੁਰਾਂ ਦੇ ਬਿਨਾਂ ਦਿਲ ਦਿਲਗੀਰ ਹੈ।
ਮੁੱਖ ਤੇ ਜਲਾਲ ਹੈ..................

## ਲਾਲੋ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ

ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ!
ਪੂਰੀ ਹੁੰਦੀ ਜਾਂਦੀ ਤੇਰੇ ਦਿਲ ਦੀ ਮੁਰਾਦ!
ਭਾਗੋ ਦੀਆਂ ਪੂੜੀਆਂ ਚੋਂ ਲਹੂ ਪਿਆ ਸਿੰਮਦਾ ਏ,
ਕੋਧਰੇ ਦੀ ਰੋਟੀ ਵਿਚੋਂ ਦੁੱਧ ਦਾ ਸੁਆਦ!
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ!

ਹੱਕ ਦੀ ਕਮਾਈ ਕੀ ਨਿਹੱਕ ਦੀ ਕਮਾਈ ਹੈ।
ਨਾਨਕ ਗੁਰੂ ਨੇ ਕਲਾ ਆਪਣੀ ਵਿਖਾਈ ਹੈ।
ਕੋਧਰੇ ਚੋਂ ਦੁੱਧ ਮਿੱਝ ਪੂੜੀਆਂ ਚੋਂ ਡੁਲ੍ਹਦੀ ਏ,
ਰਹੇਗਾ ਅਜੂਬਾ ਸਾਰੀ ਦੁਨੀਆਂ ਨੂੰ ਯਾਦ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ !

ਪੂੰਜੀਪਤਾ ਜਿਹੜਾ ਤੂੰ ਗਰੀਬਾਂ ਤਾਈਂ ਲੁਟਦੈਂ।
ਰੱਬ ਦੀ ਮਨੁੱਖਤਾ ਦੇ ਗਲੇ ਨੂੰ ਤੂੰ ਘੁਟਦੈਂ।
ਪਾਪੀਆ ਬਿਗਾਨਾ ਹੱਕ ਜਿਹੜਾ ਖਾਈ ਜਾਨਾ ਏਂ,
ਕਰੀ ਜਾਨੈਂ ਅਪਣਾ ਜਨਮ ਬਰਬਾਦ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ !

ਬੰਦਿਆ ਧਰਮ ਰਾਜ ਲੇਖਾ ਜਦੋਂ ਮੰਗਿਆ।
ਤੈਥੋਂ ਤਾਂ ਕਚਹਿਰੀ ਵਿਚ ਜਾਣਾ ਵੀ ਨੀ ਖੰਘਿਆ।
ਪਾਪੀਆ ਅਖੀਰ ਏਦਾਂ ਪੀੜਿਆ ਜਾਏਂਗਾ ਤੂੰ,
ਵੇਲਣੇ 'ਚ ਜੱਟ ਜਿਵੇਂ ਪੀੜਦਾ ਕਮਾਦ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ!

'ਸਫ਼ਰੀ' ਤੂੰ ਬਾਣੀ ਤੋਂ ਪਰੇਡੇ ਚਲਾ ਗਿਆ ਏਂ।
ਤਾਹੀਓਂ ਤੇ ਭਰਾਵਾ ਖਾਂਦਾ ਠੇਡੇ ਚਲਾ ਗਿਆ ਏਂ।
ਗੁਰਾਂ ਦੇ ਬਗ਼ੈਰ ਤੇਰੀ ਕਿਤੇ ਵੀ ਨੀ ਸੁਣੀ ਜਾਣੀ,
ਕਿਤੇ ਵੀ ਨੀ ਹੋਣੀ ਤੇਰੀ ਦਾਦ ਫਰਿਆਦ!
ਲਾਲੋ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ!

# ਸੁਣੋ ਨੰਨ੍ਹਿਓ ਮਾਸੂਮੋਂ

ਸੂਬਾ- ਸੁਣੋ ਨੰਨ੍ਹਿਓ ਮਾਸੂਮੋਂ,
ਸਾਡੇ ਦੀਨ ਵਿਚ ਆਉ।
ਸਾਡੀ ਗੱਲ ਮੰਨ ਜਾਉ।
ਜਾ ਕੇ ਝੱਟ ਪੱਟ ਦਾਦੀ ਦੇ ਕਲੇਜੇ ਲੱਗ ਜਾਉ।
ਸੁਣੋ ਨੰਨ੍ਹਿਓ ਮਾਸੂਮੋਂ................

ਸਾਹਿਬਜ਼ਾਦੇ- ਸੁਣੋ ਜ਼ਾਲਮੋਂ ਜਲਾਦੋ,
ਭਾਵੇਂ ਸਾਰਾ ਜ਼ੋਰ ਲਾਓ।
ਕੰਧਾਂ ਵਿਚ ਵੀ ਚਿਣਾਉਨਾ,
ਤਾਂ ਵੀ ਛੇਤੀ ਕਾਂ ਚਿਣਾਉ।
ਸਾਡਾ ਸਿੱਖੀ ਵਲੋਂ ਬੇਈਮਾਨੋਂ ਮੁੱਖ ਨਾ ਭੁਆਉ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ।

ਸੂਬਾ- ਫਤਹਿ ਸਿੰਘਾ ਅਜੇ ਤਾਂ ਤੂੰ,
ਬਾਲਕ ਇਵਾਣਾ ਏਂ।
ਪੱਥਰਾਂ ਦੇ ਭਾਰ ਥੱਲੇ,
ਹੁਣੇ ਦੱਬ ਜਾਣਾ ਏਂ।
ਜਾਨਾਂ ਕੀਮਤੀ ਨਾ ਬੀਬਾ ਭਾੜੇ ਭੰਗ ਦੇ ਗੁਆਉ।
ਜਾ ਕੇ ਝੱਟ-ਪੱਟ ਦਾਦੀ ਦੇ ਕਲੇਜੇ ਲੱਗ ਜਾਉ।

ਸਾਹਿਬਜ਼ਾਦੇ- ਕੌਣ ਕਹਿੰਦਾ ਸਾਨੂੰ ਪਾਪੀ,
ਗੰਗੂ ਨੇ ਫੜਾਇਆ ਏ।
ਅਸੀਂ ਤਾਂ ਸੁਨੇਹਾ ਆਪ,
ਸੂਬੇ ਨੂੰ ਘਲਾਇਆ ਏ।
ਅਸੀਂ ਦਸਵੇਂ ਪਿਤਾ ਦੇ ਲਾਲ ਸਾਨੂੰ ਨਾ ਡੁਲਾਉ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ।

ਸੂਬਾ- ਨੰਨ੍ਹੇ ਨੰਨ੍ਹੇ ਲਾਲ ਜਦੋਂ,
ਸਾਹ ਵੀ ਨਾ ਲੈਣਗੇ।
ਅੰਮੀ ਦੇ ਕਲੇਜੇ ਓਦੋਂ,
ਸੱਲ ਕਿਉਂ ਨਾ ਪੈਣਗੇ।
ਤੁਸੀਂ ਚਾ ਅੰਮੜੀ ਦਾ ਕੋਈ ਪੂਰਾ ਕਰ ਜਾਉ।
ਜਾ ਕੇ ਝੱਟ-ਪੱਟ ਦਾਦੀ ਦੇ ਕਲੇਜੇ ਲੱਗ ਜਾਉ।
ਸਾਹਿਬਜ਼ਾਦੇ- ਮੌਤ ਦਾ ਸੁਨੇਹਾ ਜਦੋਂ,
ਸਾਨੂੰ ਕੋਈ ਆਂਦਾ ਏ।
ਸਾਡੇ ਪਰਵਾਰ ਨੂੰ ਤਾਂ,
ਚਾਅ ਚੜ੍ਹ ਜਾਂਦਾ ਏ।
ਸਾਨੂੰ 'ਸਫ਼ਰੀ' ਜੀ ਛੇਤੀ ਪਾਸ ਦਾਦੇ ਦੇ ਪੁਚਾਉ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ।

# ਉੱਠ ਸੁੱਤਿਆ ਸ਼ੇਰਾ ਜਾਗ !

ਓੱਠ ਸੁੱਤਿਆ ਸ਼ੇਰਾ ਜਾਗ ਜਾਗ,
ਤੇਰੀ ਬਰਸੀ ਦਾ ਦਿਨ ਆਇਆ ਏ।
ਨੈਣਾਂ ਚੋਂ ਰਾਣੀ ਜਿੰਦਾਂ ਨੇ,
ਅੱਜ ਨਿਰਾ ਲਹੂ ਵਰਸਾਇਆ ਏ।
ਖੈਬਰ ਤੀਕ ਧੁੰਮਾਂ ਪਈਆਂ ਨੇ,
ਤੇਰੀ ਰੋਹ-ਭਰੀ ਤਲਵਾਰ ਦੀਆਂ।
ਹਾਲੀਂ ਵੀ ਕੰਧਾਂ ਕੰਬਦੀਆਂ,
ਉਸ ਕਾਬਲ ਤੇ ਕੰਧਾਰ ਦੀਆਂ।
ਜਿਹਨੂੰ ਅਟਕਲ ਨਹੀਂ ਸੀ ਅਟਕਣ ਦੀ,
ਤੂੰ ਅਟਕ ਤਾਈਂ ਅਟਕਾਇਆ ਏ।
ਸੀ ਪੰਜਾ ਸਾਹਿਬ ਸੀ ਪੰਜੇ ਵਿਚ,
ਨਨਕਾਣਾ ਸਾਥੋਂ ਖੁੱਸ ਗਿਆ।
ਤੇਰੀ ਮੜ੍ਹੀ ਵੀ ਸਾਡੇ ਕੋਲ ਨਹੀਂ,
ਤੇ ਡੇਹਰਾ ਸਾਹਿਬ ਵੀ ਰੁੱਸ ਗਿਆ।
ਖੈਬਰ ਦੀਆਂ ਖਬਰਾਂ ਕੀ ਲਈਏ,
ਲਾਹੌਰ ਵੀ ਅੱਜ ਪਰਾਇਆ ਏ।
ਉਹ ਫੂਲਾ ਸਿੰਘ ਤੇ ਹਰੀ ਸਿੰਘ,
ਕੁਲ ਰੂਹਾਂ ਨਿੱਖੜ ਗਈਆਂ ਨੇ।
ਤੁਰ ਗਿਆ ਹੈ ਜਦ ਦਾ ਸ਼ਾਮ ਸਿੰਘ,
ਵਤਨਾਂ ਤੇ ਸ਼ਾਮਾਂ ਪਈਆਂ ਨੇ।
ਤੇਰੇ ਚਮਨ ਦੇ ਖਿੜਿਆਂ ਫੁੱਲਾਂ ਤੇ,
ਕਿਨ ਅੱਗ ਦਾ ਮੀਂਹ ਵਰਸਾਇਆ ਏ।

ਐ ਮਹਾਰਾਜ ਰਣਜੀਤ ਸਿੰਘਾ,
ਪੰਜਾਬ ਤੇਰਾ ਪੰਜਾਬ ਨਹੀਂ।
ਗੁਲਸ਼ਨ ਵਿਚ ਫੁੱਲ ਅਨੇਕਾਂ ਨੇ,
ਪਰ ਫੁੱਲਾਂ ਉਤੇ ਆਬ ਨਹੀਂ।
ਅੱਜ 'ਸਫ਼ਰੀ' ਸਾਡੀਆਂ ਲਾਸ਼ਾਂ ਤੇ,
ਗਿਰਝਾਂ ਨੇ ਝੁਰਮਟ ਪਾਇਆ ਏ।

# ਰੰਗ ਸੂਹਾ ਸੂਹਾ ਹੋਇਆ ਏ

ਚਮਕੌਰ ਗੜ੍ਹੀ ਦਾ ਸਦਕਾ ਜਾਂ,
ਸਰਹੰਦ ਦੀਆਂ ਦੀਵਾਰਾਂ ਦਾ।
ਰੰਗ ਸੂਹਾ ਸੂਹਾ ਹੋਇਆ ਏ,
ਮੇਰੇ ਵਤਨ ਦੀਆਂ ਗੁਲਜ਼ਾਰਾਂ ਦਾ।

ਨਾਵੇਂ ਗੁਰ ਤੇਗ਼ ਬਹਾਦਰ ਨੇ,
ਦਿੱਲੀ ਵਿਚ ਸੀਸ ਕਟਾਇਆ ਸੀ।
ਤੇ ਮਤੀਦਾਸ ਵੀ ਤਨ ਆਪਣਾ,
ਆਰੇ ਦੇ ਨਾਲ ਚਿਰਾਇਆ ਸੀ।
ਅਜੇ ਲਾਲ ਕਿਲ੍ਹੇ ਤੇ ਚਮਕ ਰਿਹਾ,
ਰੰਗ ਲਾਲ ਲਹੂ ਦੀਆਂ ਧਾਰਾਂ ਦਾ।

ਸਿੰਘ ਚਰਖੜੀਆਂ ਤੇ ਚੜ੍ਹ ਚੜ੍ਹ ਕੇ,
ਵੀ ਚੜ੍ਹਦੀ ਕਲਾ ਵਿਚ ਰਹਿੰਦੇ ਨੇ।
ਕਿਤੇ ਬੰਦੋ ਬੰਦ ਕਟੀਦੇ ਕਿਤੇ,
ਰੰਬੀਆਂ ਨਾਲ ਖੋਪਰ ਲਹਿੰਦੇ ਨੇ।
ਵਾਹ ਮੌਤ ਵੀ ਪਾਣੀ ਭਰਦੀ ਏ,
ਇਹਨਾਂ ਸਿਰ ਲੱਥਿਆਂ ਸਰਦਾਰਾਂ ਦਾ।

ਚਮਕੌਰ ਗੜ੍ਹੀ ਨੂੰ ਛੱਡ ਕੇ ਤੇ,
ਔਹ ਦਾਤਾ ! ਤੁਰਿਆ ਜਾਂਦਾ ਏ।
ਲਾਲਾਂ ਦੀਆਂ ਲਾਸ਼ਾਂ ਪਈਆਂ ਨੇ,
ਪਿਆ ਅੰਬਰ ਫੁੱਲ ਵਰਸਾਂਦਾ ਏ।

ਦਾਦੀ ਨੇ ਜਾਂਦੀ ਵਾਰ ਵੀ ਨਾ,
ਮੁਖ ਚੁੰਮਿਆ ਬਰਖੁਰਦਾਰਾਂ ਦਾ।
ਬਲੀਦਾਨੀ ਕੋਈ ਦਸਮੇਸ਼ ਜਿਹਾ,
ਨਾ ਆਵੇਗਾ ਨਾ ਆਇਆ ਹੈ।
ਪਰਵਾਰ ਲੁਟਾ ਕੇ ਵੀ ਆਪਣਾ,
ਜਿਹਨੇ ਰੱਬ ਦਾ ਸ਼ੁਕਰ ਮਨਾਇਆ ਹੈ।
ਉਹਨੇ ਸਸਤਾ ਲਹੂ ਲੁਟਾਇਆ ਏ,
ਨਹੀਂ ਪੁਛਿਆ ਭਾਅ ਬਾਜ਼ਾਰਾਂ ਦਾ।

ਗੁਣ ਭਾਰਤ ਮਾਤਾ ਗਾਉਂਦੀ ਰਹੂ,
'ਸਫ਼ਰੀ' ਉਸ ਸੰਤ ਸਿਪਾਹੀ ਦੇ।
ਜੰਜੂਆਂ ਨੂੰ ਜੀਉਂਦੇ ਕਰ ਚਲਿਆ,
ਮੂੰਹ ਆ ਗਿਆ ਆਪ ਤਬਾਹੀ ਦੇ।
ਮੁੜਿਆ ਨਾ ਆਪ ਇਰਾਦੇ ਤੋਂ,
ਮੂੰਹ ਮੋੜ ਗਿਆ ਤਲਵਾਰਾਂ ਦਾ।

# ਮਰਦਾਨੇ ਦੀ ਪੁਕਾਰ

ਮੈਨੂੰ ਰਾਕਸ਼ਾਂ ਦੇ ਫੰਧੇ ਚੋਂ ਛੁਡਾ ਦਿਓ ਬਾਬਾ ਜੀ!
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ।
ਆ ਕੇ ਕੌਡੇ ਦਾ ਕੜਾਹਾ ਠੰਡਾ ਪਾ ਦਿਉ ਬਾਬਾ ਜੀ!
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

ਮੰਦਾ ਕੀਤਾ ਨਾਤਾ ਮੈਂ ਗੁਰਾ ਦੇ ਨਾਲੋਂ ਤੋੜਿਆ।
ਆਪਣੇ ਮਹਿਬੂਬ ਨਾਲ ਮੁਖੜਾ ਮੈਂ ਮੋੜਿਆ।
ਮਿੱਟੀ ਮੇਰਿਆਂ ਗੁਨਾਹਾਂ ਉਤੇ ਪਾ ਦਿਉ ਬਾਬਾ ਜੀ!
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

ਕੌਡਾ ਮੈਨੂੰ ਤਪਦੇ ਕੜਾਹੇ ਵਿਚ ਤਲੇਗਾ।
ਜਾਨ ਮੇਰੀ ਜਾਊ ਮੇਰਾ ਵੱਸ ਵੀ ਨਾ ਚਲੇਗਾ।
ਘੜੀ ਔਖੀ ਬੜੀ ਆਈ ਏ ਕਟਾ ਦਿਉ ਬਾਬਾ ਜੀ !
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

ਕੌਡਾ ਦੇਖੋ ਮੇਰੀ ਵਲੇ ਡੇਲੇ ਪਿਆ ਟੱਡਦਾ।
ਜਾਪਦਾ ਏ ਅੱਜ ਮੈਨੂੰ ਜੀਉਂਦਾ ਨਹੀਂਓ ਛੱਡਦਾ।
ਮੈਨੂੰ 'ਮੀਰਜ਼ਾਦੀ' ਪਾਸ ਪੁਜਾ ਦਿਉ ਬਾਬਾ ਜੀ !
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

ਤੰਬੂ ਮੇਰੀ ਜ਼ਿੰਦਗੀ ਦਾ ਜਾਣਾ ਹੁਣੇ ਪੁੱਟਿਆ।
ਕਿੱਥੇ ਤਕਦੀਰ ਨੇ ਲਿਆ ਕੇ ਮੈਨੂੰ ਸੁੱਟਿਆ।
ਏਥੋਂ ਇਕ ਵਾਰੀ ਬੱਚੇ ਨੂੰ ਬਚਾ ਦਿਉ ਬਾਬਾ ਜੀ!
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

'ਸਫ਼ਰੀ' ਆਵਾਜ਼ ਆਈ ਸਤਿ ਕਰਤਾਰ ਦੀ।
ਰੂਹ ਮਰਦਾਨੇ ਦੀ ਸੀ ਇਸ ਤਰ੍ਹਾਂ ਪੁਕਾਰਦੀ।
ਕੌਡੇ ਨੂੰ ਦੇਵਤਾ ਬਣਾ ਦਿਉ ਬਾਬਾ ਜੀ!
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ !!

## ਰਬਾਬ ਦੀਆਂ ਤਾਰਾਂ

ਤੇਰੀ ਰੱਬੀ ਰਬਾਬ ਦੀਆਂ ਤਾਰਾਂ,
ਜਗਤ ਵਿਚ ਗੂੰਜਦੀਆਂ।
ਕਿਉਂ ਨਾ ਜਿੰਦੜੀ ਗੁਰਾਂ ਦੇ ਉਤੋਂ ਵਾਰਾਂ,
ਜਗਤ ਵਿਚ ਗੂੰਜਦੀਆਂ।

ਤ੍ਰਿਪਤਾ ਦੇ ਵਿਹੜੇ ਇੱਕ ਚੰਨ ਚੜ੍ਹ ਆਇਆ ਏ।
ਲੱਖਾਂ ਚਾਨਣਾਂ ਤੋਂ ਉਹਦਾ ਚਾਨਣਾ ਸਵਾਇਆ ਏ।
ਕਲੀ ਕਲੀ ਮਹਿਕ ਉੱਠੀ ਫੁੱਲਾਂ ਤੇ ਨਿਖਾਰ ਆਇਆ,
ਬਾਗਾਂ ਵਿਚ ਮਹਿਕਦੀਆਂ ਬਹਾਰਾਂ।
ਜਗਤ ਵਿਚ ਗੂੰਜਦੀਆਂ.............

ਪਾਂਧੇ ਨੂੰ ਪੜ੍ਹਾਇਆ ਰਾਹ ਮੁੱਲਾਂ ਨੂੰ ਵੀ ਦੱਸਿਆ।
ਨਾਨਕ ਪਿਆਰਾ ਸਾਡੇ ਮਨਾਂ ਵਿਚ ਵੱਸਿਆ।
ਨਾਗਾਂ ਨੇ ਵੀ ਛਾਂ ਕੀਤੀ ਉਹਦੇ ਨੂਰੀ ਮੁਖੜੇ ਤੇ,
ਹੋਰ ਕੀਤੇ ਕੌਤਕ ਹਜ਼ਾਰਾਂ।
ਜਗਤ ਵਿਚ ਗੂੰਜਦੀਆਂ.............

ਵਿਛੜੇ ਮਿਲਾਏ ਵੀਰ ਨਾਨਕੀ ਦੇ ਵੀਰ ਦੇ।
ਸਿੱਧਾਂ ਨੂੰ ਵੀ ਸਿੱਧੇ ਕੀਤਾ ਸਿੱਧੇ ਜਿਹੇ ਸਰੀਰ ਨੇ।
ਨਾਮ ਦਾ ਜਹਾਜ਼ ਆ ਕੇ ਕਲੂ 'ਚ ਚਲਾਇਆ ਜਿਹਨੇ,
ਉਹਦੇ ਬਿਨਾਂ ਝੱਟ ਨਾ ਗੁਜ਼ਾਰਾਂ।
ਜਗਤ ਵਿਚ ਗੂੰਜਦੀਆਂ.............

ਕੌਙੇ ਦਾ ਕੜਾਹਾ ਇੱਕ ਦਮ ਠੰਡਾ ਪੈ ਗਿਆ।
ਦੇ ਗਿਆ ਮਿਠਾਸ ਕੌੜੇ ਰੀਠਿਆਂ ਦੀ ਲੈ ਗਿਆ।
'ਸਫ਼ਰੀ' ਸਵੇਰ ਸਾਰ ਬਾਣੀ ਉਹਦੀ ਮਿੱਠੀ ਮਿੱਠੀ,
ਕਿਉਂ ਨਾ ਮੈਂ ਮੁੱਖ ਚੋਂ ਉਚਾਰਾਂ।
ਜਗਤ ਵਿਚ ਗੂੰਜਦੀਆਂ.............

# ਮਲਕ ਭਾਗੋ ਤੇ ਲਾਲੋ

ਪਾਪੀ ਮਲਕ ਭਾਗੋ ਨਾਲ ਚਲਦੀ ਪਈ,
ਲੋਕੋ ਅੱਜ ਵੀ ਲੜਾਈ ਲਾਲੋ ਦੀ।
ਤੇਰੇ ਹਲਵੇ 'ਚੋਂ ਮਲਕਾ ਲਹੂ ਹੀ ਲਹੂ,
ਸੁੱਚੀ ਨੇਕ ਕਮਾਈ ਲਾਲੋ ਦੀ।
ਦੱਸ ਮਲਕਾ ਭਲਾ ਕਿਹਦਾ ਕੀਤਾ ਏ।
ਮੁਢੋਂ ਖ਼ੂਨ ਗ਼ਰੀਬਾਂ ਦਾ ਪੀਤਾ ਏ।
ਤੇਰਾ ਪੱਥਰ ਵਰਗਾ ਦਿਲ ਸਖ਼ਤ ਹੈ,
ਸ਼ੀਸ਼ੇ ਵਰਗੀ ਸਫ਼ਾਈ ਲਾਲੋ ਦੀ!
ਭਾਗੋ ਲਾਲਚ ਦੇ ਅੰਦਰ ਫਸਿਆ ਪਿਐਂ।
ਮੋਹ ਮਾਇਆ ਦੇ ਖੋਭੇ 'ਚ ਧਸਿਆ ਪਿਐਂ।
ਤੂੰ ਆਪਣੀ ਵੀ ਹੈਂਕੜ ਦੇਖ ਜ਼ਰਾ,
ਦੇਖ ਨਿੰਮਰਤਾਈ ਲਾਲੋ ਦੀ।
ਤੇਰੇ ਮਹਿਲਾਂ ਨੂੰ ਪਾਪੀਆ ਜਾਣਾ ਨਹੀਂ।
ਤੇਰਾ ਅੰਨ ਵੀ ਬੇਦਰਦਾ ਖਾਣਾ ਨਹੀਂ।
ਕੀਤੀ ਭਾਗੋ ਨੂੰ ਨਫਰਤ ਨਾਨਕ ਨੇ,
ਕਿਸਮਤ ਜਗਾਈ ਲਾਲੋ ਦੀ।
ਇਹ 'ਸਫ਼ਰੀ' ਜੀ ਦਿਲ ਨੂੰ ਲਗਦਾ ਪਿਆ।
ਖ਼ੂਨ ਭਾਗੋ ਦੇ ਹਲਵੇ ਚੋਂ ਵਗਦਾ ਪਿਆ।
ਪੱਕਾ ਲਾਲੋ ਦੇ ਘਰ ਵਿਚ ਜੋ ਕੋਧਰਾ,
ਇਹ ਹੈ ਦੁੱਧ ਮਲਾਈ ਲਾਲੋ ਦੀ।

# ਹਜ਼ੂਰ ਸਾਹਿਬ

ਖਾਲਸੇ ਦੀ ਉੱਚੀ ਸੁੱਚੀ ਸ਼ਾਨ ਹੈ ਹਜ਼ੂਰ ਸਾਹਿਬ!
ਹਿੰਦ ਵਾਸੀਆਂ ਦੀ ਜਿੰਦ ਜਾਨ ਹੈ ਹਜ਼ੂਰ ਸਾਹਿਬ!
ਚੱਲ ਕੇ ਹਜ਼ੂਰ ਸਾਹਿਬ ਸਿੰਘ ਜਿਹੜਾ ਆਏਗਾ।
ਮੁਕਤੀ ਦੀ ਦਾਤ ਦਸਮੇਸ਼ ਜੀ ਤੋਂ ਪਾਏਗਾ।
ਮਹਿਮਾਂ ਬੜੀ ਸੁਣੀਦੀ ਮਹਾਨ ਹੈ ਹਜ਼ੂਰ ਸਾਹਿਬ !
ਖਾਲਸੇ ਦੀ ਉੱਚੀ ਸੁੱਚੀ..................

ਪਿਤਾ ਦਸਮੇਸ਼ ਦੀ ਸਮਾਧੀ ਏਥੇ ਲਾਈ ਏ।
ਜੱਗ ਤੇ ਹਨ੍ਹੇਰਾ ਏਥੇ ਸਦਾ ਰੌਸ਼ਨਾਈ ਏ।
ਦਿੰਦਾ ਅੰਨ੍ਹਿਆਂ ਨੂੰ ਵੀ ਗਿਆਨ ਹੈ ਹਜ਼ੂਰ ਸਾਹਿਬ !
ਖਾਲਸੇ ਦੀ ਉੱਚੀ ਸੁੱਚੀ..................

ਮੰਦਰ ਸੁਨਹਿਰੀ ਝਿਲਮਿਲ ਹੈ ਹਜ਼ੂਰ ਸਾਹਿਬ!
ਮਾਤਾ ਗੁਜਰੀ ਦਾ ਮਾਨੋਂ ਦਿਲ ਹੈ ਹਜ਼ੂਰ ਸਾਹਿਬ!
ਦਸਵੇਂ ਪਾਤਸ਼ਾਹ ਦੀ ਜਿੰਦ ਜਾਨ ਹੈ ਹਜ਼ੂਰ ਸਾਹਿਬ!
ਖਾਲਸੇ ਦੀ ਉੱਚੀ ਸੁੱਚੀ..................

ਤੀਰਥ ਹਜ਼ੂਰ ਸਾਹਿਬ ਤੀਰਥ ਮਹਾਨ ਹੈ।
ਅੰਬਰਾਂ ਤੋਂ ਉੱਚਾ ਸਾਡਾ ਸਿੱਖੀ ਦਾ ਨਿਸ਼ਾਨ ਹੈ।
ਸੁੱਚੇ ਸੁੱਚੇ ਮੋਤੀਆਂ ਦੀ ਕਾਨ ਹੈ ਹਜ਼ੂਰ ਸਾਹਿਬ!
ਖਾਲਸੇ ਦੀ ਉੱਚੀ ਸੁੱਚੀ..................

'ਸਫ਼ਰੀ' ਹਜ਼ੂਰ ਸਾਹਿਬ ਤਾਹੀਓਂ ਨੂਰੋ ਨੂਰ ਹੈ।
ਹਾਜ਼ਰ ਹਜ਼ੂਰ ਸਾਹਿਬ ਆਪ ਉਹ ਹਜ਼ੂਰ ਹੈ।
ਦੀਨਾਂ ਦੁਖੀਆਂ ਤੇ ਦਇਆਵਾਨ ਹੈ ਹਜ਼ੂਰ ਸਾਹਿਬ!
ਖਾਲਸੇ ਦੀ ਉੱਚੀ ਸੁੱਚੀ..................

# ਬੰਦਾ ਬਹਾਦਰ

ਮੈਂ ਚੰਗਾਂ ਮੈਂ ਮੰਦਾ।
ਮੈਂ ਦਸ਼ਮ ਪਿਤਾ ਦਾ ਬੰਦਾ।
ਮੈਨੂੰ ਬੰਦਾ ਗੁਰਾਂ ਬਣਾਇਆ।
ਮੈਂ ਗਿਣ ਗਿਣ ਬਦਲੇ ਲੈਣੇ,
ਖ਼ੂਨ ਮੇਰੀਆਂ ਅੱਖਾਂ ਵਿਚ ਆਇਆ।
ਜਦ ਨੰਨ੍ਹੇ ਨੰਨ੍ਹੇ ਲਾਲ ਗਏ,
ਵਿਚ ਨੀਂਹਾਂ ਦੇ ਚਿਣਵਾਏ।
ਧਰਮ ਧੌਲ ਵੀ ਧਰਤੀ ਹੇਠੋਂ,
ਖਿਸਕ ਗਿਆ ਸੀ ਹਾਏ।
ਮਾਂ ਗੁਜਰੀ ਦੇ ਸੋਹਲ ਕਲੇਜੇ,
ਕਿਸ ਪਾਪੀ ਹੱਥ ਪਾਇਆ।
ਖ਼ੂਨ ਮੇਰੀਆਂ ਅੱਖਾਂ ਵਿਚ ਆਇਆ।
ਮੈਂ ਚੰਗਾ ਮੈਂ ਮੰਦਾ..............

ਟਿੱਡੀ ਦਲ ਚਮਕੌਰ ਗੜ੍ਹੀ ਤੇ,
ਦੁਸ਼ਮਣ ਚੱਲ ਕੇ ਆਏ।
ਦੁਸ਼ਮਣ ਲੱਖ ਅਜੀਤ ਸਿੰਘ ਨੇ,
ਤੇਗ਼ ਨਾਲ ਝਟਕਾਏ।
ਲੜਦੇ ਲੜਦੇ ਬੀਰ ਜੁਝਾਰ ਵੀ,
ਆਪਾ ਘੋਲ ਘੁਮਾਇਆ।
ਖ਼ੂਨ ਮੇਰੀਆਂ ਅੱਖਾਂ ਵਿਚ ਆਇਆ।
ਮੈਂ ਚੰਗਾ ਮੈਂ ਮੰਦਾ..............

ਮਿਹਰ ਕਰੋ ਦਸਮੇਸ਼ ਪਿਤਾ ਜੀ,
ਮੈਨੂੰ ਸਿੰਘ ਸਜਾਉ।
ਹੱਥ ਵਿਖਾਵਾਂ ਦੁਸ਼ਮਣ ਨੂੰ,
ਮੇਰੇ ਖੰਡਾ ਹੱਥ ਪਕੜਾਉ।
ਮੇਰੇ ਸਿਰ ਤੇ ਰਹੇ ਗੁਰੂ ਜੀ,
ਤੁਹਾਡੇ ਹੱਥ ਦਾ ਸਾਇਆ।
ਖ਼ੂਨ ਮੇਰੀਆਂ ਅੱਖਾਂ ਵਿਚ ਆਇਆ।
ਮੈਂ ਚੰਗਾ ਮੈਂ ਮੰਦਾ..............

ਸ਼ਹਿਰ ਸਮਾਣਾ, ਸ਼ਹਿਰ ਸਢੌਰਾ,
ਖੇੜੀ ਮਾਰ ਮੁਕਾਈ।
'ਸਫ਼ਰੀ' ਉਨ ਸਰਹੰਦ ਸ਼ਹਿਰ ਦੀ,
ਇੱਟ 'ਨਾ ਇੱਟ ਖੜਕਾਈ।
ਖਾਨ ਵਜ਼ੀਦੇ ਵਰਗੇ ਪਾਪੀ ਦਾ,
ਕੀਤਾ ਐਨ ਸਫਾਇਆ।
ਖ਼ੂਨ ਮੇਰੀਆਂ ਅੱਖਾਂ ਵਿਚ ਆਇਆ।
ਮੈਂ ਚੰਗਾ ਮੈਂ ਮੰਦਾ..............

# ਇੱਕ ਨੂਰ ਖਿੰਡਾਇਆ ਨਾਨਕ ਨੇ

ਇੱਕ ਨੂਰ ਵਰਸਿਆ ਨਨਕਾਣੇ,
ਇੱਕ ਨੂਰ ਖਿੰਡਾਇਆ ਨਾਨਕ ਨੇ।
ਧਰਤੀ ਰੁਸ਼ਨਾਈ ਨਾਨਕ ਨੇ,
ਅੰਬਰ ਰੁਸ਼ਨਾਇਆ ਨਾਨਕ ਨੇ।
ਸਾਡੇ ਡੁਬਦੇ ਬੇੜੇ ਤਾਰ ਦਿੱਤੇ,
ਤ੍ਰਿਪਤਾ ਦੀ ਅੱਖ ਦੇ ਤਾਰੇ ਨੇ।
ਭਿੱਖ ਮੰਗਦੇ ਰਾਜ ਬਿਠਾ ਦਿੱਤੇ,
ਕਾਲੂ ਦੇ ਰਾਜ ਦੁਲਾਰੇ ਨੇ।
ਪਾਂਧੇ ਨੂੰ ਹਰਗਿਜ਼ ਭੁੱਲਿਆ ਨਹੀਂ,
ਜਿਹੜਾ ਸਬਕ ਪੜ੍ਹਾਇਆ ਨਾਨਕ ਨੇ।
ਪਰਛਾਵੇਂ ਢੱਲ ਗਏ ਮੁਖੜੇ ਤੇ,
ਨਾ ਰਿਹਾ ਬਿਰਛ ਦਾ ਸਾਇਆ ਸੀ।
ਇੱਕ ਫਨੀਅਰ ਫੱਨ ਫੈਲਾ ਕੇ ਤੇ,
ਝੱਟ ਛਾਂ ਕਰਨ ਲਈ ਆਇਆ ਸੀ।
ਬੰਦਾ ਕੀ, ਜ਼ਹਿਰੀ ਨਾਗਾਂ ਦਾ ਵੀ,
ਜ਼ਹਿਰ ਗੁਆਇਆ ਨਾਨਕ ਨੇ।
ਉਸ ਕੌਡੇ ਵਰਗੇ ਰਾਕਸ਼ ਨੂੰ,
ਸੁਥਰਾ ਇਨਸਾਨ ਬਣਾ ਦਿੱਤਾ।
ਸਜਣਾ ਕੀ ਫੈਦਾ ਠੱਗੀਆਂ ਦਾ,
ਉਨ ਹਾਣ ਲਾਭ ਸਮਝਾ ਦਿੱਤਾ।
ਪੰਜੇ ਤੇ ਵਲੀ ਕੰਧਾਰੀ ਦਾ,
ਪਰਬਤ ਅਟਕਾਇਆ ਨਾਨਕ ਨੇ।

ਜੋ ਰੱਬ ਮੱਕੇ ਵਿਚ ਵੱਸਦਾ ਹੈ,
ਬੱਸ ਉਹੀਓ ਹੈ ਵਿੱਚ ਮੰਦਰ ਦੇ।
ਤਿਰੇ ਬਾਹਰ ਤਾਂ 'ਸਫ਼ਰੀ' ਕੁਝ ਵੀ ਨਹੀਂ,
ਸਭ ਝਗੜੇ ਨੇ ਇਹ ਅੰਦਰ ਦੇ।
ਸਿੱਧਾਂ ਨੂੰ ਸੇਧ ਵਿਖਾਈ ਏ,
ਸਿੱਧੇ ਰਾਹ ਪਾਇਆ ਨਾਨਕ ਨੇ।

# ਖਾਲਸਾ ਲੱਖ ਵਧਾਈ

ਕਲਗੀਧਰ ਦਸਮੇਸ਼ ਪਿਤਾ ਦਾ,
ਅੱਜ ਹੋਇਆ ਅਵਤਾਰ।
ਦੇਵਤਿਆਂ ਨੇ ਫੁੱਲ ਵਰਸਾਏ,
ਜੱਗ ਵਿਚ ਜੈ ਜੈ ਕਾਰ।

ਖਾਲਸਾ ਲੱਖ ਵਧਾਈ!
ਖਾਲਸਾ ਲੱਖ ਵਧਾਈ!

ਨਾਵੇਂ ਸਤਿਗੁਰ ਤੇਗ਼ ਬਹਾਦਰ,
ਫੁਲੇ ਨਹੀਂ ਸਮਾਉਂਦੇ।
ਆਪਣੇ ਨੂਰੀ ਲਾਲ ਦੇ ਉਤੋਂ,
ਹੀਰੇ ਲਾਲ ਲੁਟਾਉਂਦੇ।
ਮਾਤਾ ਗੁਜਰੀ ਦੇ ਚਰਨਾਂ ਤੋਂ,
ਸਦਕੇ ਕੁਲ ਸੰਸਾਰ।

ਖਾਲਸਾ ਲੱਖ ਵਧਾਈ!
ਖਾਲਸਾ ਲੱਖ ਵਧਾਈ!

ਤਿਲਕ ਜਨੇਊ ਜਿਊਂਦੇ ਹੋ ਗਏ,
ਜਾਗ ਪਏ ਘੜਿਆਲ।
ਬੋਲੇ ਸੋ ਨਿਹਾਲ ਖਾਲਸਾ!
ਸਤਿ ਸ੍ਰੀ ਅਕਾਲ!
ਜਿਨ ਜ਼ਾਲਮ ਦੀ ਅਲਖ ਮੁਕਾਈ,
ਚਮਕ ਪਈ ਤਲਵਾਰ।

ਖਾਲਸਾ ਲੱਖ ਵਧਾਈ!
ਖਾਲਸਾ ਲੱਖ ਵਧਾਈ!

ਕਲਗੀਧਰ ਦੀ ਇੱਕ ਨਜ਼ਰ ਨੇ,
ਜਾਦੂ ਨਵਾਂ ਦਿਖਾਇਆ।
ਅੱਜ ਪੰਡਤ ਨੇ ਸ਼ੂਦਰ ਦੇ ਵੀ,
ਮੱਥੇ ਤਿਲਕ ਸਜਾਇਆ।
ਪੱਤਝੜਾਂ ਕੁਲ ਉਡ ਪੁਡ ਗਈਆਂ,
ਮਹਿਕੀ ਰੁੱਤ ਬਹਾਰ।
ਖਾਲਸਾ ਲੱਖ ਵਧਾਈ!
ਖਾਲਸਾ ਲੱਖ ਵਧਾਈ!

ਧਰਤੀ ਮਾਂ ਦਾ ਦਰਦ ਵੰਡਣ ਲਈ,
ਗੁਰੂ ਗੋਬਿੰਦ ਸਿੰਘ ਆਏ।
ਨੀਲਾ ਘੋੜਾ, ਕਲਗੀ ਤੋੜਾ,
ਹੱਥ ਵਿਚ ਬਾਜ ਸੁਹਾਏ।
ਭਾਰਤ ਮਾਂ ਦੇ ਸਿਰ ਦਾ 'ਸਫ਼ਰੀ'
ਹੌਲਾ ਹੋਇਆ ਭਾਰ।
ਖਾਲਸਾ ਲੱਖ ਵਧਾਈ!
ਖਾਲਸਾ ਲੱਖ ਵਧਾਈ!

# ਲਾਲੋ ਤੇਰੇ ਆਂਗਣੇ 'ਚ ਪੈਰ ਕਿਹਨੇ ਪਾਏ ਨੇ

ਲਾਲੋ ਤੇਰੇ ਆਂਗਣੇ 'ਚ ਪੈਰ ਕਿਹਨੇ ਪਾਏ ਨੇ।
ਭੋਇੰ ਤੇ ਹਜ਼ਾਰ ਚੰਨ ਹੋਰ ਚੜ੍ਹ ਆਏ ਨੇ।

ਨੂਰ ਕੋਈ ਨਿਆਰਾ ਤੇਰੇ ਵਿਹੜੇ ਵਿਚ ਵੱਸਿਆ।
ਮੱਥੇ ਦਾ ਨਸੀਬ ਤੇਰਾ ਫੁੱਲਾਂ ਵਾਂਗੂੰ ਹੱਸਿਆ।
ਕਿਸ ਭਗਵਾਨ ਤੇਰੇ ਭਾਗ ਚਮਕਾਏ ਨੇ।
ਲਾਲੋ ਤੇਰੇ ਆਂਗਣੇ 'ਚ...................

ਤੇਰੇ ਘਰ ਛਾਇਆ ਅੱਜ ਨਾਨਕ ਦਾ ਨੂਰ ਹੈ।
ਅੱਜ ਤੇਰੇ ਨੈਣਾਂ 'ਚ ਸਰੂਰ ਹੀ ਸਰੂਰ ਹੈ।
ਅੱਜ ਦੱਸ ਆਤਮਾ ਨੂੰ ਰੰਗ ਕੀ ਚੜ੍ਹਾਏ ਨੇ।
ਲਾਲੋ ਤੇਰੇ ਆਂਗਣੇ 'ਚ...................

ਭਾਗੋ ਦੀਆਂ ਪੂੜੀਆਂ ਨੇ ਲਹੂ ਵਰਸਾਇਆ ਏ।
ਦੁੱਧ ਦਾ ਸੁਆਦ ਤੇਰੇ ਕੋਧਰੇ 'ਚੋਂ ਆਇਆ ਏ।
ਹੱਕ ਤੇ ਨਿਹੱਕ ਵਾਲੇ ਫੈਸਲੇ ਸੁਣਾਏ ਨੇ।
ਲਾਲੋ ਤੇਰੇ ਆਂਗਣੇ 'ਚ...................

ਜਿਨ੍ਹਾਂ ਦਿਆਂ ਸੀਨਿਆਂ 'ਚ 'ਸਫ਼ਰੀ' ਸਫਾਈ ਏ।
ਸਿਮਰਨ ਸੇਵਾ ਦੀ ਲਟਕ ਜਿਹਨਾਂ ਲਾਈ ਏ।
ਗੁਰੂ ਦੇ ਪਿਆਰੇ ਗੁਰੂ ਘਰੋਂ ਵਰੋਸਾਏ ਨੇ।
ਲਾਲੋ ਤੇਰੇ ਆਂਗਣੇ 'ਚ...................

# ਪਾਹੁਲ ਖੰਡੇਧਾਰ ਦੀ

ਪੀ ਲੈ ਪੀ ਲੈ ਓਏ ਸਿੰਘਾ ਪਾਹੁਲ ਖੰਡੇਧਾਰ ਦੀ।
ਇੱਕ ਇੱਕ ਬੂੰਦ ਤੇਰਾ ਜੀਵਨ ਸੁਆਰਦੀ।

ਕੇਸਗੜ੍ਹ ਵਿਚ ਦਸਮ ਪਾਤਸ਼ਾਹ ਨੂਰੀ ਤੇਗ਼ ਉਭਾਰੀ।
ਪੰਜਾਂ ਸਿੱਖਾਂ ਸਿਰ ਕਟਵਾਏ ਖੜ ਕੇ ਵਾਰੋ ਵਾਰੀ।
ਪੰਜਾਂ ਦਾ ਪੰਥ ਸਾਜਿਆ ਹਿੰਮਤ ਠਾਠਾਂ ਮਾਰਦੀ।
ਪੀ ਲੈ ਪੀ ਲੈ ਓਏ ਸਿੰਘਾ....................

ਪੰਜੇ ਕੱਕੇ ਗੁਰੂ ਸਾਹਿਬ ਨੇ ਬਖਸ਼ੀ ਦਾਤ ਨਿਆਰੀ।
ਕੇਸ ਕੜਾ ਤੇ ਕੰਘਾ ਕੱਛਾ ਤੇ ਕਿਰਪਾਨ ਪਿਆਰੀ।
ਸਿਰ ਦੇ ਕੇ ਸਰਦਾਰੀ ਮਿਲਦੀ ਨਹੀਂ ਰੀਸ ਵਿਉਪਾਰ ਦੀ।
ਪੀ ਲੈ ਪੀ ਲੈ ਓਏ ਸਿੰਘਾ....................

ਅਟਕ ਜਿਹੇ ਦਰਿਆ ਨੂੰ ਏਥੇ ਅੰਮ੍ਰਿਤ ਨੇ ਅਟਕਾਇਆ।
ਬੀਰ ਬਚਿੱਤਰ ਸਿੰਘ ਨੇ ਖ਼ੂਨੀ ਹਾਥੀ ਮਾਰ ਭਜਾਇਆ।
ਰੁੜ੍ਹਦਾ ਜਾਂਦਾ ਧਰਮ ਬਚਾਇਆ ਹਿੰਮਤ ਹੈ ਤਲਵਾਰ ਦੀ।
ਪੀ ਲੈ ਪੀ ਲੈ ਓਏ ਸਿੰਘਾ....................

ਏਧਰ ਚਾਲੀ ਸਿੰਘ ਤੇ ਉਧਰ ਦੁਸ਼ਮਣ ਕਈ ਹਜ਼ਾਰਾਂ।
ਚਮਕ ਪਈਆਂ ਚਮਕੌਰ ਦੇ ਵਿਚ ਤਲਵਾਰਾਂ ਹੀ ਤਲਵਾਰਾਂ।
ਧੁੰਮ ਪਈ ਰਣਭੂਮੀ ਵਿਚ ਅਜੀਤ ਤੇ ਜੁਝਾਰ ਦੀ।
ਪੀ ਲੈ ਪੀ ਲੈ ਓਏ ਸਿੰਘਾ....................

ਸਤਿਗੁਰੂ ਸਾਨੂੰ ਰੂਪ ਬਖਸ਼ਿਆ ਮਹਿਮਾਂ ਕਰੀ ਨਾ ਜਾਏ।
ਲੱਖਾਂ ਵਿਚੋਂ 'ਸਫ਼ਰੀ' ਗੁਰੂ ਕਾ ਸਿੰਘ ਪਛਾਣਿਆ ਜਾਏ।
ਫੌਜ ਖਾਲਸਾ ਕਿਸੇ ਹਕੂਮਤ ਤੋਂ ਨਾ ਹਰਗਿਜ਼ ਹਾਰਦੀ।
ਪੀ ਲੈ ਪੀ ਲੈ ਓਏ ਸਿੰਘਾ....................

# ਮੈਂ ਮਤੀ ਦਾਸ ਹਾਂ

ਧਰ ਦਿਉ ਧਰ ਦਿਉ ਮੇਰੇ ਸੀਸ ਤੇ,
ਧਰ ਦਿਉ ਖੂਨੀ ਆਰਾ ਮੈਂ ਮਤੀ ਦਾਸ ਹਾਂ।
ਇਸ ਆਰੇ ਦੇ ਦੰਦੇ ਭੁਲੇਰੇ,
ਲਗਦਾ ਬੜਾ ਪਿਆਰਾ, ਮੈਂ ਮਤੀ ਦਾਸ ਹਾਂ।

ਨਾਵੇਂ ਸਤਿਗੁਰੂ ਤੇਗ਼ ਬਹਾਦਰ,
ਪਰਉਪਕਾਰ ਕਮਾਇਆ।
ਮਾਨਵਤਾ ਦੀ ਖਾਤਿਰ ਜਾ ਕੇ,
ਦਿੱਲੀ ਸੀਸ ਕਟਾਇਆ।
ਡਿੱਗਦੀ ਢਹਿੰਦੀ ਭਾਰਤ ਮਾਂ ਨੂੰ,
ਦਿੱਤਾ ਆਣ ਸਹਾਰਾ, ਮੈਂ ਮਤੀ ਦਾਸ ਹਾਂ।

ਦੇਗ ਉਬਲਦੀ ਵਿਚ ਉਬਾਲੇ,
ਖਾਧੇ ਭਾਈ ਦਿਆਲੇ।
ਸਤੀ ਦਾਸ ਵੀ ਰੂੰ ਵਿਚ ਸੜ ਕੇ,
ਹੋ ਗਿਆ ਛਾਲੇ ਛਾਲੇ।
ਹੋਰ ਤਸੀਹਾ ਜੇ ਕੋਈ ਦੇਣਾ,
ਉਹ ਵੀ ਦੇ ਲੈ ਯਾਰਾ, ਮੈਂ ਮਤੀ ਦਾਸ ਹਾਂ।

ਸੀਸ ਚਿਰ ਗਿਆ, ਹਿੱਕ ਵੀ ਚਿਰ ਗਈ,
ਦਿਲ ਤੱਕ ਪਹੁੰਚਾ ਆਰਾ।
ਦਿਲ ਚੋਂ ਇੱਕ ਆਵਾਜ਼ਾ ਆਇਆ,
ਸੁਣ ਓ ਕਾਤਲ ਯਾਰਾ!
ਦਿਲ ਨਾ ਚੀਰੀ ਦਿਲ ਵਿਚ ਵੱਸਦਾ,
ਨਾਨਕ ਗੁਰੂ ਪਿਆਰਾ, ਮੈਂ ਮਤੀ ਦਾਸ ਹਾਂ।

ਖੰਨਿਉ ਤਿੱਖੀ ਵਾਲੋਂ ਨਿੱਕੀ,
ਗੁਰਸਿੱਖੀ ਅਖਵਾਏ।
ਇੱਕ ਕਦਮ ਵੀ ਨਾ ਓ 'ਸਫ਼ਰੀ',
ਇਸ ਤੇ ਤੁਰਿਆ ਜਾਏ।
ਜੇ ਕੋਈ ਤੁਰ ਪਏ ਦਿਲ ਵਾਲਾ,
ਤਾਂ ਆਉਂਦਾ ਬੜਾ ਨਜ਼ਾਰਾ, ਮੈਂ ਮਤੀ ਦਾਸ ਹਾਂ।

ਰੀਕਾਰਡ- ਸ: ਸਰੂਪ ਸਿੰਘ-ਊਸ਼ਾ ਰਾਣੀ

# ਕੇਡੇ ਕੀਤੇ ਕੌਤਕ ਨਿਆਰੇ ਦਸਮੇਸ਼ ਨੇ

ਕੇਡੇ ਕੀਤੇ ਕੌਤਕ ਨਿਆਰੇ ਦਸਮੇਸ਼ ਨੇ।
ਲਾਲ ਵੀ ਵਤਨ ਉਤੋਂ ਵਾਰੇ ਦਸਮੇਸ਼ ਨੇ।

ਨੰਨ੍ਹੇ ਨੰਨ੍ਹੇ ਲਾਲ ਆ ਕੇ ਨੀਹਾਂ 'ਚ ਖਲੋ ਗਏ।
ਪੱਥਰ ਪਹਾੜਾਂ ਦੇ ਵੀ ਪਾਣੀ ਪਾਣੀ ਹੋ ਗਏ।
ਲਹੂ ਵਿਚ ਭਿੱਜੀ ਹੋਈ ਬੱਚਿਆਂ ਨੇ ਬਾਤ ਪਾਈ,
ਹੁੱਬ ਹੁੱਬ ਦਿੱਤੇ ਸੀ ਹੁੰਗਾਰੇ ਦਸਮੇਸ਼ ਨੇ।
ਲਾਲ ਵੀ ਵਤਨ ਉਤੋਂ..................

ਪੰਡਤਾਂ ਪੁਕਾਰ ਕੀਤੀ ਡੁਬ ਗਏ ਜੀ ਡੁਬ ਗਏ।
ਜ਼ਾਲਮਾਂ ਦੇ ਤੀਰ ਸਾਡੇ ਸੀਨਿਆਂ 'ਚ ਖੁਭ ਗਏ।
ਪਿਤਾ ਦੇ ਕਲੇਜੜੇ ਦਾ ਚੁਲੀ ਚੁਲੀ ਖ਼ੂਨ ਵਿਚ,
ਡੁਬਦੇ ਜਨੇਊ ਵਿਚ ਤਾਰੇ ਦਸਮੇਸ਼ ਨੇ।
ਲਾਲ ਵੀ ਵਤਨ ਉਤੋਂ..................

ਡਿੱਗੀ ਹੋਈ ਲੋਥ ਦੇਖੀ ਗੁਰਾਂ ਨੇ ਜੁਝਾਰ ਦੀ।
ਅੱਖ ਵੀ ਨਾ ਗਿੱਲੀ ਹੋਈ ਜ਼ਰਾ ਵੀ ਦਾਤਾਰ ਦੀ।
ਲਹੂ ਵਿਚ ਭਿੱਜੇ ਹੋਏ ਲਾਡਲੇ ਦੇ ਜਾਂਦੀ ਵਾਰੀ,
ਕੇਸ ਵੀ ਨਾ ਜ਼ਰਾ ਕੁ ਸੰਵਾਰੇ ਦਸਮੇਸ਼ ਨੇ।
ਲਾਲ ਵੀ ਵਤਨ ਉਤੋਂ..................

ਪਿਤਾ ਦਸਮੇਸ਼ ਇਕੋ ਮਹਾਂਬਲੀ ਦਾਨੀ ਏਂ।
'ਸਫ਼ਰੀ' ਜਹਾਨ ਵਿਚ ਕਿਹੜਾ ਉਹਦਾ ਸਾਨੀ ਏਂ।
ਦੇਸ਼ ਤੇ ਧਰਮ ਉਤੋਂ ਹਾਏ ! ਟੋਟੇ ਕਾਲਜੇ ਦੇ,
ਵਾਰ ਦਿੱਤੇ ਚਾਰੇ ਦੇ ਹੀ ਚਾਰੇ ਦਸਮੇਸ਼ ਨੇ।
ਲਾਲ ਵੀ ਵਤਨ ਉਤੋਂ..................

# ਪਾਪੀ ਸੂਬੇ ਨੂੰ

ਸੂਬਿਆ ਬੇਸ਼ਕ ਸਾਨੂੰ ਨੀਂਹਾਂ 'ਚ ਚਿਣਾਈਂ।
ਖ਼ੌਫ ਨਾ ਤੂੰ ਖਾਈਂ।
ਸਾਡੀਆਂ ਹਿੱਕਾਂ ਤੇ ਮਹਿਲ ਸਿੱਖੀ ਦਾ ਬਣਾਈਂ।
ਗੰਗੂ ਸੀ ਖੜੱਪਾ ਸੱਪ ਕਹਿਰ ਕੀ ਗੁਜ਼ਾਰਿਆ।
ਬਾਰ੍ਹਾਂ ਸਾਲ ਦੁੱਧ ਪੀ ਕੇ ਡੰਗ ਸਾਨੂੰ ਮਾਰਿਆ।
ਆਈਂ ਬੰਦਾ ਸਿੰਘ ਖੀਰ ਗੰਗੂ ਨੂੰ ਖਿਲਾਈਂ।
ਦੇਰ ਨਾ ਤੂੰ ਲਾਈਂ।
ਲਾਲ ਲਾਲ ਫੁੱਲ, ਸਾਡੀ ਲਾਲ ਲਾਲ ਰੱਤ ਹੈ।
ਲਾਲ ਤੇਰੇ ਨੈਣ ਸੂਬੇ ਈਰਖਾ ਦੀ ਅੱਤ ਹੈ।
ਲਾਲ ਲਾਲ ਇੱਟਾਂ ਵਿਚ ਸਾਨੂੰ ਤੂੰ ਲੁਕਾਈਂ।
ਡੋਲ ਨਾ ਤੂੰ ਜਾਈਂ।
ਸੂਬੇ ਦੀ ਕਚਹਿਰੀ ਅਸੀਂ ਸ਼ੇਰ ਵਾਂਗੂੰ ਗੱਜਣਾ।
ਜਾ ਕੇ ਉਹਦੇ ਸੀਨੇ 'ਚ ਗੁਲੇਲੇ ਵਾਂਗੂੰ ਵੱਜਣਾ।
ਅੱਜ ਅੰਮੀਏ ਨਾ ਸਾਨੂੰ ਹਿੱਕ ਨਾਲ ਲਾਈਂ।
ਪਿਆਰ ਨਾ ਵਧਾਈਂ।
ਕੱਢ ਸਾਡੀ ਜਾਨ ਭਾਵੇਂ ਹੱਡ ਹੱਡ ਭੰਨ ਦੇ।
ਅਸੀਂ ਨੀ ਗੁਲਾਮੀ ਤੇਰੀ ਬੇਈਮਾਨਾ ਮੰਨਦੇ।
ਸਾਨੂੰ ਮਨਜ਼ੂਰ ਸਭ ਤੇਰੀਆਂ ਸਜ਼ਾਈਂ।
ਦਾਰ ਤੇ ਚੜ੍ਹਾਈਂ।
ਦੇਸ਼ ਦੇ ਸ਼ਹੀਦ ਸਾਨੂੰ ਸਾਰਾ ਜੱਗ ਕਹੇਗਾ।
ਸੂਬਿਆ ਨਿਸ਼ਾਨ ਤੇਰਾ ਕਿਤੇ ਵੀ ਨਾ ਰਹੇਗਾ।
'ਸਫ਼ਰੀ' ਸਦਾ ਤੂੰ ਗੀਤ ਗੁਰੂ ਜੀ ਦੇ ਗਾਈਂ।
ਭੁੱਲ ਨਾ ਤੂੰ ਜਾਈਂ।

# ਸਦਕੇ ਜਾਂ

ਜਿਨ ਖਾਲਸਾ ਪੰਥ ਸਜਾਇਆ,
ਮੈਂ ਦਸਮ ਪਿਤਾ ਦੇ ਸਦਕੇ ਜਾਂ।
ਮੋਇਆਂ ਵਿਚ ਜੀਵਨ ਪਾਇਆ,
ਮੈਂ ਦਸਮ ਪਿਤਾ ਦੇ ਸਦਕੇ ਜਾਂ।

ਕਸ਼ਮੀਰ ਦੇ ਪੰਡਿਤ ਆਏ ਸਨ।
ਰੋ ਰੋ ਕੇ ਦਰਦ ਸੁਣਾਏ ਸਨ।
ਦਿੱਲੀ ਵਿਚ ਜਾ ਕੇ ਬਾਪੂ ਨੇ,
ਸਿਰ ਆਪਣਾ ਕਲਮ ਕਰਾਇਆ।
ਮੈਂ ਦਸਮ ਪਿਤਾ ਦੇ ਸਦਕੇ ਜਾਂ।

ਲਾਸ਼ਾਂ ਅਜੀਤ ਜੁਝਾਰ ਦੀਆਂ।
ਤੱਕ ਪਰੀਆਂ ਭੁੱਬਾਂ ਮਾਰਦੀਆਂ।
ਰੱਤ ਭਿੱਜੀਆਂ ਪੁੱਤਾਂ ਦੀਆਂ ਲਾਸ਼ਾਂ ਤੇ,
ਦੋ ਗਜ਼ ਵੀ ਕਫ਼ਨ ਨਾ ਪਾਇਆ।
ਮੈਂ ਦਸਮ ਪਿਤਾ ਦੇ ਸਦਕੇ ਜਾਂ।

ਕੋਈ ਗੁਰੂ ਜਿਹਾ ਬਲੀਦਾਨੀ ਨਹੀਂ।
ਉਹਦਾ ਦੁਨੀਆਂ ਵਿਚ ਕੋਈ ਸਾਨੀ ਨਹੀਂ।
ਜਿਨ ਆਪਣੇ ਲਹੂ ਵਿਚ ਰੁੜ੍ਹ ਰੁੜ੍ਹ ਕੇ,
ਸਾਡਾ ਰੁੜ੍ਹਦਾ ਧਰਮ ਬਚਾਇਆ।
ਮੈਂ ਦਸਮ ਪਿਤਾ ਦੇ ਸਦਕੇ ਜਾਂ।

ਕੀਤਾ 'ਸਫ਼ਰੀ' ਪਰਉਪਕਾਰ ਗੁਰਾਂ।
ਸਾਨੂੰ ਬਖਸ਼ੇ ਪੰਜ ਕਕਾਰ ਗੁਰਾਂ।
ਕਿਰਪਾਨ ਕੜਾ ਕੰਘਾ ਕੇਸ ਕੱਛਾ,
ਸਾਡੀ ਜ਼ਿੰਦਗੀ ਦਾ ਸਰਮਾਇਆ।
ਮੈਂ ਦਸਮ ਪਿਤਾ ਦੇ ਸਦਕੇ ਜਾਂ।

## ਸ਼ਹੀਦੀ ਬਾਣਾ ਪਾ ਕੇ ਮਰੋ

ਸਿੰਘੋ ਧਰ ਕੇ ਤਲੀ 'ਤੇ ਸੀਸ ਆਪਣਾ,
ਸ਼ਹੀਦੀ ਬਾਣਾ ਪਾ ਕੇ ਮਰੋ।
ਜੇ ਮਰਨਾ ਜ਼ਰੂਰ ਤੁਸੀਂ ਤੱਕਿਆ,
ਵੈਰੀ ਨੂੰ ਬੰਨੇ ਲਾ ਕੇ ਮਰੋ।
ਮੇਰੇ ਵਤਨਾਂ ਦੇ ਮਸਤ ਦੀਵਾਨਿਓਂ!
ਜਾਂਬਾਜ਼ ਬੇਖ਼ੌਫ਼ ਪਰਵਾਨਿਓਂ!
ਸ਼ਮ੍ਹਾਂ ਜ਼ਾਲਮਾਂ ਜਗਾਈ ਜਿਹੜੀ ਜ਼ੁਲਮ ਦੀ,
ਸ਼ਮ੍ਹਾਂ ਨੂੰ ਬੁਝਾ ਕੇ ਮਰੋ।
ਉਹ ਹੈ ਸੂਰਮਾਂ ਜੋ ਪੰਥ ਪਿੱਛੇ ਮਰੇਗਾ।
ਵਾਰ ਕਦੇ ਨਾ ਨਿਹੱਥੇ ਉੱਤੇ ਕਰੇਗਾ।
ਜਿਨ੍ਹਾਂ ਦਿੱਲੀ 'ਚ ਬੇਦੋਸ਼ਿਆਂ ਨੂੰ ਮਾਰਿਆ,
ਉਨ੍ਹਾਂ ਨੂੰ ਮੁਕਾ ਕੇ ਮਰੋ।
ਵੀਰੋ ਫੁੱਟ ਦੇ ਪਹਾੜ ਸਿਰੀਂ ਚਾਉ ਨਾ।
ਵਿਚ ਕੌਮ ਦੇ ਦੁਫੇੜ ਤੁਸੀਂ ਪਾਉ ਨਾ।
ਜੇ ਹੈ ਮੋਈ ਹੋਈ ਕੌਮ ਨੂੰ ਜਗਾਵਣਾ,
ਤਾਂ ਇਕ ਥਾਂ ਆ ਕੇ ਮਰੋ।
ਜੇਹੜੇ ਆਗੂ ਅੱਜ ਆਪੋ ਵਿੱਚੀਂ ਲੜੇ ਨੇ।
ਜਿਨ੍ਹਾਂ 'ਸਫ਼ਰੀ' ਬੇਦਾਵੇ ਹੱਥੀਂ ਫੜੇ ਨੇ।
ਜੇ ਕੁਝ ਵੀ ਬਣਾਉਣਾ ਨਹੀਓਂ ਕੌਮ ਦਾ,
ਤਾਂ ਜਾਉ ਕੁੱਝ ਖਾ ਕੇ ਮਰੋ।

# ਅਸਾਂ ਦਾ ਕੌਡੀ ਮੁੱਲ ਨਾਂ ਪਿਆ

ਅਸੀਂ ਦੇਸ਼ ਦੀ ਆਜ਼ਾਦੀ ਪਿੱਛੇ ਮੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।
ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।
ਜੇਹਲਾਂ ਵਿਚ ਬੀਬੀਆਂ ਤੇ,
ਜ਼ੁਲਮ ਕਮਾਏ ਗਏ।
ਬੱਚਿਆਂ ਦੇ ਸੀਸ,
ਅੱਖਾਂ ਸਾਹਮਣੇ ਕੁਹਾਏ ਗਏ।
ਪਾਪੀ ਹਾਕਮਾਂ ਨੇ ਹਾਰ ਪਰੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।
ਡਾਇਰ ਨੂੰ ਵਲੈਤ ਜਾ ਕੇ,
ਖਾਲਸੇ ਨੇ ਮਾਰਿਆ।
ਜਲ੍ਹਿਆਂ ਵਾਲੇ ਬਾਗ ਦਾ,
ਕਰਜ਼ਾ ਉਤਾਰਿਆ।
ਅਸੀਂ ਢੋਏ ਨੇ ਜੁਆਨੀ ਦੇ ਢੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।
ਸੂਰਮਾ ਭਗਤ ਸਿੰਘ,
ਸਿੱਕਾ ਉਹਦੇ ਨਾਮ ਦਾ।
ਦੂਸਰਾ ਊਧਮ ਸਿੰਘ,
ਸੂਰਮਾ ਸੁਨਾਮ ਦਾ।
ਫਾਂਸੀ ਚੜ੍ਹ ਗਏ ਜੁਆਨ ਸਾਡੇ ਦੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।

'ਸਫ਼ਰੀ' ਜ਼ੁਲਮ ਸਿੱਖ ਕੌਮ,
ਉਤੇ ਢਾਏ ਗਏ।
ਕੂਕੇ ਸਿੰਘ ਤੋਪਾਂ ਅੱਗੇ,
ਬੰਨ੍ਹ ਕੇ ਉਡਾਏ ਗਏ।
ਸਾਡੇ ਲਹੂ 'ਚ ਕਂਦੀਆਂ ਨੇ ਹੱਥ ਧੋਏ,
ਅਸਾਂ ਦਾ ਕੌਡੀ ਮੁੱਲ ਨਾ ਪਿਆ।

# ਸਿਰਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ

ਸਿਰਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ।
ਪੱਤਝੜਾਂ ਵਿਚ ਵੀ ਬਹਾਰਾਂ ਦੀਆਂ ਗੱਲਾਂ।

ਵੱਡੇ ਸਾਹਿਬਜ਼ਾਦੇ ਵਿਚ ਰਣ ਦੇ ਕੁਹਾਏ ਗਏ।
ਨੰਨ੍ਹੇ ਨੰਨ੍ਹੇ ਲਾਲ ਵਿਚ ਨੀਂਹਾਂ ਦੇ ਚਿਣਾਏ ਗਏ।
ਗੜ੍ਹੀ ਦੀਆਂ ਗੱਲਾਂ ਜਾਂ ਦੀਵਾਰਾਂ ਦੀਆਂ ਗੱਲਾਂ।

ਫਬਦੀਆਂ ਏਥੇ ਨਹੀਂ ਹੁਸੀਨਾਂ ਦੀਆਂ ਗੱਲਾਂ।
ਜ਼ਰ ਦੀਆਂ ਗੱਲਾਂ ਨਾ ਜ਼ਮੀਨਾਂ ਦੀਆਂ ਗੱਲਾਂ।
ਕਰੋ ਏਥੇ ਤੀਰਾਂ ਤਲਵਾਰਾਂ ਦੀਆਂ ਗੱਲਾਂ।

ਖੇਰੂੰ ਖੇਰੂੰ ਜਿਨ੍ਹਾਂ ਸਿੱਖ ਕੌਮ ਤਾਈਂ ਕੀਤਾ ਏ।
ਅੱਲੜ੍ਹ ਜੁਆਨੀਆਂ ਦਾ ਲਹੂ ਜਿਨ੍ਹਾਂ ਪੀਤਾ ਏ।
ਮੱਤ ਕਰੋ ਪੰਥ ਦੇ ਗਦਾਰਾਂ ਦੀਆਂ ਗੱਲਾਂ।

'ਸਫ਼ਰੀ' ਜਿਨ੍ਹਾਂ ਨੇ ਸੀਸ ਤਲੀ ਉੱਤੇ ਧਰੇ ਨੇ।
ਦੇਸ਼ ਦੀ ਆਜ਼ਾਦੀ ਪਿੱਛੇ ਹੱਸ ਹੱਸ ਮਰੇ ਨੇ।
ਇਕ ਨਹੀਓਂ ਸੈਂਕੜੇ ਹਜ਼ਾਰਾਂ ਦੀਆਂ ਗੱਲਾਂ।
ਸਿਰਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ।

# ਐ ਦਸਵੇਂ ਗੁਰੂ

ਐ ਦਸਵੇਂ ਗੁਰੂ ਤੂੰ ਤਾਂ ਬੇਅੰਤ ਹੈਂ,
ਤੇਰਾ ਅੰਤ ਨੀ ਪਾਇਆ ਜਾ ਸਕਦਾ।
ਜਿੰਨਾ ਖ਼ੂਨ ਰੁੜ੍ਹਾਇਆ ਤੂੰ ਵਤਨਾਂ ਲਈ,
ਉਹਦਾ ਲੇਖਾ ਨੀ ਲਾਇਆ ਜਾ ਸਕਦਾ।

ਕਸ਼ਮੀਰੀਂ ਬ੍ਰਾਹਮਣ ਆਏ ਸੀ।
ਉਹਨਾਂ ਰੋ ਰੋ ਕੇ ਹਾਲ ਸੁਣਾਏ ਸੀ।
ਕਿਹਾ ਪੁੱਤ ਨੇ ਪਿਤਾ ਤੇਰੇ ਮਿਟਿਆਂ ਬਿਨਾਂ,
ਇਹ ਨੀ ਕਸ਼ਟ ਮਿਟਾਇਆ ਜਾ ਸਕਦਾ।
ਵੱਡੇ ਰਣ ਵਿਚ ਪੁੱਤਰ ਕੁਹਾਏ ਗਏ।
ਛੋਟੇ ਨੀਂਹਾਂ ਦੇ ਅੰਦਰ ਚਿਣਾਏ ਗਏ।
ਤੇਰਾ ਜਿਗਰਾ ਸੀਗਾ ਜਾਂ ਕੋਈ ਪੱਥਰ ਸੀਗਾ,
ਇਹ ਨੀ ਨਿਰਣਾ ਕਰਾਇਆ ਜਾ ਸਕਦਾ।
ਅਸੀਂ ਚਰਖੜੀਆਂ ਉੱਤੇ ਚੜ੍ਹਦੇ ਰਹੇ।
ਹਾਏ ਜੰਡਾਂ 'ਨਾ ਬੱਝ ਬੱਝ ਕੇ ਸੜਦੇ ਰਹੇ।
ਜਿਹਨਾਂ ਅਣਖੀ ਸ਼ਹੀਦਾਂ ਲਹੂ ਡੋਲ੍ਹਿਆ,
ਇਕ ਤੁਬਕਾ ਨੀ ਜ਼ਾਇਆ ਜਾ ਸਕਦਾ।
ਉੱਠੋ ਕੌਮ ਦੇ ਨੌਨਿਹਾਲ ਉਠੋ।
ਉੱਠੋ ਤਿੱਖੀਆਂ ਤੇਗ਼ਾਂ ਸੰਭਾਲ ਉਠੋ।
ਤੁਹਾਡੇ ਸੀਸ ਦਿੱਤੇ ਬਿਨਾਂ ਐ 'ਸਫ਼ਰੀ',
ਇਹ ਨੀ ਵਤਨ ਬਚਾਇਆ ਜਾ ਸਕਦਾ।

# ਸੂਬਾ ਤੇ ਸਾਹਿਬਜ਼ਾਦੇ

ਸਾਹਿਬਜ਼ਾਦੇ– ਸਾਨੂੰ ਨੀਂਹਾਂ 'ਚ ਬੇਸ਼ਕ ਤੂੰ ਚਿਣਾਈਂ ਸੂਬਿਆ !
ਸਾਡੇ ਹਾਲ ਤੇ ਜ਼ਰਾ ਨਾ ਖ਼ੌਫ਼ ਖਾਈਂ ਸੂਬਿਆ !

ਸੂਬਾ– ਜ਼ਰਾ ਹੋਸ਼ ਕਰੋ ਤੁਸੀਂ ਨਿਮ ਜਾਉ ਸੋਹਣਿਓ !
ਜਾਨਾਂ ਆਪਣੀਆਂ ਕੀਮਤੀ ਬਚਾਉ ਸੋਹਣਿਓ !

ਸਾਹਿਬਜ਼ਾਦੇ– ਸਾਡਾ ਹੱਡ ਹੱਡ ਸੂਬੇ ਭਾਵੇਂ ਤੋੜ ਭੰਨ ਦੇ।
ਅਸੀਂ ਜ਼ਰਾ ਵੀ ਗੁਲਾਮੀ ਤੇਰੀ ਨਹੀਓਂ ਮੰਨਦੇ।
ਜਿੰਨੀ ਲਾਉਣੀ ਏ ਬੇਸ਼ੱਕ ਦੇਰ ਲਾਈਂ ਸੂਬਿਆ !
ਸਾਡੇ ਹਾਲ ਤੇ......................

ਸੂਬਾ– ਦੇਖੋ ਰੰਦੇ ਉੱਤੇ ਕਿਵੇਂ ਪਿਆ ਰੰਦਾ ਲਗਦਾ।
ਹੋਣਾ ਦਾਦੀ ਦੇ ਅੱਖਾਂ ਦੇ ਵਿਚੋਂ ਲਹੂ ਵਗਦਾ।
ਜਾਉ ਮਾਂ ਦੇ ਕਲੇਜੇ ਲੱਗ ਜਾਉ ਸੋਹਣਿਓ !
ਜਾਨਾਂ ਆਪਣੀਆਂ......................

ਸਾਹਿਬਜ਼ਾਦੇ– ਸਾਡੀ ਦਾਦੀ ਨੇ ਤਾਂ ਸਾਰਾ ਪਰਿਵਾਰ ਵਾਰਿਆ।
ਉਹਨੇ ਜ਼ਿੰਦਗੀ 'ਚ ਹੌਸਲਾ ਕਦੇ ਨੀ ਹਾਰਿਆ।
ਜਿੰਨਾ ਭਾਰ ਪੈਂਦਾ ਸਾਡੇ ਉੱਤੇ ਪਾਈਂ ਸੂਬਿਆ !
ਸਾਡੇ ਹਾਲ ਤੇ......................

ਸੂਬਾ– ਸਾਨੂੰ ਦਿੱਤੀ ਏ ਸਲਾਹ ਸਾਡੇ ਸੁੱਚਾ ਨੰਦ ਨੇ।
ਬੱਚੇ ਸੱਪ ਦੇ ਇਨ੍ਹਾਂ ਦੇ ਬੜੇ ਤਿੱਖੇ ਦੰਦ ਨੇ।
ਮੱਤ ਕੰਧ ਦੇ ਕਲਾਵੇ ਵਿਚ ਆਉ ਸੋਹਣਿਓ !
ਜਾਨਾਂ ਆਪਣੀਆਂ......................

ਸਾਹਿਬਜ਼ਾਦੇ– ਏਸ ਕੰਧ ਚੋਂ ਅਜੇਹਾ ਲਾਵ੍ਹਾ ਉਠ ਖੜੇਗਾ।
ਤੇਰਾ ਤਾਜ ਤੇ ਤਖ਼ਤ ਏਸੇ ਵਿਚ ਸੜੇਗਾ।
ਹੁਣ 'ਸਫ਼ਰੀ' ਨੂੰ ਹੋਰ ਨਾ ਡਰਾਈਂ ਸੂਬਿਆ !
ਸਾਡੇ ਹਾਲ ਤੇ.....................

# ਭਾਗੋ ਤੇਰੇ ਹਲਵੇ ਵਿਚੋਂ

ਭਾਗੋ ਤੇਰੇ ਹਲਵੇ ਵਿਚੋਂ ਖ਼ੌਫ਼ਨਾਕ ਅਵਾਜ਼ਾ ਆਏ।
ਬਹੁੜੀ ਬਹੁੜੀ ਮਰ ਗਏ ਮਰ ਗਏ ਹਾਏ ! ਹਾਏ ! ਹਾਏ !!
ਪਰ ਲਾਲੋ ਦੀ ਨੇਕ ਕਮਾਈ ਗੁਰ ਨਾਨਕ ਨੇ ਕਰਮ ਕਮਾਏ।
ਨਿਰੇ ਕੋਧਰੇ ਦੀ ਰੋਟੀ 'ਚੋਂ ਦੁੱਧ ਨੁਚੜਦਾ ਨਜ਼ਰੀਂ ਆਏ।

ਏਸ ਜੁੱਗ ਦੇ ਖ਼ੂਨੀ ਬੰਦੇ ਹੱਕ ਪਰਾਇਆ ਖਾ ਜਾਂਦੇ ਨੇ।
ਲੰਮੀਆਂ ਲੰਮੀਆਂ ਜੀਭਾਂ ਕੱਢ ਕੇ ਜਿਊਂਦਾ ਜੀਵ ਲੰਘਾ ਜਾਂਦੇ ਨੇ।
ਸ਼ੈ ਜੀਆਂ ਦੀ ਚਰਬੀ ਖਾ ਕੇ ਫਿਰ ਰੁੱਖੇ ਦਾ ਰੁੱਖਾ ਬੰਦਾ।
ਢਿੱਡ ਹਜ਼ਾਰਾਂ ਢਿੱਡ ਵਿਚ ਪਾ ਕੇ ਫਿਰ ਭੁੱਖੇ ਦਾ ਭੁੱਖਾ ਬੰਦਾ।
ਇਹ ਕੀ ਜਾਣ ਹੱਕ ਪਰਾਇਆ ਉਸ ਸੂਅਰ ਤੇ ਉਸ ਹੈ ਗਾਏ।
ਭਾਗੋ ਤੇਰੇ ਹਲਵੇ ਵਿਚੋਂ.....................

ਦੋਜ਼ਖ਼ ਤੋਂ ਵਧ ਕੇ ਕਿਧਰੇ ਰਾਕਸ਼ ਕੀਤਾ ਗਰਮ ਕੜਾਹਾ।
ਗੁਰ ਨਾਨਕ ਦੇ ਚਰਨੀਂ ਪੈ ਕੇ ਘੱਟ ਗਿਆ ਕੌੜਾ ਨੀ ਲਾਹਾ।
ਸੱਜਣ ਠੱਗ ਨੂੰ ਸੋਝੀ ਆਈ ਗੁਰ ਨਾਨਕ ਨੇ ਕਰਮ ਕਮਾਇਆ।
ਸਿੱਧਾਂ ਨੂੰ ਵੀ ਸਿੱਧੇ ਕਰਕੇ ਸਿੱਧੇ ਸਿੱਧੇ ਰਸਤੇ ਪਾਇਆ।
ਕੋਈ ਮੱਕੇ ਵਿਚ ਮਕਰ ਕਹੇ ਕਿਉਂ ਕਾਂਸ਼ੀ ਵਿਚ ਕਹਿਰ ਕਮਾਏ।
ਭਾਗੋ ਤੇਰੇ ਹਲਵੇ ਵਿਚੋਂ.....................

ਦੇਖੋ ਜੀ ਮਜ਼ਦੂਰ ਵਤਨ ਦਾ ਸੜਕ ਤੇ ਰੋੜੀ ਕੁੱਟ ਰਿਹਾ ਹੈ।
ਅੱਜ ਵੀ ਸਾਨੂੰ ਲੋਟੂ ਟੋਲਾ ਸਿੱਖਰ ਦੁਪਹਿਰੇ ਲੁੱਟ ਰਿਹਾ ਹੈ।
ਏਸ ਸਮੇਂ ਦਾ ਰੂਪ ਬਦਲਣਾ ਏਸ ਸਮੇਂ ਦੇ ਰੰਗ ਬਦਲਣੇ।
ਏਸ ਸਮੇਂ ਦੀ ਚਾਲ ਬਦਲਣੀ ਤੌਰ ਬਦਲਣੇ ਢੰਗ ਬਦਲਣੇ।
ਅੱਜ ਲਾਲੋ ਦੀ ਨੇਕ ਕਮਾਈ ਕਿਉਂ ਕੋਈ ਵਿਹਲੜ ਬਹਿ ਕੇ ਖਾਏ।
ਭਾਗੋ ਤੇਰੇ ਹਲਵੇ ਵਿਚੋਂ.....................

ਐ ਦੁਨੀਆਂ ਦੇ ਕਿਰਤੀ ਲੋਕੋ ਉਠੋ ਉਠੋ ਹੁਣ ਹੋਸ਼ 'ਚ ਆਉ।
ਗੁਰ ਨਾਨਕ ਦੇ ਕੀਤੇ ਹੋਏ ਕੌਤਕ ਤੇ ਵੀ ਅਮਲ ਕਮਾਉ।
ਕੋਈ ਧਾੜਵੀ ਕੋਈ ਲੁਟੇਰਾ ਨਿਰਧਨ ਤਾਈਂ ਦਬਾ ਨੀ ਸਕਦਾ।
ਲਾਲੋ ਤੇਰੀ ਨੇਕ ਕਮਾਈ ਵਿਚ ਕੋਈ ਜ਼ਹਿਰ ਮਿਲਾ ਨੀ ਸਕਦਾ।
'ਸਫ਼ਰੀ' ਕਵੀ ਦਸੂਹੇ ਵਾਲਾ ਵਾਰ ਵਾਰ ਇਹ ਬੋਲ ਸੁਣਾਏ।
ਭਾਗੋ ਤੇਰੇ ਹਲਵੇ ਵਿਚੋਂ.......................

# ਪ੍ਰਾਣਾਂ ਤੋਂ ਪਿਆਰਾ ਕਲਗੀਧਰ

ਐ ਪੰਥ ਖਾਲਸਾ ਤੈਨੂੰ ਤਾਂ,
ਪ੍ਰਾਣਾਂ ਤੋਂ ਪਿਆਰਾ ਕਲਗੀਧਰ।
ਇਹ ਡਿਗਦੇ ਢਹਿੰਦੇ ਭਾਰਤ ਦਾ,
ਬਣਿਆਂ ਏ ਸਹਾਰਾ ਕਲਗੀਧਰ !

ਇਹ ਸੁੱਤ ਹੈ ਤੇਗ ਬਹਾਦਰ ਦਾ।
ਭਾਰਤ ਦੇ ਸੀਸ ਦੀ ਚਾਦਰ ਦਾ।
ਹਾਂ ਪੂਜਨੀਕ ਮਾਂ ਗੁਜਰੀ ਦੇ,
ਨੈਣਾਂ ਦਾ ਤਾਰਾ ਕਲਗੀਧਰ।

ਪੰਡਤ ਦਾ ਤਿਲਕ ਬਚਾ ਦਿੱਤਾ।
ਪਰ ਪਿਤਾ ਸ਼ਹੀਦ ਕਰਾ ਦਿੱਤਾ।
ਦੁਖੀਆਂ ਦੀ ਖਾਤਿਰ ਜੂਝ ਗਿਆ,
ਅਵਤਾਰ ਨਿਆਰਾ ਕਲਗੀਧਰ !

ਪੁਤਰਾਂ ਦਾ ਖ਼ੂਨ ਚੁਆਇਆ ਏ।
ਇਕ ਬਿਰਖ ਪੰਥ ਦਾ ਲਾਇਆ ਏ।
ਪਰਵਾਰ ਦਾ ਖ਼ੂਨ ਬਹਾ ਚੱਲਿਆ,
ਸਾਰੇ ਦਾ ਸਾਰਾ ਕਲਗੀਧਰ !

ਸਿੱਖੀ ਤੋਂ ਮੁਨਕਰ ਹੋਇਆਂ ਨੂੰ।
ਇੱਕ ਜ਼ਿੰਦਗੀ ਦੇ ਗਿਆ ਮੋਇਆਂ ਨੂੰ।
ਹਾਂ ਮਹਾਂ ਸਿੰਘ ਨੂੰ ਬਖ਼ਸ਼ ਗਿਆ,
ਉਹ ਬਖਸ਼ਨਹਾਰਾ ਕਲਗੀਧਰ !

'ਸਫ਼ਰੀ' ਇਹ ਭਾਰਤ ਵੱਸਦਾ ਏ।
ਹਰ ਫੁਲ ਚਮਨ ਦਾ ਹੱਸਦਾ ਏ।
ਸਿੱਖੀ ਦਾ ਸਾਨੂੰ ਬਖ਼ਸ਼ ਗਿਆ,
ਇੱਕ ਮਹਿਕ ਭੰਡਾਰਾ ਕਲਗੀਧਰ।

# ਓ ਮਹਾਂ ਸਿੰਘਾ ਤੇਰੇ ਸ਼ਾਬਾ!

ਸ਼ਾਬਾ ! ਓ ਤੇਰੇ ਸ਼ਾਬਾ !!
ਓ ਮਹਾਂ ਸਿੰਘਾ ਤੇਰੇ ਸ਼ਾਬਾ !
ਦੇ ਆਇਓਂ ਤੂੰ ਕਲਗੀਧਰ ਨੂੰ,
ਹੱਥੀਂ ਲਿਖ ਬੇਦਾਵਾ।
ਸ਼ਾਬਾ ਓ ਤੇਰੇ ਸ਼ਾਬਾ !!

ਮਾਤਾ ਭਾਗੋ ਸ਼ੀਹਣੀ ਵਾਂਗੂੰ, ਸਿੰਘਾਂ ਨੂੰ ਲਲਕਾਰੀ।
ਮਹਾਂ ਸਿੰਘਾ ਤੂੰ ਗੁਰੂ ਪੰਥ 'ਨਾ ਕਰ ਆਇਓਂ ਗ਼ੱਦਾਰੀ।
ਹੁਣ ਨੀ ਤੇਰਾ ਹੱਕ ਪਹਿਨਣਾ ਸਿੱਖੀ ਦਾ ਪਹਿਰਾਵਾ।
ਸ਼ਾਬਾ ਓ ਤੇਰੇ ਸ਼ਾਬਾ !

ਰੰਨਾਂ ਬਣ ਕੇ ਬਹਿ ਜਾਓ ਸਿੰਘੋ ਰੰਗਲੇ ਪੀੜ੍ਹੇ ਡਾਹ ਕੇ।
ਬਾਹਵਾਂ ਦੇ ਵਿਚ ਪਾ ਲਉ ਵੰਗਾਂ ਮਾਰੋ ਕੜੇ ਵਗਾਹ ਕੇ।
ਬੇਗ਼ੈਰਤ ਦੇ ਜੀਣ ਨਾਲੋਂ ਥੁੜਿਆ ਕੀ ਭਰਾਵਾ।
ਸ਼ਾਬਾ ਓ ਤੇਰੇ ਸ਼ਾਬਾ !!

ਸਿੱਖੀ ਤੋਂ ਤੁਸੀਂ ਮੁਨਕਰ ਹੋਏ ਸਾਨੂੰ ਹੈ ਦੁੱਖ ਭਾਰੀ।
ਦੋ ਦਿਨ ਸਿੰਘੋ ਹੋਰ ਤੁਹਾਥੋਂ ਗਈ ਨਾ ਭੁੱਖ ਸਹਾਰੀ।
ਮਹਾਂ ਸਿੰਘ ਨੂੰ ਤੱਕ ਕੇ ਮਾਤਾ ਅੱਗ ਦਾ ਬਣ ਗਈ ਲਾਵਾ।
ਸ਼ਾਬਾ ਓ ਤੇਰੇ ਸ਼ਾਬਾ !

'ਸਫ਼ਰੀ' ਲੱਗੀ ਮਹਾਂ ਸਿੰਘ ਦੇ ਸੀਨੇ ਦੇ ਵਿਚ ਕਾਨੀ।
ਮੁੜ ਸਿੰਘਾਂ ਦੀ ਟੁੱਟੀ ਗੰਢੀ ਭਾਗੋ ਦੀ ਕੁਰਬਾਨੀ।
ਰੁੱਠਾ ਹੋਇਆ ਗੁਰੂ ਮਨਾਇਆ ਸਿਰ ਦਾ ਚਾੜ੍ਹ ਚੜ੍ਹਾਵਾ।
ਸ਼ਾਬਾ ਓ ਤੇਰੇ ਸ਼ਾਬਾ !

## ਅਸੀਂ ਪਿੰਜਰੇ 'ਚ ਹਾਥੀ ਤੇ ਸਵਾਰ ਹੋ ਕੇ ਆਏ

ਅਸੀਂ ਪਿੰਜਰੇਂ 'ਚ ਹਾਥੀ ਤੇ ਸਵਾਰ ਹੋ ਕੇ ਆਏ।
ਕੋਈ ਆਖਿਓ ਜਲਾਦ ਨੂੰ ਤਿਆਰ ਹੋ ਕੇ ਆਏ।

ਧੜ ਰਾਹਾਂ ਵਿਚ ਰੁਲੇ ਸੀਸ ਨੇਜ਼ਿਆਂ ਤੇ ਟੰਗੇ।
ਜ਼ੋਰ ਜ਼ਾਲਮਾਂ ਨੇ ਲਾਇਆ ਮਾਫੀ ਕੋਈ ਵੀ ਨਾ ਮੰਗੇ।
ਮੌਤ ਕਿਤੇ ਉਰੇ ਰਹਿ ਗਈ ਸਿੰਘ ਪਾਰ ਹੋ ਕੇ ਆਏ।
ਅਸੀਂ ਪਿੰਜਰੇ 'ਚ ਹਾਥੀ ਤੇ..................

ਸਿੰਘ ਸੂਰਮੇਂ ਊਠਾਂ ਦੇ ਉਤੇ ਪੁੱਠੇ ਲਟਕਾਏ।
ਭੈ-ਭੀਤ ਇਹ ਨਜ਼ਾਰਾ ਅੱਖੀਂ ਦੇਖਿਆ ਨਾ ਜਾਏ।
ਸਿਰ ਦੇਣ ਵਾਲੇ ਕਿੱਦਾਂ ਸਿਰ ਭਾਰ ਹੋ ਕੇ ਆਏ।
ਅਸੀਂ ਪਿੰਜਰੇ 'ਚ ਹਾਥੀ ਤੇ..................

ਉਹਦੇ ਪੁੱਤ ਦਾ ਕਲੇਜਾ ਉਹਦੇ ਮੂੰਹ ਵਿਚ ਪਾਇਆ।
ਬੰਦੇ ਸੀ ਵੀ ਨਾ ਕੀਤੀ ਜ਼ਰਾ ਦਿਲ ਨਾ ਡੁਲਾਇਆ।
ਜ਼ਿਬ੍ਹਾ ਖਾਨਿਓਂ ਜਲਾਦ ਸ਼ਰਮਸਾਰ ਹੋ ਕੇ ਆਏ।
ਅਸੀਂ ਪਿੰਜਰੇ 'ਚ ਹਾਥੀ ਤੇ..................

ਮੇਰਾ ਮਾਸ ਭਾਵੇਂ 'ਸਫ਼ਰੀ' ਜੰਮੂਰਾਂ ਨਾਲ ਤੋੜੋ।
ਮੈਨੂੰ ਦਸਵੇਂ ਪਿਤਾ ਦੇ ਕੋਲੋਂ ਜ਼ਰਾ ਨਾ ਵਿਛੋੜੋ।
ਅਸੀਂ ਗੁਰਾਂ ਦੇ ਦੁਆਰੇ ਸ਼ਰਮਸਾਰ ਹੋ ਕੇ ਆਏ।
ਅਸੀਂ ਪਿੰਜਰੇ 'ਚ ਹਾਥੀ ਤੇ..................

# ਜਿੰਦ ਆਪਣੇ ਧਰਮ ਤੋਂ ਵਾਰੀ ਤੇਗ ਬਹਾਦਰ ਨੇ

ਜਿੰਦ ਆਪਣੇ ਧਰਮ ਤੋਂ ਵਾਰੀ ਤੇਗ਼ ਬਹਾਦਰ ਨੇ।
ਬੇੜੀ ਡੁੱਬਦੀ ਦੇਸ਼ ਦੀ ਤਾਰੀ ਤੇਗ਼ ਬਹਾਦਰ ਨੇ।

ਵਾਲ ਵਾਲ ਦੁਖੀ ਹੋਏ ਹਿੰਦੂ ਕਸ਼ਮੀਰ ਦੇ।
ਪੁੱਜ ਗਏ ਅਨੰਦਪੁਰ ਸੀਨਿਆਂ ਨੂੰ ਚੀਰਦੇ।
ਨਾਵੇਂ ਪਿਤਾ ਘੁੱਟ ਕੇ ਕਲੇਜੇ ਨਾਲ ਲਾਇਆ, ਨਾਲੇ-
ਸੁਣੀ ਦੁਖੀ ਦੀ ਕਹਾਣੀ ਸਾਰੀ।
ਤੇਗ਼ ਬਹਾਦਰ ਨੇ ਜਿੰਦ ਆਪਣੇ
ਧਰਮ ਤੋਂ ਵਾਰੀ।

ਮੁੱਖ ਤੋਂ ਅਲਾਇਆ ਏਦਾਂ ਗੋਬਿੰਦ ਰਾਏ ਨੇ।
ਪਿਤਾ ਜੀ ਇਹ ਜ਼ਿੰਦਗੀ ਦੀ ਭਿੱਖ ਲੈਣ ਆਏ ਨੇ।
ਦਿੱਲੀ ਵਿਚ ਜਾ ਕੇ ਤੁਸੀਂ ਆਪਣਾ ਕਟਾਓ ਸੀਸ,
ਕੱਟ ਜਾਊਗੀ ਮੁਸੀਬਤ ਸਾਰੀ।
ਤੇਗ਼ ਬਹਾਦਰ ਨੇ ਜਿੰਦ ਆਪਣੇ
ਧਰਮ ਤੋਂ ਵਾਰੀ।

ਕੀਤਾ ਨੀ ਹਿਸਾਬ ਜਾਂਦਾ ਉਹਦੇ ਬਲੀਦਾਨ ਦਾ।
ਤਾਰ ਦਿੱਤਾ ਬੇੜਾ ਸਾਰੇ ਹਿੰਦੁਸਤਾਨ ਦਾ।
ਮਤੀਦਾਸ ਸਤੀ ਤੇ ਦਿਆਲਾ ਵੀ ਸ਼ਹੀਦ ਹੋਏ,
ਮਾਰੀ ਵੈਰੀਆਂ ਨੂੰ ਚੋਟ ਕਰਾਰੀ।
ਤੇਗ਼ .ਬਹਾਦਰ ਨੇ ਜਿੰਦ ਆਪਣੇ
ਧਰਮ ਤੋਂ ਵਾਰੀ।

ਖਾਲਸੇ ਦੇ 'ਸਫ਼ਰੀ' ਨਗਾਰੇ ਪਏ ਵੱਜਦੇ।
ਬੇਲਿਆਂ ਦੇ ਵਿੱਚ ਜਿਵੇਂ ਸ਼ੀਂਹ ਪਏ ਗੱਜਦੇ'
ਪੰਥ ਦੇ ਸ਼ਹੀਦਾਂ ਨੇ ਹੀ ਰੱਤ ਡੋਹਲ਼ ਡੋਹਲ ਕੇ ਤੇ,
ਕੀਤਾ ਪੱਲੜਾ ਕੌਮ ਦਾ ਭਾਰੀ।
ਤੇਗ਼ ਬਹਾਦਰ ਨੇ ਜਿੰਦ ਆਪਣੇ
ਧਰਮ ਤੋਂ ਵਾਰੀ।

# ਗੁਰੂ ਤੇਗ ਬਹਾਦਰ ਸਿਰ ਦੇ ਕੇ

ਗੁਰੂ ਤੇਗ਼ ਬਹਾਦਰ ਸਿਰ ਦੇ ਕੇ,
ਇਕ ਪਰਉਪਕਾਰ ਕਮਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ,
ਦੁਨੀਆਂ ਨੇ ਸੀਸ ਨਿਵਾਇਆ ਏ।

ਨਾ ਮਤੀਦਾਸ ਘਬਰਾਇਆ ਏ।
ਤਨ ਆਰੇ ਨਾਲ ਚਿਰਾਇਆ ਏ।
ਅੰਬਰ ਤੋਂ ਤੱਕ ਕੇ ਦੇਵਤਿਆਂ,
ਫੁੱਲਾਂ ਦਾ ਮੀਂਹ ਵਰਸਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ......

ਉਬਲਦੀ ਦੇਗ਼ ਦਿਆਲੇ ਨੇ।
ਵਿਚ ਖਾਧੇ ਕਈ ਉਬਾਲੇ ਨੇ।
ਮੈਂ ਸਦਕੇ ਜਾਂ ਸ਼ਹੀਦਾਂ ਦੇ,
ਜਿਨ੍ਹਾਂ ਸਿੱਖੀ ਸਿਦਕ ਨਿਭਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ......

ਮੇਰੇ ਸਤਿਗੁਰ ਤੇਗ਼ ਬਹਾਦਰ ਨੇ।
ਭਾਰਤ ਦੇ ਸੀਸ ਦੀ ਚਾਦਰ ਨੇ।
ਆਪਣਾ ਤਾਂ ਸਿਰ ਕਟਵਾ ਲੀਤਾ,
ਭਾਰਤ ਦਾ ਸੀਸ ਬਚਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ......

ਔਹ ! ਦੁਖੀ ਪੰਡਤ ਕਸ਼ਮੀਰ ਦੇ ਨੇ।
ਰੋਂਦੇ ਪਏ ਛਾਤੀਆਂ ਚੀਰਦੇ ਨੇ।
ਅੱਥਰੂ ਨਹੀਂ ਫ਼ਰਗਦੇ ਅੱਖੀਆਂ ਚੋਂ,
ਉਨ੍ਹਾਂ ਦਿਲ ਦਾ ਖ਼ੂਨ ਵਹਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ,
ਦੁਨੀਆਂ ਨੇ ਸੀਸ ਨਿਵਾਇਆ ਏ।
ਮੰਦਰਾਂ ਵਿਚ ਜੋਤਾਂ ਜਗਦੀਆਂ ਨੇ।
ਵਾਹ ! ਕਿੰਨੀਆਂ ਸੁੰਦਰ ਲਗਦੀਆਂ ਨੇ।
'ਸਫ਼ਰੀ' ਜੀ ਤੇਗ਼ ਬਹਾਦਰ ਨੇ,
ਹੀ ਖ਼ੂਨ ਇਨ੍ਹਾਂ ਵਿਚ ਪਾਇਆ ਏ।
ਉਹਦੇ ਸੀਸ ਗੰਜ ਨੂੰ ਸਾਰੀ ਹੀ,
ਦੁਨੀਆਂ ਨੇ ਸੀਸ ਨਿਵਾਇਆ ਏ।

# ਜ਼ਮਾਨਾ ਸਾਰਾ ਝੂਮਦਾ ਪਿਆ

ਤੈਨੂੰ ਸੁਣ ਕੇ ਰਬਾਬ ਦੀਏ ਤਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।
ਗੁਰੂ ਨਾਨਕ ਤੋਂ ਸੱਦ ਬਲਿਹਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

ਜੱਗ ਵਿਚ ਗੁਰੂ ਨਾਨਕ ਤਾਰ ਹਲਾਈ ਏ।
ਤਾਰ ਸਾਰੇ ਜੱਗ ਦਿਆਂ ਨੈਣਾਂ ਵਿਚ ਪਾਈ ਏ।
ਪਏ ਝੂਮਦੇ ਅੰਬਰ ਦੇ ਤਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

ਪਿਤਾ ਕਾਲੂ ਰਾਏ ਦਾ ਵੀ ਦਿਲ ਰੁਸ਼ਨਾਇਆ ਏ।
ਤ੍ਰਿਪਤਾ ਦੇ ਵਿਹੜੇ ਇੱਕ ਚੰਨ ਚੜ੍ਹ ਆਇਆ ਏ।
ਨੂਰੀ ਚੰਨ ਪਿਆ ਚਾਨਣਾ ਖਿਲਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

ਲਾਲੋ ਸੀ ਮਹਾਨ ਉਹਨੂੰ ਗਲ ਨਾਲ ਲਾ ਲਿਆ।
ਕੋਧਰਾ ਨਿਗੁਣਾ ਉਹਦਾ ਚਾਂਈਂ ਚਾਂਈਂ ਖਾ ਲਿਆ।
ਪੂੜੇ ਭਾਗੋ ਦੇ ਵਗਾਹ ਕੇ ਮਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

ਏਕਤਾ ਦਾ ਗੁਰੂ ਜੀ ਨੇ ਸਬਕ ਪੜ੍ਹਾਇਆ ਏ।
ਸ਼ੀਂਹ ਬੱਕਰੀ ਨੂੰ ਪਾਣੀ ਇਕ ਥਾਂ ਪਿਲਾਇਆ ਏ।
ਉਹਨੂੰ ਸਭੇ ਹੀ ਨੇ ਧਰਮ ਪਿਆਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

'ਸ਼ਫ਼ਰੀ' ਸਚਾਈ ਤਾਈਂ ਕਿੰਨੇ ਵੀ ਨਾ ਟੋਕਿਆ।
ਵਲੀ ਦਾ ਪਹਾੜ ਗੁਰਾਂ ਪੰਜੇ ਉਤੇ ਰੋਕਿਆ।
ਜਿੱਤ ਸੱਚ ਦੀ ਕੁਫ਼ਰ ਪਿਆ ਹਾਰੇ,
ਜ਼ਮਾਨਾ ਸਾਰਾ ਝੂਮਦਾ ਪਿਆ।

# ਰਬਾਬ ਦੀ ਤੂੰ ਤਾਰ ਨਾ ਸੁਣੀ

ਤੈਨੂੰ ਮਿੱਠਾ ਮਿੱਠਾ ਲੱਗੇ ਸੰਸਾਰ, ਰਬਾਰ ਦੀ ਤੂੰ ਤਾਰ ਨਾ ਸੁਣੀ।
ਤੇਰੇ ਨੈਣਾਂ ਵਿਚ ਝੂਠੀ-ਮੂਠੀ ਤਾਰ, ਰਬਾਬ ਦੀ ਤੂੰ ਤਾਰ ਨਾ ਸੁਣੀ।
ਰੱਬੀ ਨੂਰ ਇਕ ਨਨਕਾਣੇ ਵਿਚ ਆਇਆ ਏ।
ਨੇਰ੍ਹੇ ਦਿਲਾਂ ਵਿੱਚ ਉਹਨੇ ਚਾਨਣਾ ਫੈਲਾਇਆ ਏ।
ਉਡ ਪਾਪਾਂ ਵਾਲਾ ਗਿਆ ਏ ਗੁਬਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........
ਗੁਰਾਂ ਨੇ ਸੱਜਣ ਜਿਹੇ ਠੱਗ ਨੂੰ ਵੀ ਤਾਰਿਆ।
ਕੌਡੇ ਜਿਹੇ ਰਾਕਸ਼ਾਂ ਦਾ ਜਨਮ ਸੁਧਾਰਿਆ।
ਕੀਤੇ ਤਪਦੇ ਕੜਾਹੇ ਠੰਡੇ ਠਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........
ਮਲਕਾ ਤੂੰ ਘੋਰ ਪਾਪ ਨਿਤ ਦੇ ਕਮਾਨਾ ਏਂ।
ਬੰਦਾ ਹੋ ਕੇ ਬੰਦਿਆਂ ਦੇ ਹੱਕ ਖਾਈ ਜਾਨਾ ਏਂ।
ਤੈਨੂੰ ਦੌਲਤ ਦਾ ਬੜਾ ਹੈ ਹੰਕਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........
ਬੋਲਦਾ ਜ਼ਬਾਨੋਂ ਤਾਂ ਤੂੰ ਕੌੜਾ ਫ਼ਿੱਕਾ ਬੋਲਦੈਂ।
ਠੰਡੀਆਂ ਹਵਾਵਾਂ ਵਿਚ ਜ਼ਹਿਰ ਪਿਆ ਘੋਲਦੈਂ।
ਤੈਨੂੰ ਮਿੱਠਾ ਮਿੱਠਾ ਲੱਗੇ ਸੰਸਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........
ਪਾਂਧਿਆ ! ਪੜ੍ਹਾਈ ਕਿਹੜੀ ਮੈਨੂੰ ਤੂੰ ਪੜ੍ਹਾਉਨਾ ਏਂ।
ਮੈਂ ਤਾਂ ਤੇਰੇ ਪਾਪਾਂ ਦਾ ਹਿਸਾਬ ਪਿਆ ਲਾਉਨਾ ਏਂ।
ਆਇਆ ਮੁੱਖ ਤੇ ਨਾ ? ਓਂਕਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........

ਨਾਨਕ ਦੇ ਰਾਹਾਂ ਤੋਂ ਪਰੇਡੇ ਚਲਾ ਗਿਆ ਏਂ।
'ਸਫ਼ਰੀ' ਤੂੰ ਤਾਹੀਓਂ ਖਾਂਦਾ ਠੇਡੇ ਚਲਾ ਗਿਆ ਏਂ।
ਤੇਰਾ ਬਾਣੀ ਨਾਲ ਨਹੀਓਂ ਪਿਆਰ !'
ਰਬਾਬ ਦੀ ਤੂੰ ਤਾਰ ਨਾ ਸੁਣੀ........

ਛੇੜ .ਓ ਰਬਾਬ ਵਾਲੀ ਤਾਰ ਮਰਦਾਨਿਆ !
ਝੂਮ ਉਠੇ ਸਾਰਾ ਸੰਸਾਰ ਮਰਦਾਨਿਆ !
ਬੇੜਾ ਲੱਗ ਜਾਏ ਮੁਸਾਫ਼ਰਾਂ ਦਾ ਪਾਰ।
ਰਬਾਬ ਦੀ ਤੂੰ ਤਾਰ ਨਾ ਸੁਣੀ........

# ਸੁੱਕਿਆਂ ਧਾਨਾਂ ਤੇ ਹਰਿਆਈ ਹਰਿਆਈ ਏ

ਜੱਟਾ ਤੇਰੇ ਖੇਤਾਂ ਵੱਲੇ ਝਾਤ ਕਿਹਨੇ ਪਾਈ ਏ।
ਸੁੱਕਿਆਂ ਧਾਨਾਂ ਤੇ ਹਰਿਆਈ ਹਰਿਆਈ ਏ।

ਜੱਟਾ ਤੇਰੇ ਖੇਤਾਂ ਵਿਚ ਪੈਰ ਕਿਹਦਾ ਪੈ ਗਿਆ।
ਦੇ ਗਿਆ ਬਹਾਰਾਂ ਤੈਨੂੰ ਪੱਤਝੜਾਂ ਲੈ ਗਿਆ।
ਮਹਿਕ ਗੁਰੂ ਨਾਨਕ ਦੇ ਕਦਮਾਂ ਦੀ ਆਈ ਏ।
ਜੱਟਾ ਤੇਰੇ ਖੇਤਾਂ ਵੱਲੇ ਝਾਤ ਕਿਹਨੇ ਪਾਈ ਏ।

ਜੱਟਾ ਤੇਰੇ ਖੇਤਾਂ ਵਿਚ ਵੱਗ ਕਿਹੜਾ ਠਾਰਦਾ।
ਮੱਝੀਆਂ ਦਾ ਛੇੜੂ ਜਾਂਦਾ ਬਰਕਤਾਂ ਖਿਲਾਰਦਾ।
ਮੋਤੀਆਂ ਦੀ ਝੜੀ ਕਿਹਨੇ ਖੇਤਾਂ ਵਿਚ ਲਾਈ ਏ।
ਜੱਟਾ ਤੇਰੇ ਖੇਤਾਂ...........................

ਸੂਰਜਾ ਖਨਾਮੀ ਤੇਰੀ ਤੇਰੇ ਅੱਗੇ ਆਏ ਨਾ।
ਸੁੱਤਾ ਪਿਆ ਮਾਹੀ ਇਹਨੂੰ ਧੁੱਪ ਲੱਗ ਜਾਏ ਨਾ।
ਸੱਪ ਨੇ ਆ ਫੰਨ ਇਹਦੇ ਮੁੱਖ ਤੇ ਫੈਲਾਈ ਏ।
ਜੱਟਾ ਤੇਰੇ ਖੇਤਾਂ...........................

'ਸਫ਼ਰੀ' ਰਾਏ ਬੁਲਾਰ ਗੁਰੂ ਜੀ ਨੂੰ ਜਾਣਿਆ।
ਮਹਿਤਾ ਕਾਲੂ ਜੀ ਨੇ ਉਹਨੂੰ ਜ਼ਰਾ ਨਾ ਪਛਾਣਿਆ।
ਭੈਣ ਨਾਨਕੀ ਨੇ ਵੀ ਕਦਰ ਉਹਦੀ ਪਾਈ ਏ।
ਜੱਟਾ ਤੇਰੇ ਖੇਤਾਂ ਵੱਲੇ ਝਾਤ ਕਿਹਨੇ ਪਾਈ ਏ।

# ਗੁਰੂ ਨਾਨਕ ਦਾ ਭੇਤ ਸਾਥੋਂ ਪਾਇਆ ਨਾ ਗਿਆ

ਗੁਰੂ ਨਾਨਕ ਦਾ ਭੇਤ ਸਾਥੋਂ ਪਾਇਆ ਨਾ ਗਿਆ।
ਗੀਤ ਗੁਰਾਂ ਦੇ ਪਿਆਰ ਵਾਲਾ ਗਾਇਆ ਨਾ ਗਿਆ।

ਕੀਤੀ ਬੜੀ ਹੀ ਮਨੁੱਖਤਾ ਨੇ ਹਾਲ ਪਾਰਿਆ।
ਉਹਨੇ ਜਗਤ ਜਲੰਦੇ ਤਾਈਂ ਆ ਕੇ ਠਾਰਿਆ।
ਉਹਦੀ ਮਿਹਰ ਦਾ ਅੰਦਾਜ਼ਾ ਸਾਥੋਂ ਲਾਇਆ ਨਾ ਗਿਆ।
ਗੀਤ ਗੁਰਾਂ ਦੇ ਪਿਆਰ ਵਾਲਾ ਗਾਇਆ ਨਾ ਗਿਆ।

ਗੁਰਾਂ ਸੱਤ ਸੰਤੋਖ ਵਾਲੀ ਡੋਰ ਵੱਟ ਕੇ।
ਪਾਇਆ ਨਾਮ ਦਾ ਜਨੇਊ ਸੱਚੇ ਦਿਲੋਂ ਵੱਟ ਕੇ।
ਜਿਹੜਾ ਉਨ੍ਹਾਂ ਜੰਜੂ ਪਾਇਆ ਸਾਥੋਂ ਪਾਇਆ ਨਾ ਗਿਆ।
ਗੀਤ ਗੁਰਾਂ ਦੇ ਪਿਆਰ ਵਾਲਾ ਗਾਇਆ ਨਾ ਗਿਆ।

ਐਵੇਂ ਪੰਡਤਾਂ ਮੁਲਾਣਿਆਂ ਨੇ ਪਾਇਆ ਜੱਬ ਹੈ।
ਰਹਿੰਦਾ ਕਾਂਸ਼ੀ ਤੇ ਮਦੀਨੇ ਵਿਚ ਇਕੋ ਰੱਬ ਹੈ।
ਏਨਾ ਰਾਜ਼ ਵੀ ਕਿਸੇ ਤੋਂ ਸਮਝਾਇਆ ਨਾ ਗਿਆ।
ਗੀਤ ਗੁਰਾਂ ਦੇ ਪਿਆਰ ਵਾਲਾ ਗਾਇਆ ਨਾ ਗਿਆ।

ਉਹਦੇ ਨਾਮ ਨੂੰ ਜ਼ਮਾਨਾ ਸਾਰਾ ਪਿਆ ਪੂਜਦਾ।
ਉਹਨੂੰ ਸਮਝੇ ਲੁਕਾਈ ਸਾਰੀ ਚੰਨ ਦੂਜ ਦਾ।
ਪਰ 'ਸਫ਼ਰੀ' ਤੋਂ ਦਿਲ ਰੁਸ਼ਨਾਇਆ ਨਾ ਗਿਆ।
ਗੀਤ ਗੁਰਾਂ ਦੇ ਪਿਆਰ ਵਾਲਾ ਗਾਇਆ ਨਾ ਗਿਆ।

## ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ

ਦੋਵੇਂ ਥਾਵਾਂ ਸਾਨੂੰ ਜਿੰਦ ਜਾਨ ਤੋਂ ਪਿਆਰੀਆਂ,
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਪਿਤਾ ਦਸਮੇਸ਼ ਦੀਆਂ ਖੇਡਾਂ ਨੇ ਨਿਆਰੀਆਂ,
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਵੱਡੇ ਸਾਹਿਬਜ਼ਾਦੇ ਚਮਕੌਰ 'ਚ ਕੁਹਾਏ ਗਏ।
ਫਤਹਿ ਸਿੰਘ ਜ਼ੋਰਾਵਰ ਨੀਂਹਾਂ 'ਚ ਚਿਣਾਏ ਗਏ।
ਮਾਂ ਗੁਜਰੀ ਨੇ ਚੋਟਾਂ ਹੱਸ ਕੇ ਸਹਾਰੀਆਂ।
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਪਿਤਾ ਦਸਮੇਸ਼ ਬੇੜਾ ਹਿੰਦੀਆਂ ਦਾ ਤਾਰਿਆ।
ਲਾਲਾਂ ਉਤੇ ਗਿਆ ਮਹਿਲ ਸਿੱਖੀ ਦਾ ਉਸਾਰਿਆ।
ਬੱਚਿਆਂ ਦੀ ਮਿੱਝ ਨਾਲ ਕੀਤੀਆਂ ਉਸਾਰੀਆਂ।
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਕੇਸਰੀ ਨਿਸ਼ਾਨ ਦੇਖੋ ਅੰਬਰਾਂ ਤੇ ਫੱਬਦਾ।
ਜੱਗ ਤੇ ਵਜੀਦੇ ਦਾ ਨਿਸ਼ਾਨ ਵੀ ਨੀ ਲੱਭਦਾ।
ਖਾਲਸੇ ਨੇ ਤੇਗ਼ਾਂ ਦੂਰ ਦੂਰ ਤੱਕ ਮਾਰੀਆਂ।
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਲਹੂ ਡੁਲ੍ਹਾ ਦਸਮੇਸ਼ ਤੇਰੇ ਪਰਿਵਾਰ ਦਾ।
ਸੂਹਾ ਸੂਹਾ ਰੰਗ ਦਿੱਸੇ ਸਾਡੀ ਗੁਲਜ਼ਾਰ ਦਾ।
ਵੈਰੀਆਂ ਦੇ ਲਹੂ ਵਿਚ ਲਾਈਆਂ ਗਈਆਂ ਤਾਰੀਆਂ।
ਗੜ੍ਹੀ ਚਮਕੌਰ ਦੀ ਦੀਵਾਰ ਸਰਹੰਦ ਦੀ।
ਦੋਵੇਂ ਥਾਵਾਂ ਸਾਨੂੰ ਜਿੰਦ ਤੋਂ ਪਿਆਰੀਆਂ।

# ਤੇਰੇ ਦਰ ਤੇ ਆ ਕੇ ਬਹਿ ਗਏ ਹਾਂ

ਹੇ ! ਤੇਗ਼ ਬਹਾਦਰ ਪੂਜ ਪਿਤਾ !
ਤੇਰੇ ਦਰ ਤੇ ਆ ਕੇ ਬਹਿ ਗਏ ਹਾਂ।
ਹਾਂ ਚੁਟਕਾ ਪਾਵੇ ਨਾ ਪਾਵੇ,
ਅਸੀਂ ਅਲਖ ਜਗਾ ਕੇ ਬਹਿ ਗਏ ਹਾਂ।
ਅਸੀਂ ਦੁੱਖੀ ਪੰਡਤ ਕਸ਼ਮੀਰ ਦੇ ਹਾਂ,
ਹਿੱਕ ਫੋਲਦੇ ਹਾਂ, ਦਿਲ ਚੀਰਦੇ ਹਾਂ।
ਤੁਸੀਂ ਦਰਦ ਅਸਾਡਾ ਸੁਣੋ ਸੁਣੋ,
ਦੁਨੀਆਂ ਨੂੰ ਸੁਣਾ ਕੇ ਬਹਿ ਗਏ ਹਾਂ।
ਸਾਡੀ ਮੰਜ਼ਲ ਦਾ ਕੋਈ ਰਾਹ ਨਹੀਂ,
ਬੇੜੀ ਦਾ ਕੋਈ ਮਲਾਹ ਨਹੀਂ।
ਅਸੀਂ ਆਪਣੀ ਕਿਸ਼ਤੀ ਛੱਲਾਂ ਦੇ,
ਵਿਚ ਆਪ ਫਸਾ ਕੇ ਬਹਿ ਗਏ ਹਾਂ।
ਸ਼ਿਵਜੀ ਦਾ ਟੱਲ ਖੜਕਾ ਆਏ,
ਹਨੂੰਮਾਨ ਦਾ ਰੋਟ ਚੜ੍ਹਾ ਆਏ।
ਅਸੀਂ ਸੇਵੀਆਂ ਗੁਗੇ ਪੀਰ ਨੂੰ ਵੀ,
ਬੇਅੰਤ ਖੁਆ ਕੇ ਬਹਿ ਗਏ ਹਾਂ।
ਗਊਆਂ ਦੀਆਂ ਲਾਸ਼ਾਂ ਪਈਆਂ ਨੇ।
ਖਬਰਾਂ ਨਾ ਕਿਸੇ ਨੇ ਲਈਆਂ ਨੇ।
ਅਫਸੋਸ ਬੜਾ ਪਰ ਬੇ-ਬਸ ਹਾਂ,
ਇੱਕ ਫੂੜ ਵਿਛਾ ਕੇ ਬਹਿ ਗਏ ਹਾਂ।
ਕੋਈ ਸੰਖ ਵਜਾਉਣਾ ਮਿਲਦਾ ਨਹੀਂ,
ਕੋਈ ਧੂਪ ਧੁਖਾਉਣਾ ਮਿਲਦਾ ਨਹੀਂ।

ਗੰਗਾ ਵਿਚ ਨਹਾਉਣੇ ਵਾਲੇ ਸਾਂ,
ਲਹੂਆਂ ਵਿਚ ਨ੍ਹਾ ਕੇ ਬਹਿ ਗਏ ਆਂ।
ਤੇਰੇ ਬਿਨ ਸਾਡਾ ਕੋਈ ਨਹੀਂ,
ਕਿਧਰੇ ਵੀ ਮਿਲਦੀ ਢੋਈ ਨਹੀਂ।
ਦੁਨੀਆਂ ਦੇ ਹਰ ਇਕ ਤੀਰਥ ਤੇ,
ਅਸੀਂ ਨੱਕ ਘਸਾ ਕੇ ਬਹਿ ਗਏ ਆਂ।
ਮਾਯੂਸ ਪੰਡਤੋ! ਹੋਵੋ ਨਾ।
ਤੁਸੀਂ ਖ਼ੂਨ ਦੇ ਅੱਥਰੂ ਰੋਵੋ ਨਾ।
ਹੁਣ ਆਖੋ 'ਸਫ਼ਰੀ' ਨਾਨਕ ਦੀ,
ਅਸੀਂ ਓਟ ਤਕਾ ਕੇ ਬਹਿ ਗਏ ਹਾਂ।

# ਚਮਕੌਰ ਸ਼ਹਿਰ ਦੀਏ ਗੜ੍ਹੀਏ

ਤੇਰੀ ਚਮਕ ਬੜੀ ਤੇਰੀ ਦਮਕ ਬੜੀ,
ਚਮਕੌਰ ਸ਼ਹਿਰ ਦੀਏ ਗੜ੍ਹੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ,
ਵਿਦਾ ਕੀਤਾ ਤੂੰ ਅੜੀਏ ?

ਤੇਰੇ ਆਂਗਣ ਕਲਗੀਧਰ ਨੇ ਨੂਰੀ ਕਦਮ ਛੁਹਾਏ।
ਤੂੰ ਸੈਂ ਇਕ ਵੀਰਾਨ ਝੌਂਪੜੀ ਸਤਿਗੁਰ ਭਾਗ ਜਗਾਏ।
ਤੈਨੂੰ ਚੜ੍ਹਨ ਚੜ੍ਹਾਵੇ ਸੌ ਸੌ ਅੱਜ ਅੰਬਰ ਤੇ ਚੜ੍ਹੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ................

ਕਿਲ੍ਹਾ ਛੋੜ ਕੇ ਸਤਿਗੁਰ ਤੁਰ ਪਏ ਪੰਥ ਦਾ ਹੁਕਮ ਬਜਾਇਆ।
ਰਾਹ ਵਿਚ ਦੇਖੀ ਲਾਸ਼ ਪੁੱਤਰ ਦੀ ਗ਼ਜ਼ ਕਪੜਾ ਨਾ ਪਾਇਆ।
ਤੇਰਾ ਦਿਲ ਕਿਉਂ ਪੰਘਰਿਆ ਨਾ ਪੱਥਰ ਬਣ ਕੇ ਖੜੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ................

ਬੀਰ ਅਜੀਤ ਤੇ ਬੀਰ ਜੁਝਾਰ ਨੇ ਜਦੋਂ ਸ਼ਹੀਦੀ ਪਾਈ।
ਇੱਕ ਆਕਾਸ਼ੋਂ ਵਾਜ ਗੂੰਜਦੀ ਰਣਭੂਮੀ ਵਿਚ ਆਈ।
ਉਠੋ ਸ਼ਹੀਦੋ ! ਤੇਗਾਂ ਫੜ ਕੇ ਮੁੜ ਦੁਸ਼ਮਨ ਨਾਲ ਲੜੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ................

ਨਾ ਨੀਲਾ ਨਾ ਬਾਜ਼ ਸੁਨਹਿਰੀ ਨਾ ਕਲਗੀ ਨਾ ਤੋੜਾ।
ਸਰਸਾ ਨਦੀਏ ਅੱਖੀਂ ਡਿੱਠਾ ਤੂੰ ਪਰਵਾਰ ਵਿਛੋੜਾ।
ਜੇ ਸਤਿਗੁਰ ਦੀ ਖਬਰ ਦਵੇਂ ਤੈਨੂੰ ਸੋਨੇ ਦੇ ਵਿਚ ਮੜ੍ਹੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ................

ਨੀ ਗੜ੍ਹੀਏ ਚਮਕੌਰ ਸ਼ਹਿਰ ਦੀਏ ਤੇਰੀ ਸ਼ਾਨ ਨਿਰਾਲੀ।
ਤੇਰੇ ਦਰ ਤੋਂ 'ਸਫ਼ਰੀ' ਵਰਗਾ ਕੋਈ ਨੀ ਜਾਂਦਾ ਖਾਲੀ।
ਤੂੰ ਬੋਲੇਂ ਤਾਂ ਫੁੱਲ ਪਏ ਝੜਦੇ ਪੰਥ ਦੀਏ ਫੁੱਲਝੜੀਏ।
ਦਸਮ ਪਿਤਾ ਨੂੰ ਕਿਸ ਹਾਲਾਂ ਵਿਚ................

# ਵਗ ਰਹੀਆਂ ਨੇ ਗਰਮ ਹਵਾਵਾਂ

ਵਗ ਰਹੀਆਂ ਨੇ ਗਰਮ ਹਵਾਵਾਂ, ਬਚੋ ਬਚੋ!
ਝੁਲਸ ਗਈਆਂ ਬ੍ਰਿਛਾਂ ਦੀਆਂ ਛਾਵਾਂ, ਬਚੋ ਬਚੋ!

ਬਾਗ਼ ਦੇ ਮਾਲੀ ਬੋਲੇ ਹੋ ਗਏ।
ਕਲੀ ਕਲੀ ਦੇ ਕੋਲੇ ਹੋ ਗਏ।
ਏਥੇ ਕੋਈ ਨਿਆਂ ਨਹੀਂ ਹੈ।
ਰੁੱਖ ਬੜੇ ਪਰ ਛਾਂ ਨਹੀਂ ਹੈ।
ਬੋਲ ਕੋਇਲ ਦੇ ਖਾ ਲਏ ਕਾਵਾਂ,
ਬਚੋ ਬਚੋ !

ਸਾਰਾ ਹੀ ਪੰਜਾਬ ਹੈ ਜ਼ਖਮੀ।
ਸਾਡਾ ਫੁੱਲ ਗੁਲਾਬ ਹੈ ਜ਼ਖਮੀ।
ਕੋਈ ਫੁੱਲਾਂ ਦੀ ਸਾਰ ਨਹੀਂ ਹੈ।
ਬਾਗਾਂ ਵਿਚ ਬਹਾਰ ਨਹੀਂ ਹੈ।
ਕਲੀਆਂ ਨੂੰ ਖਾ ਲਿਆ ਖਿਜ਼ਾਵਾਂ,
ਬਚੋ ਬਚੋ !

ਜਦ ਦਾ ਚੜ੍ਹਿਆ ਸੰਨ ਚੁਰਾਸੀ।
ਕਈ ਬੇ-ਦੋਸ਼ੇ ਚੜ੍ਹ ਗਏ ਫਾਂਸੀ।
ਸੱਚੀ ਗੱਲ ਨੂੰ ਕੋਈ ਨਾ ਵਾਚੇ।
ਮਾਵਾਂ ਕੋਲੋਂ ਪੁੱਤ ਗਵਾਚੇ।
ਨਹੀਂ ਲੱਭਦੀਆਂ ਪੁੱਤਰਾਂ ਨੂੰ ਮਾਵਾਂ,
ਬਚੋ ਬਚੋ !

ਚੌਹੀਂ ਪਾਸੀਂ ਲੁੱਟ ਲਉ ਲੁੱਟ ਲਉ।
ਲੋਕਾਂ ਦਾ ਗਲ ਘੁੱਟ ਲਉ ਘੁੱਟ ਲਉ।
'ਸਫ਼ਰੀ' ਆਖੇ ਕੋਰੀ ਕੋਰੀ।
ਹਰ ਦਫ਼ਤਰ ਵਿਚ ਰਿਸ਼ਵਤ-ਖੋਰੀ।
ਇਹ ਨਹੀਂ ਲਹਿਣਾ ਗਲੋਂ ਗੁਲਾਵਾਂ,
ਬਚੋ ਬਚੋ !

# ਤਲੀ ਦੇ ਉਤੇ ਜਿੰਦ ਰੱਖ ਕੇ

ਸਾਨੂੰ ਦੇਸ਼ ਦੇ ਸ਼ਹੀਦਾਂ ਨੇ ਬਚਾਇਆ,
ਤਲੀ ਦੇ ਉਤੇ ਜਿੰਦ ਰੱਖਕੇ।
ਕੀਤਾ ਜ਼ਾਲਮਾਂ ਦਾ ਹਿੰਦ 'ਚੋਂ ਸਫਾਇਆ,
ਤਲੀ ਦੇ ਉਤੇ ਜਿੰਦ ਰੱਖਕੇ।

ਤੱਤੀ ਤੱਤੀ ਤਵੀ ਤੇ ਸਮਾਧੀ ਗੁਰਾਂ ਲਾਈ ਏ।
ਤੱਤੀ ਤੱਤੀ ਰੇਤ ਵਿਚ ਕੇਸਾਂ ਦੇ ਪੁਆਈ ਏ।
ਬੜਾ ਹੀ ਕਠਨ ਇਹ ਸ਼ਹੀਦੀ ਵਾਲਾ ਰਾਹ ਸਾਨੂੰ,
ਪੰਜਵੇਂ ਗੁਰੂ ਨੇ ਦਿਖਲਾਇਆ।
ਤਲੀ ਦੇ ਉਤੇ ਜਿੰਦ ਰੱਖਕੇ।

ਨਾਵੇਂ ਗੁਰੂ ਪਾਸ ਆਏ ਹਿੰਦੂ ਕਸ਼ਮੀਰ ਦੇ।
ਵਾਹੋ ਦਾਹੀ ਪਿੱਟਦੇ ਕਲੇਜਿਆਂ ਨੂੰ ਚੀਰਦੇ।
ਆਂਦਰਾਂ ਦੀ ਡੋਰ ਵੱਟ ਪੰਡਤਾ ਜਨੇਊ ਤੇਰੈ,
ਗੁਰੂ ਜੀ ਨੇ ਗਲ ਵਿਚ ਪਾਇਆ।
ਤਲੀ ਦੇ ਉਤੇ ਜਿੰਦ ਰੱਖਕੇ।

ਉਬਲਦੀ ਦੇਗ 'ਚ ਉਬਾਲੇ ਕੋਈ ਖਾ ਗਿਆ।
ਆਰੇ ਥੱਲੇ ਆ ਕੇ ਕੋਈ ਤਨ ਚਰਵਾ ਗਿਆ।
ਭੱਠ ਵਿਚ ਭੁੱਜਾ ਕੋਈ ਜੰਡ 'ਨਾ ਜਲਾਇਆ ਗਿਆ।
ਸਿੱਖੀ ਵਾਲਾ ਸਿਦਕ ਨਿਭਾਇਆ।
ਤਲੀ ਦੇ ਉਤੇ ਜਿੰਦ ਰੱਖਕੇ।

ਸਜਦੇ ਕਰੋ ਜਾ ਸਰਹੰਦ ਦੀ ਦੀਵਾਰ ਨੂੰ।
ਭੁੱਲਣਾ ਨੀ 'ਸ਼ਫ਼ਰੀ' ਅਜੀਤ ਤੇ ਜੁਝਾਰ ਨੂੰ।
ਵਾਰਿਆ ਕੁਟੰਬ ਸਾਰਾ ਪਿਤਾ ਦਸਮੇਸ਼ ਜੀ ਨੇ,
ਵੱਟ ਨੀ ਮੱਥੇ ਦੇ ਉਤੇ ਪਾਇਆ।
ਤਲੀ ਦੇ ਉਤੇ ਜਿੰਦ ਰੱਖਕੇ।



ਚਰਨ ਸਿੰਘ 'ਸਫਰੀ'

ISBN 81-7601-634-9